Digitized by Arya Samaj Foundation Chennai and eGangotri

ਪੰਜਾਬੀ ਕਵਿਤਾ ਵਿਚ ਰਾਸ਼ਟਰਵਾਦ

ਡਾ. ਹਿਰਦੇ ਜੀਤ ਭੋਗਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7725

Fo[illegible]d free of Cost, and with the
C[illegible]ts of Deptt. of Education,
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕਹਾਣੀ ਵਿਚ ਰਾਸ਼ਟਰਵਾਦ

पुस्तकालय
पुस्तकालय
7725 DONATION
Forwarded free of Cost, and with the Compliments of Deptt. of Education, Govt. of India, New Delhi.

ਡਾ. ਹਿਰਦੇਜੀਤ ਸਿੰਘ ਭੋਗਲ

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ
ਲੁਧਿਆਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Nationalism in Punjabi Short Story
Dr. Hirdejit Singh Bhogal
M.A. Ph. D
Deptt. of Panjabi
B.U.C, College, Batala

© ਹਿਰਦੇਜੀਤ ਸਿੰਘ ਭੋਗਲ

1992

ਮੁੱਲ : 75 ਰੁਪਏ

ਰੂਪਕਾਰ : ਹਿਰਦੇਜੀਤ ਸਿੰਘ

ਪ੍ਰਾਪਤੀ ਸਥਾਨ

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ

42, ਗੁਰੂ ਤੇਗ਼ ਬਹਾਦਰ ਨਗਰ
ਅੰਮ੍ਰਿਤਸਰ-143002

345-ਏ ਮਾਡਲ ਟਾਊਨ, ਐਕਸ.
ਲੁਧਿਆਣਾ-2

ਛਾਪਕ

ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕ ਪੁਰਾ, ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with the
Compliments of Deptt. of Education,
Govt. of India, New Delhi.
DONATION

ਸਮੱਰਪਣ

ਉਨ੍ਹਾਂ ਪੰਜਾਬੀ ਸਾਹਿਤਕਾਰਾਂ
ਦੇ ਨਾਮ,
ਜਿਨ੍ਹਾਂ ਨੇ
ਚੰਗੀਆਂ ਕਦਰਾਂ-ਕੀਮਤਾਂ
ਦੀ ਸਥਾਪਤੀ ਲਈ
ਜੀਵਨ ਸੰਘਰਸ਼ ਦੇ ਨਾਲ ਨਾਲ
ਸਾਹਿਤ ਸਿਰਜਣਾ ਵੀ ਕੀਤੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਦੀਆਂ ਹੋਰ ਪੁਸਤਕਾਂ :

- ਪੰਜਾਬ ਦੇ ਚਿੱਤਰਕਾਰ
- ਭਾਰਤੀ ਸਾਹਿਤ ਵਿਚ ਰਾਸ਼ਟਰਵਾਦ
- ਸ਼ਾਮ ਰੰਗ ਦੇ ਲੋਕ (ਸਫ਼ਰਨਾਮਾ)
- ਸਾਵੇ ਪੱਤਰ — ਇਕ ਅਧਿਅਨ
- ਮੁਸਾਫ਼ਰ ਦੀ ਪੰਜਾਬੀ ਕਹਾਣੀ ਨੂੰ ਦੇਣ
- ਦੱਸ ਗੱਪੀ (ਬੱਚਿਆਂ ਲਈ ਕਹਾਣੀਆਂ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੱਤਕਰਾ

ਮੁੱਖ ਸ਼ਬਦ 7-8

1. ਰਾਸ਼ਟਰਵਾਦ ਕੀ ਹੈ ? 9-14

2. ਭਾਰਤ ਵਿਚ ਰਾਸ਼ਟਰਵਾਦੀ ਚੇਤਨਾ ਦਾ ਵਿਕਾਸ 15-42

ਧਾਰਮਕ ਪੁਨਰ-ਜਾਗਰਤੀ ਦਾ ਯੁੱਗ 18
ਭਾਰਤ ਵਿਚ ਸੁਤੰਤਰਤਾ ਸੰਗਰਾਮ 25
ਸੁਤੰਤਰ ਭਾਰਤ ਵਿਚ ਰਾਸ਼ਟਰੀ ਚੇਤਨਾ 40

3. ਪੰਜਾਬੀ ਕਹਾਣੀ ਵਿਚ ਰਾਟਸ਼ਰਵਾਦ
(1900 ਤੋਂ 1947 ਈ: ਤੱਕ) 43-86

ਧਾਰਮਕ ਪੁਨਰ-ਜਾਗਰਤੀ ਤੇ ਪੰਜਾਬੀ ਕਹਾਣੀ 46
ਅਛੂਤ ਉਧਾਰ ਤੇ ਪੰਜਾਬੀ ਕਹਾਣੀ 51
ਫ਼ਿਰਕੂ ਫ਼ਸਾਦ ਤੇ ਪੰਜਾਬੀ ਕਹਾਣੀ 53
ਨਾਰੀ ਉਧਾਰ ਤੇ ਪੰਜਾਬੀ ਕਹਾਣੀ 55
ਆਰਥਕ ਚੇਤਨਾ ਤੇ ਪੰਜਾਬੀ ਕਹਾਣੀ 57
ਸੁਤੰਤਰਤਾ ਸੰਗਰਾਮ ਤੇ ਪੰਜਾਬੀ ਕਹਾਣੀ 63
ਸਵਾਰਥੀ ਲੋਕ ਤੇ ਪੰਜਾਬੀ ਕਹਾਣੀ 77
ਜੇਲ੍ਹ-ਜੀਵਨ ਤੇ ਪੰਜਾਬੀ ਕਹਾਣੀ 80
ਬਦੇਸ਼ੀ ਕਹਾਣੀਆਂ ਦੇ ਪੰਜਾਬੀ ਅਨੁਵਾਦ 84

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਪੰਜਾਬੀ ਕਹਾਣੀ ਵਿਚ ਰਾਸ਼ਟਰਵਾਦ
(1947 ਤੋਂ 1960 ਈ: ਤੱਕ) 87-108

ਫ਼ਿਰਕਾ-ਪ੍ਰਸਤੀ ਦਾ ਵਿਰੋਧ ਤੇ ਪੰਜਾਬੀ ਕਹਾਣੀ 89
ਸੁਤੰਤਰ ਭਾਰਤ ਤੋਂ ਨਿਰਾਸ਼ ਲੋਕ ਤੇ ਪੰਜਾਬੀ ਕਹਾਣੀ 95
ਸੁਤੰਤਰਤਾ ਸੰਗਰਾਮ ਦੀ ਯਾਦ ਤਾਜ਼ਾ ਰੱਖਣ ਦਾ ਯਤਨ 103
ਸਮਾਜਕ ਕ੍ਰਾਂਤੀ ਲਈ ਸੰਘਰਸ਼ ਤੇ ਪੰਜਾਬੀ ਕਹਾਣੀ 109

5. ਸੰਖੇਪ ਸਮੀਖਿਆ 119-123

6. ਚੋਣਵੀਂ ਪੁਸਤਕ ਸੂਚੀ 125-131

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਖ ਸ਼ਬਦ

ਅੰਗਰੇਜ਼ੀ ਰਾਜ-ਕਾਲ ਵਿਚ ਭਾਰਤ ਵਿਚ ਜੋ ਰਾਜਨੀਤਕ, ਸਮਾਜਕ ਤੇ ਸਭਿਆਚਾਰਕ ਜਾਗਰਤੀ ਪੈਦਾ ਹੋਈ, ਉਸ ਨੂੰ ਅਸੀਂ ਭਾਰਤੀ ਰਾਸ਼ਟਰ ਦੀ ਆਪਣੇ ਆਪ ਦੀ ਪਛਾਣ ਅਤੇ ਆਪਣੀ ਹੋਣੀ ਆਪ ਬਣਾਉਣ ਦੀ ਚੇਸ਼ਟਾ ਕਹਿ ਸਕਦੇ ਹਾਂ। ਇਸ ਜਾਗਰਤੀ ਅਧੀਨ ਧਰਮਾਂ ਦੀ ਪੁਨਰ-ਪੜਤਾਲ ਹੋਈ, ਇਸਤਰੀਆਂ ਤੇ ਅਛੂਤਾਂ ਦੇ ਉਧਾਰ ਲਈ ਯਤਨ ਹੋਏ; ਸੁਤੰਤਰਤਾ ਦੀ ਪ੍ਰਾਪਤੀ ਦੇ ਨਾਲ ਨਾਲ ਸਮਾਜਵਾਦੀ ਆਰਥਕ ਵਿਕਾਸ ਵਲ ਵਧਣ ਲਈ ਵਿਚਾਰ ਅਤੇ ਸੰਘਰਸ਼ ਪੈਦਾ ਹੋਏ। ਇਹ ਸਭ ਤਬਦੀਲੀਆਂ ਭਾਰਤ ਵਿਚ ਰਾਸ਼ਟਰਵਾਦੀ ਚੇਤਨਾ ਦੇ ਵਿਕਾਸ ਦੀਆਂ ਦਿਸ਼ਾਵਾਂ ਉਜਾਗਰ ਕਰਦੀਆਂ ਹਨ।

ਇਸ ਜਾਗਰਤੀ ਨੇ ਸਮੁੱਚੇ ਭਾਰਤੀ ਸਾਹਿਤ ਨੂੰ ਰਾਸ਼ਟਰਵਾਦੀ ਕਦਰਾਂ-ਕੀਮਤਾਂ ਵਾਲੀ ਵਸਤੂ-ਸਮੱਗਰੀ ਪ੍ਰਦਾਨ ਕੀਤੀ। ਪੰਜਾਬੀ ਵਿਚ ਰਾਸ਼ਟਰ-ਵਾਦੀ ਭਾਵਨਾਵਾਂ ਨੂੰ ਪ੍ਰਤਿਬਿੰਬਤ ਕਰਨ ਵਾਲੇ ਸਾਹਿਤ ਵਿਚ ਕਹਾਣੀ ਦਾ ਮੁਖ ਸਥਾਨ ਹੈ। ਇਸ ਗੱਲ ਨੂੰ ਧਿਆਨ ਵਿਚ ਰਖਦਿਆਂ, ਇਹ ਹੱਥਲੀ ਪੁਸਤਕ 1960 ਤੋਂ ਪਹਿਲਾਂ ਲਿਖੀ ਗਈ ਪੰਜਾਬੀ ਕਹਾਣੀ ਵਿਚ ਮਿਲਦੀ ਰਾਸ਼ਟਰੀ ਚੇਤਨਤਾ ਦਾ ਲੇਖਾ ਜੋਖਾ ਕਰਦੀ ਹੈ। ਇਹ ਅਧਿਐਨ ਸਿਧ ਕਰਦਾ ਹੈ ਕਿ ਸਮੁੱਚੇ ਭਾਰਤੀ ਸਾਹਿਤ ਵਾਂਗ ਪੰਜਾਬੀ ਕਹਾਣੀ ਨੇ ਵੀ ਰਾਸ਼ਟਰਵਾਦੀ ਕਦਰਾਂ ਨੂੰ ਪ੍ਰਸਾਰਣ ਵਿਚ ਹਮੇਸ਼ਾਂ ਵੱਧ ਚੜ੍ਹ ਕੇ ਹਿੱਸਾ ਪਾਇਆ ਹੈ।

ਰਾਸ਼ਟਰਵਾਦ ਦਾ ਆਧੁਨਿਕ ਸੰਕਲਪ ਯੂਰਪ ਤੇ ਅਮਰੀਕਾ ਵਿਚ ਪਹਿਲਾਂ ਪੈਦਾ ਹੋਇਆ ਤੇ ਪਿਛੋਂ ਦੁਨੀਆਂ ਭਰ ਦੇ ਰਾਸ਼ਟਰਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੈਲਿਆ। ਇਸ ਲਈ ਮੇਰੀ ਇੱਛਾ ਸੀ ਕਿ ਕੁਝ ਪੱਛਮੀ ਦੇਸ਼ਾਂ ਦੇ ਰਾਸ਼ਟਰ-ਵਾਦ ਦੀਆਂ ਮਿਸਾਲਾਂ ਵਿਸਥਾਰ ਨਾਲ ਵਿਚਾਰੀਆਂ ਜਾਂਦੀਆਂ, ਜਿਸ ਤੋਂ ਪਤਾ ਚਲਦਾ ਕਿ ਕਿਵੇਂ ਰਾਸ਼ਟਰਵਾਦ ਨਵੀਂ ਉੱਠੀ ਬੁਰਜੂਆਜ਼ੀ ਦੀ ਰਾਜਨੀਤਕ ਸ਼ਕਤੀ ਪ੍ਰਾਪਤ ਕਰਨ ਦੀ ਤਾਂਘ ਵਿਚੋਂ ਪੈਦਾ ਹੁੰਦਾ ਹੈ, ਤੇ ਕਿਵੇਂ ਇਹ ਵਿਕਾਸ ਕਰਦਾ ਹੈ। ਪਰ ਪੁਸਤਕ ਵਿਚ ਸਾਹਿਤ-ਸਾਮੱਗਰੀ ਤੇ ਇਤਿਹਾਸ-ਸਮੱਗਰੀ ਦਾ ਸੰਤੁਲਨ ਕਾਇਮ ਰੱਖਣ ਲਈ ਇਥੇ ਕੇਵਲ ਰਾਸ਼ਟਰਵਾਦ ਦਾ ਸਿਧਾਂਤਕ ਪੱਖ ਸੰਖੇਪ ਰੂਪ ਵਿਚ ਵਿਚਾਰਿਆ ਗਿਆ ਹੈ।

ਸਾਹਿਤ ਨੂੰ ਇਤਿਹਾਸਕ ਸੰਦਰਭ ਵਿਚ ਰੱਖ ਕੇ ਸਮਝਣ ਲਈ ਵੀ, ਇਸ ਪੁਸਤਕ ਵਿਚ ਭਾਰਤੀ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਤੇ ਰਾਸ਼ਟਰੀ ਚੇਤਨਤਾ ਦੀਆਂ ਦੂਜੀਆਂ ਦਿਸ਼ਾਵਾਂ ਸੰਬੰਧੀ ਅਤਿ ਲੋੜੀਂਦਾ ਵੇਰਵਾ ਦਿੱਤਾ ਗਿਆ ਹੈ। ਇਹ ਵੇਰਵਾ ਦਿੰਦਿਆਂ ਇਸ ਗੱਲ ਦਾ ਖ਼ਿਆਲ ਰੱਖਿਆ ਗਿਆ ਹੈ ਕਿ ਅਜਿਹੀਆਂ ਇਤਿਹਾਸਿਕ ਘਟਨਾਵਾਂ ਦਾ ਵੇਰਵਾ ਨਾ ਦਿੱਤਾ ਜਾਏ ਜਿਨ੍ਹਾਂ ਦਾ ਅਕਸ ਪੰਜਾਬੀ ਸਾਹਿਤ ਵਿਚ ਨਹੀਂ ਮਿਲਦਾ।

ਮੇਰਾ ਇਹ ਵਿਸ਼ਾ ਵਿਸ਼ਾਲ ਘੇਰੇ ਵਾਲਾ ਹੈ। ਇਸੇ ਲਈ ਮੈਨੂੰ ਇਹ ਗੱਲ ਪ੍ਰਵਾਨ ਕਰਦਿਆਂ ਕੋਈ ਝਿਜਕ ਨਹੀਂ ਕਿ ਮੇਰੀ ਇਹ ਖੋਜ ਨਾ-ਮੁਕੰਮਲ ਹੈ। ਇਸ ਵਿਸ਼ੇ ਉਤੇ ਅਜੇ ਹੋਰ ਬਹੁਤ ਕੰਮ ਕੀਤਾ ਜਾ ਸਕਦਾ ਹੈ।

ਹਿਰਦੇ ਜੀਤ ਸਿੰਘ ਭੋਗਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲਾ ਅਧਿਆਇ

ਰਾਸ਼ਟਰਵਾਦ ਕੀ ਹੈ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਸ਼ਟਰਵਾਦ ਕੀ ਹੈ?

ਰਾਸ਼ਟਰਵਾਦ ਦਾ ਸੰਕਲਪ ਆਧੁਨਿਕ ਯੁੱਗ ਦੀ ਦੇਣ ਹੈ, ਭਾਵੇਂ ਰਾਸ਼ਟਰਵਾਦ ਦੀਆਂ ਕੁੱਝ ਮੱਧਮ ਵੰਨਗੀਆਂ ਪਹਿਲਾਂ ਦੇ ਸੰਸਾਰ-ਇਤਿਹਾਸ ਵਿਚ ਵੀ ਮਿਲਦੀਆਂ ਹਨ। ਆਧੁਨਿਕ ਰਾਸ਼ਟਰਾਂ ਦੇ ਜਨਮ ਤੋਂ ਪਹਿਲਾਂ ਛੋਟੇ ਵੱਡੇ 'ਸਥਾਨਕ ਰਾਜ' ਸਥਾਪਤ ਸਨ ਜਿਨ੍ਹਾਂ ਦੇ ਵਾਸੀ ਆਪਣੀ ਜਾਤੀ, ਧਰਮ, ਪਿੰਡ ਜਾਂ ਸ਼ਹਿਰ ਪ੍ਰਤੀ ਸ਼ਰਧਾ ਅਤੇ ਵਫ਼ਾਦਾਰੀ ਨਾਲ ਵਾਰ ਵਾਰ ਦੂਜੇ ਰਾਜ ਦੇ ਵਾਸੀਆਂ ਨਾਲ ਸੰਘਰਸ਼ ਕਰਦੇ ਸਨ। ਇਹ ਉਨ੍ਹਾਂ ਵਿਚਲੀ 'ਵਤਨ' ਦੀ ਚੇਤਨਾ ਦਾ ਮੁੱਢਲਾ ਸਬੂਤ ਸੀ। ਵਿਦਵਾਨਾਂ ਨੇ ਇਸ ਨੂੰ 'ਪੂਰਵ-ਰਾਸ਼ਟਰਵਾਦ' (Pre-Nationalism) ਦਾ ਨਾਮ ਦਿੱਤਾ ਹੈ।

ਆਧੁਨਿਕ ਯੁੱਗ ਵਿਚ ਰਾਸ਼ਟਰਵਾਦ ਦਾ ਸੰਕਲਪ ਵਿਸ਼ਾਲ ਹੋ ਗਿਆ। ਇਹ ਆਧੁਨਿਕ ਸੰਕਲਪ ਇੰਗਲੈਂਡ, ਇਟਲੀ, ਜਰਮਨੀ ਤੇ ਫ਼ਰਾਂਸ ਵਿਚ ਚਲਦੇ ਰਹੇ ਰਾਸ਼ਟਰਵਾਦੀ ਸੰਘਰਸ਼ ਦੌਰਾਨ ਨਿਖਰ ਕੇ ਸਾਹਮਣੇ ਆਇਆ। ਉਪਰੋਕਤ ਰਾਸ਼ਟਰਾਂ ਦਾ ਪਿੱਛਲੀਆਂ ਕਈ ਸਦੀਆਂ ਦਾ ਇਤਿਹਾਸ ਗਵਾਹੀ ਭਰਦਾ ਹੈ ਕਿ ਰਾਸ਼ਟਰਵਾਦ ਪੂੰਜੀਵਾਦੀ ਯੁੱਗ ਦੀ ਉਪਜ ਹੁੰਦਾ ਹੈ। ਪੂੰਜੀਵਾਦੀ ਯੁੱਗ ਵਿਚ ਪਹਿਲਾਂ ਰਾਜ ਦੀ ਵਾਗ-ਡੋਰ ਮੱਧ-ਵਰਗ (ਬੁਰਜੁਆਜ਼ੀ) ਦੇ ਹੱਥ ਹੁੰਦੀ ਹੈ। ਇਹ ਰਾਜਾਵਾਦੀ ਤੇ ਜਾਗੀਰਦਾਰੀ ਸ਼ਕਤੀਆਂ ਨੂੰ ਪਛਾੜ ਕੇ ਅਗਾਂਹ-ਵਧੂ ਭੂਮਿਕਾ ਨਿਭਾਉਂਦੀ ਹੈ। ਆਪਣੇ ਨਿਜੀ ਲਾਭਾਂ ਦੀ ਖ਼ਾਤਰ 'ਦੇਸ਼' ਨੂੰ ਭੂਗੋਲਕ ਤੇ ਆਰਥਕ ਤੌਰ 'ਤੇ ਇਕੱਠਾ ਹੀ ਨਹੀਂ ਕਰਦੀ, ਸਗੋਂ ਸਮਾਜ ਵਿਚ ਕਈ ਨਵੀਆਂ ਖੁੱਲ੍ਹਾਂ ਅਤੇ ਤਰੱਕੀ ਕਰਨ ਦੇ ਨਵੇਂ ਮੌਕੇ ਪੈਦਾ ਕਰਦੀ ਹੈ। ਪਰ ਹੌਲੀ ਹੌਲੀ ਮੁਨਾਫ਼ੇ ਦੀ ਹਿਰਸ ਮੱਧ-ਵਰਗ ਨੂੰ ਇੱਨਾ ਲਾਲਚੀ ਬਣਾਉਂਦੀ ਹੈ ਕਿ ਇਹ ਮਜ਼ਦੂਰ ਸ਼੍ਰੇਣੀ ਦਾ ਲਹੂ ਪੀਣ ਵਾਲੀ ਜਮਾਤ ਬਣ ਜਾਂਦੀ ਹੈ। ਮਜ਼ਦੂਰ ਸ਼੍ਰੇਣੀ ਅਤੇ ਮੱਧ-ਵਰਗ ਦਾ ਮਾਨਵਵਾਦੀ ਭਾਗ, ਇਸ ਦੇ ਵਿਰੁਧ ਅੰਦੋਲਨ ਕਰਦੇ ਹਨ। ਸੱਤਾਧਾਰੀ ਮੱਧ-ਵਰਗ ਨੂੰ ਫਿਰ ਮਜਬੂਰ ਹੋ ਕੇ ਮਜ਼ਦੂਰਾਂ, ਔਰਤਾਂ ਅਤੇ ਕਿਸਾਨਾਂ ਦੇ ਕਾਨੂੰਨੀ ਅਧਿਕਾਰ ਸਵੀਕਾਰਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਂਦੇ ਹਨ, ਅਤੇ ਉਹਨਾਂ ਨੂੰ ਲੋੜੀਂਦੀ ਆਰਥਕ ਸੁਰੱਖਿਆ ਦੇਣ ਲਈ ਵੀ ਮਜਬੂਰ ਹੋਣਾ ਪੈਂਦਾ ਹੈ।

ਮੱਧ-ਕਾਲ ਤੋਂ ਆਧੁਨਿਕ ਕਾਲ ਵੱਲ ਪ੍ਰਵੇਸ਼ ਦੀ ਇਕ ਨਿਸ਼ਾਨੀ ਹੁੰਦੀ ਹੈ — ਧਾਰਮਕ ਅੰਧ-ਵਿਸ਼ਵਾਸ਼ਾ ਤੋਂ ਛੁਟਕਾਰਾ। ਮੱਧ-ਵਰਗ ਇਸ ਮਨੋਰਥ ਲਈ ਪੁਨਰ-ਜਾਗਰਤੀ ਦੀਆਂ ਲਹਿਰਾਂ ਵੀ ਚਲਾਉਂਦਾ ਹੈ। ਸੰਸਾਰ ਭਰ ਦੇ ਮੁੱਢਲੇ ਰਾਸ਼ਟਰਾਂ ਵਿਚ ਇਉਂ ਹੀ ਹੋਇਆ ਹੈ।

ਇਸ ਦੇ ਨਾਲ ਨਾਲ ਮੱਧ-ਵਰਗ ਕੌਮ ਦੀ ਭੂਗੋਲਿਕ ਏਕਤਾ ਉਤੇ ਜ਼ੋਰ ਦਿੰਦਾ ਹੈ, ਅਤੇ ਆਪਣੇ ਰਾਸ਼ਟਰ ਨੂੰ ਦੂਜੇ ਰਾਸ਼ਟਰਾਂ ਤੋਂ ਵੱਖਰਾ ਸਾਬਤ ਕਰਨ ਲਈ ਸਭਿਆਚਾਰਕ ਉੱਚਤਾ, ਇਤਿਹਾਸਕ ਗੌਰਵ, ਭਾਸ਼ਾਈ ਤੇ ਧਾਰਮਕ ਏਕਤਾ ਦੀ ਗੱਲ ਕਰਦਿਆ ਸਾਹਿਤ ਦਾ ਵੀ ਇਸੇ ਉਦੇਸ਼ ਨਾਲ ਪ੍ਰਯੋਗ ਕਰਦਾ ਹੈ।

ਰਾਸ਼ਟਰਵਾਦ ਦੇ ਵਿਗੜੇ ਹੋਏ ਰੂਪ ਸਾਮਰਾਜਵਾਦ (ਬਸਤੀਵਾਦ) ਅਤੇ ਫ਼ਾਸ਼ੀਵਾਦ ਹਨ। ਜਦੋਂ ਮੱਧ-ਸ਼੍ਰੇਣੀ ਦੀਆਂ ਪਦਾਰਥਕ ਤੇ ਆਰਥਕ ਰੁਚੀਆਂ ਬਹੁਤ ਤੀਬਰ ਹੋ ਜਾਂਦੀਆਂ ਹਨ ਤੇ ਰਾਸ਼ਟਰ ਦੇ ਜਨੂੰਨੀ ਤੇ ਲਾਲਚੀ ਨੇਤਾ ਰਾਸ਼ਟਰ ਨੂੰ ਗੁੰਮਰਾਹ ਕਰਦੇ ਹਨ। ਅਜਿਹੀਆਂ ਆਰਥਕ ਸ਼ਕਤੀਆਂ ਨੇ ਹੀ ਜਰਮਨੀ ਤੇ ਇਟਲੀ ਵਿਚ 'ਫ਼ਾਸ਼ੀਵਾਦ' ਨਾਮ ਹੇਠ ਰਾਸ਼ਟਰਵਾਦ ਦਾ ਵਿਗੜਿਆ ਰੂਪ ਸਾਹਮਣੇ ਲਿਆਂਦਾ। ਇਨ੍ਹਾਂ ਰਾਸ਼ਟਰਾਂ ਨੇ ਆਪਣੇ ਆਪ ਨੂੰ 'ਉਚੇਰਾ ਰਾਸ਼ਟਰ' ਦਸ ਕੇ ਦੂਜੇ ਰਾਸ਼ਟਰਾਂ ਨੂੰ ਅਧੀਨ ਕਰਨ ਦਾ ਯਤਨ ਕੀਤਾ।

ਪੂੰਜੀਵਾਦੀ ਯੁੱਗ ਵਿਚ ਯੂਰਪ ਦੇ ਉਦਯੋਗਪਤੀਆਂ ਨੇ ਆਪਣੇ ਕਾਰਖ਼ਾਨਿਆਂ ਦਾ ਮਾਲ ਵੇਚਣ ਲਈ ਅਤੇ ਵਪਾਰੀਆਂ ਨੇ ਬਹੁਤ ਮੁਨਾਫ਼ਾ ਕਮਾਉਣ ਲਈ ਦੂਜੇ ਮਹਾਂ-ਦੀਪਾਂ ਵਿਚ ਆਪਣੀਆਂ ਮੰਡੀਆਂ ਬਣਾਈਆਂ। ਇਨ੍ਹਾਂ ਮੰਡੀਆਂ ਦੀ ਰਾਖੀ ਲਈ ਫ਼ੌਜਾਂ ਖੜੀਆਂ ਕੀਤੀਆਂ, ਤੇ ਇਨ੍ਹਾਂ ਫ਼ੌਜਾਂ ਦੀ ਸਹਾਇਤਾ ਨਾਲ ਇਹ ਬੇਗਾਨੇ ਦੇਸ਼ ਜਿੱਤ ਲਏ। ਇਹ ਜਿੱਤੇ ਹੋਏ ਦੇਸ ਯੂਰਪੀਨ ਪੂੰਜੀਵਾਦੀ ਕੌਮਾਂ ਦੀਆਂ 'ਬਸਤੀਆਂ' ਕਹਾਏ। ਕਈ ਕਈ ਦੇਸ਼ਾਂ ਵਿਚ ਬਸਤੀਆਂ ਬਨਾਉਣ ਵਾਲੇ ਰਾਸ਼ਟਰ 'ਸਾਮਰਾਜ' ਕਹਾਏ। ਭਾਰਤ ਨੂੰ ਬਸਤੀ ਬਨਾਉਣ ਦਾ ਯਤਨ ਫ਼ਰਾਂਸ, ਬੈਲਜੀਅਮ, ਹਾਲੈਂਡ, ਪੁਰਤਗਾਲ ਤੇ ਇੰਗਲੈਂਡ ਨੇ ਇੱਕੋ ਸਮੇਂ ਕੀਤਾ। ਪਰ ਆਖ਼ਰ ਅੰਗਰੇਜ਼ ਸਾਮਰਾਜ ਭਾਰਤ ਨੂੰ ਆਪਣੀ ਬਸਤੀ ਬਨਾਉਣ ਵਿਚ ਸਫਲ ਹੋ ਗਿਆ। ਅੰਗਰੇਜ਼ਾਂ ਨੇ ਭਾਰਤ ਉੱਤੇ ਤਿੰਨ ਸੌ ਸਾਲ ਰਾਜ ਕੀਤਾ। ਇਸ ਤੋਂ ਬਿਅੰਤ ਧਨ ਕਮਾਇਆ।

ਯੂਰਪੀਨ ਰਾਸ਼ਟਰਾਂ ਦੀਆਂ ਬਸਤੀਆਂ ਬਣੇ ਦੇਸ਼ਾਂ ਵਿਚ ਸੁਤੰਤਰਤਾ ਸੰਗਰਾਮ ਸ਼ੁਰੂ ਹੋਏ। ਭਾਰਤ ਵਿਚ ਅੰਗਰੇਜ਼ੀ ਰਾਜ-ਕਾਲ ਵਿਚ ਗ਼ੁਲਾਮੀ ਵਿਰੁੱਧ ਲੜਾਈ ਪਹਿਲਾਂ ਪਹਿਲਾਂ ਹਾਰੀ ਹੋਈ ਰਾਜਾ-ਜਾਗੀਰਦਾਰ ਸ਼੍ਰੇਣੀ ਨੇ ਸ਼ੁਰੂ ਕੀਤੀ, ਜਿਵੇਂ 1857 ਈ: ਦੇ ਗ਼ਦਰ ਵਿਚ ਹੋਇਆ। ਪਰ ਭਾਰਤ ਵਿਚ ਅਸਲ ਰਾਸ਼ਟਰਵਾਦ ਨਵੀਂ ਪੈਦਾ ਹੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੱਧ-ਸ਼੍ਰੇਣੀ ਨੇ ਪੈਦਾ ਕੀਤਾ । ਅੰਗਰੇਜ਼ਾਂ ਤੋਂ ਵਿਦਿਆ ਅਤੇ ਗਿਆਨ ਪ੍ਰਾਪਤ ਕਰ ਕੇ ਅਤੇ ਉਨ੍ਹਾਂ ਵਾਂਗ ਹੀ ਉਦਯੋਗ ਤੇ ਵਪਾਰ ਚਲਾ ਕੇ, ਭਾਰਤ ਵਿਚ ਦੇਸੀ ਬੁਰਜੁਆਜ਼ੀ ਪੈਦਾ ਹੋਈ । ਇਸ ਨੇ 'ਭਾਰਤ ਇਕ ਰਾਸ਼ਟਰ ਹੈ' ਅਤੇ 'ਸੁਤੰਤਰਤਾ ਸਾਡਾ ਜਮਾਂਦਰੂ ਅਧਿਕਾਰ ਹੈ' ਦਾ ਨਾਅਰਾ ਲਾਇਆ । ਇਉਂ ਭਾਰਤ 1947 ਈ: ਵਿੱਚ ਸੁਤੰਤਰ ਰਾਸ਼ਟਰ ਬਣ ਗਿਆ ।

ਪਰ ਭਾਰਤੀ ਰਾਸ਼ਟਰਵਾਦ ਪੂਰੀ ਤਰ੍ਹਾਂ ਸਫਲ ਨਹੀਂ ਹੋਇਆ । ਵੱਖ ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕ ਰਾਸ਼ਟਰ-ਭਾਵਨਾ ਨਾਲ ਪੂਰੀ ਤਰ੍ਹਾਂ ਜੁੜੇ ਨਹੀਂ । ਇਸ ਦੇ ਪਿੱਛੇ ਇਤਿਹਾਸਕ ਕਾਰਨ ਵੀ ਹਨ, ਪਰ ਮੁਖ ਕਾਰਨ ਆਰਥਕ ਨਾ-ਬਰਾਬਰੀ ਅਤੇ ਆਪਸੀ ਸਹਿਨ-ਸ਼ੀਲਤਾ ਦੀ ਘਾਟ ਹੈ । ਇਸੇ ਕਰਕੇ ਫ਼ਸਾਦ ਹੁੰਦੇ ਰਹੇ, ਰਾਸ਼ਟਰੀ ਲਹਿਰ ਕਮਜ਼ੋਰ ਹੋਈ, ਦੇਸ਼ ਦੀ ਵੰਡ ਹੋਈ ਤੇ ਹੋਰ ਅਨੇਕਾ ਸਮੱਸਿਆਵਾਂ ਪੈਦਾ ਹੋਈਆਂ, ਜਿਸ ਨਾਲ ਰਾਸ਼ਟਰੀ ਏਕਤਾ ਨੂੰ ਖ਼ਤਰਾ ਬਣਿਆ ।

ਰਾਸ਼ਟਰਵਾਦ ਦੇ ਪਿਛਲੇ ਕਈ ਸੌ ਸਾਲਾ ਇਤਿਹਾਸ ਨੂੰ ਧਿਆਨ ਵਿਚ ਰਖ ਕੇ, ਇਸ ਦੀਆਂ ਮੁਖ ਪ੍ਰਵਿਰਤੀਆਂ ਅਸੀਂ ਇਉਂ ਬਿਆਨ ਕਰ ਸਕਦੇ ਹਾਂ :—

1. ਰਾਸ਼ਟਰਵਾਦ ਕਿਸੇ ਦੇਸ਼ ਵਿੱਚ ਵਸਦੇ ਲੋਕਾਂ ਦਾ ਆਪਣੇ ਦੇਸ਼ ਨੂੰ ਪਿਆਰ ਕਰਨਾ ਅਤੇ ਇਸ ਦੀਆਂ ਸਮੱਸਿਆਵਾਂ ਬਾਰੇ ਫ਼ਿਕਰਮੰਦ ਹੋਣਾ ਹੈ ।

2. ਰਾਸ਼ਟਰਵਾਦ ਦੀ ਅਗਵਾਈ ਰਾਜਿਆਂ ਅਤੇ ਕਿਰਸਾਣਾਂ ਦੇ ਵਿਚਕਾਰ ਪੈਦਾ ਹੁੰਦੀ ਮੱਧ-ਸ਼੍ਰੇਣੀ (ਬੁਰਜੁਆਜ਼ੀ) ਕਰਦੀ ਹੈ । ਇਹ ਰਾਜਿਆਂ ਦੀ ਖ਼ੁਦ-ਮੁਖ਼ਤਾਰੀ ਹਟਾ ਕੇ ਲੋਕ-ਤੰਤਰ ਲਿਆਉਂਦੀ ਹੈ, ਲੋਕਾਂ ਨੂੰ ਖ਼ੁਸ਼ਹਾਲੀ ਪ੍ਰਾਪਤ ਕਰਨ ਦਾ ਮੌਕਾ ਦਿੰਦੀ ਹੈ । ਪਹਿਲਾਂ ਇਹ ਖ਼ੁਸ਼ਹਾਲੀ ਮੱਧ-ਸ਼੍ਰੇਣੀ ਤੱਕ ਸੀਮਤ ਹੁੰਦੀ ਹੈ, ਪਰ ਫੇਰ ਮਜ਼ਦੂਰ ਤੇ ਕਿਰਸਾਣ ਵੀ ਹੱਕ ਮੰਗਦੇ ਹਨ ।

3. ਰਾਸ਼ਟਰਵਾਦ ਪੂੰਜੀਵਾਦੀ ਸੱਭਿਅਤਾ ਵਿੱਚ ਪੈਦਾ ਹੁੰਦਾ ਹੈ । ਇਹ ਯੁੱਗ ਗਿਆਨ-ਵਿਗਿਆਨ ਦੇ ਪਸਾਰ ਦਾ ਯੁੱਗ ਹੈ । ਅਖ਼ਬਾਰਾਂ, ਕਿਤਾਬਾਂ, ਰੇਡੀਓ, ਟੈਲੀਵੀਯਨ ਗਿਆਨ ਦਾ ਹੜ੍ਹ ਲਿਆਉਂਦੇ ਹਨ । ਗੱਡੀਆਂ, ਮੋਟਰਾਂ, ਹਵਾਈ-ਜਹਾਜ਼ ਦੁਨੀਆ ਜੋੜ ਦਿੰਦੇ ਹਨ । ਇਉਂ ਰਾਸ਼ਟਰਵਾਦ ਦੇ ਯੁੱਗ ਵਿਚ ਲੋਕ ਇਕ ਦੂਜੇ ਦੇ ਨੇੜੇ ਆਉਂਦੇ ਹਨ ।

4. ਰਾਸ਼ਟਰਵਾਦ ਵਿਗਾੜ ਵੀ ਪੈਦਾ ਕਰਦਾ ਹੈ । ਇਕ ਰਾਸ਼ਟਰ ਦੂਜੇ ਰਾਸ਼ਟਰ ਨੂੰ ਜਿੱਤਣ ਲਈ ਫ਼ਾਸ਼ੀਵਾਦ ਦਾ ਰੂਪ ਧਾਰ ਸਕਦਾ ਹੈ । ਅਮੀਰ ਰਾਸ਼ਟਰ ਆਪਣਾ ਮਾਲ ਵੇਚਣ ਲਈ ਗ਼ਰੀਬ ਤੇ ਪੱਛੜੇ ਦੇਸ਼ਾਂ ਨੂੰ ਆਪਣੀਆਂ ਮੰਡੀਆਂ ਵੀ ਬਣਾਉਂਦੇ ਹਨ । ਇਸੇ ਕਰਕੇ ਦੁਨੀਆਂ ਭਰ ਦੇ ਰਾਸ਼ਟਰਾਂ ਵਿਚ ਆਪਣਾ ਆਪਣਾ ਹਿੱਤ ਸੁਰੱਖਿਅਤ ਰਖਣ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਵਨਾ ਪੈਦਾ ਹੋ ਚੁੱਕੀ ਹੈ, ਤੇ ਇਸੇ ਲਈ ਸੰਯੁਕਤ-ਰਾਸ਼ਟਰ ਜਿਹੀਆਂ ਜੱਥੇਬੰਦੀਆਂ ਬਣ ਚੁੱਕੀਆਂ ਹਨ।

5. ਰਾਸ਼ਟਰਵਾਦ ਵਿੱਚ, ਪੁਨਰ-ਜਾਗਰਤੀ ਦੀ ਲਹਿਰ ਦੇ ਅਧੀਨ, ਆਪਣਾ ਇਤਿਹਾਸ, ਧਰਮ, ਭਾਸ਼ਾਵਾਂ ਪੜ੍ਹਨ ਅਤੇ ਪੁਨਰ-ਵਿਚਾਰਨ ਦੀ ਰੁੱਚੀ ਪੈਦਾ ਹੁੰਦੀ ਹੈ। ਵੱਖ ਵੱਖ ਧਾਰਮਕ ਸਮੂਹਾਂ ਤੇ ਭਾਸ਼ਾਈ ਸਮੂਹਾਂ ਵਿਚਕਾਰ ਟੱਕਰ ਪੈਦਾ ਹੁੰਦੀ ਹੈ, ਪਰ ਮਨੁੱਖ ਦਾ ਭਲਾ ਇਸੇ ਗੱਲ ਵਿਚ ਹੈ ਕਿ ਇਹ ਟੱਕਰ ਰੋਕੀ ਜਾਵੇ। ਸਭ ਧਰਮਾਂ ਤੇ ਭਾਸ਼ਾਵਾਂ ਨੂੰ ਉੱਨਤ ਹੋਣ ਦਾ ਇੱਕੋ ਜਿਹਾ ਮੌਕਾ ਦਿੱਤਾ ਜਾਵੇ। ਸਭ ਘੱਟ-ਗਿਣਤੀਆਂ ਨਾਲ ਨਿਆਂ ਕੀਤਾ ਜਾਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਸਰਾ ਅਧਿਆਇ

ਭਾਰਤ ਵਿਚ ਰਾਸ਼ਟਰਵਾਦੀ ਚੇਤਨਾ ਦਾ ਵਿਕਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਰਤ ਵਿਚ ਰਾਸ਼ਟਰਵਾਦੀ ਚੇਤਨਾ ਦਾ ਵਿਕਾਸ

ਸੰਸਾਰ ਦੀਆਂ ਹੋਰ ਕੌਮਾਂ ਵਾਂਗ ਪ੍ਰਾਚੀਨ ਭਾਰਤੀਆਂ ਵਿਚ ਵੀ ਆਪਣੀ ਧਰਤੀ ਪ੍ਰਤੀ ਪਿਆਰ ਤੇ ਸ਼ਰਧਾ ਸੀ। ਭਾਰਤੀ ਇਤਿਹਾਸ ਦੇ ਮੁੱਢਲੇ ਦੌਰ ਵਿਚ ਧਰਤੀ ਮਾਤਾ (ਮਾਤਰੀ ਭੂ) ਜਾਂ ਪਵਿੱਤਰ ਧਰਤੀ (ਪੁਨੱਯ ਭੂ) ਲਈ ਭਾਰਤੀ ਲੋਕ ਕੁਰਬਾਨੀ ਦੇਣ ਨੂੰ ਤਿਆਰ ਹੋ ਜਾਂਦੇ ਸਨ। ਵੈਦਿਕ ਕਾਲ ਦਾ ਸਾਹਿਤ ਅਜਿਹੇ ਸ਼ਲੋਕਾਂ ਨਾਲ ਭਰਿਆ ਪਿਆ ਹੈ, ਜਿਨ੍ਹਾਂ ਵਿਚ ਆਰੀਆ ਲੋਕਾਂ ਦੀ ਆਪਣੀ ਧਰਤੀ ਪ੍ਰਤੀ ਸ਼ਰਧਾ ਪ੍ਰਗਟ ਹੁੰਦੀ ਹੈ। 'ਰਿਗਵੇਦ' ਵਿਚ ਇਕ ਪੂਰਾ ਅਧਿਆਇ 'ਪ੍ਰਿਥਵੀ ਸੁਕਤਾ' ਦੇ ਨਾਮ ਹੇਠ ਮਿਲਦਾ ਹੈ, ਜਿਸ ਵਿਚ ਮਾਂ-ਧਰਤੀ ਦੀ ਪ੍ਰਸੰਸਾ ਕੀਤੀ ਗਈ ਹੈ। 'ਰਾਸ਼ਟਰ' ਸ਼ਬਦ ਦਾ ਪ੍ਰਯੋਗ 'ਵਾਯੂ ਪੁਰਾਣ' ਵਿਚ ਵੀ ਲੱਭਦਾ ਹੈ, ਜਿਸ ਵਿਚ ਭਾਰਤ ਦੇ ਮੁਕੰਮਲ ਭੂਗੋਲਕ ਖੇਤਰ ਦਾ ਵੇਰਵਾ ਵੀ ਦਿੱਤਾ ਗਿਆ ਹੈ।[1]

ਇਸੇ ਸਭਿਆਚਾਰਕ ਤੇ ਭੂਗੋਲਕ ਏਕਤਾ ਦਾ ਅਹਿਸਾਸ ਪਿੱਛੋਂ ਸਮੇਂ ਸਮੇਂ ਦੇ ਆਗੂਆਂ ਵਲੋਂ ਵੀ ਕਰਵਾਇਆ ਜਾਂਦਾ ਰਿਹਾ ਹੈ। ਪਰ ਆਧੁਨਿਕ ਰਾਸ਼ਟਰ ਦਾ ਜੋ ਸੰਕਲਪ ਹੈ, ਉਸ ਅਨੁਸਾਰ ਅੰਗਰੇਜ਼ੀ ਕਾਲ ਤੋਂ ਪਹਿਲਾਂ ਦੇ ਭਾਰਤ ਨੂੰ 'ਰਾਸ਼ਟਰ' ਨਹੀਂ ਕਿਹਾ ਜਾ ਸਕਦਾ।[2] ਦੁਨੀਆ ਦੇ ਬਾਕੀ ਰਾਸ਼ਟਰਾਂ ਵਾਂਗ ਭਾਰਤ 'ਰਾਸ਼ਟਰ' ਦਾ ਜਨਮ ਵੀ ਕੁੱਝ ਵਿਸ਼ੇਸ਼ ਹਾਲਾਤ ਵਿਚ ਹੋਇਆ। ਉਹ ਕਿਹੜੇ ਅੰਦਰੂਨੀ ਜਾਂ ਬਾਹਰੀ ਹਾਲਾਤ ਸਨ ਜਿਨ੍ਹਾਂ ਨੇ ਭਾਰਤ ਵਿਚ ਰਾਸ਼ਟਰਵਾਦੀ ਚੇਤਨਾ ਪੈਦਾ ਕੀਤੀ — ਇਹ ਭਾਰਤੀ ਰਾਸ਼ਟਰਵਾਦ ਦਾ ਇਕ ਦਿਲਚਸਪ ਪਹਿਲੂ ਹੈ, ਜੋ ਵਿਸ਼ੇਸ਼ ਅਧਿਐਨ ਦੀ ਮੰਗ ਕਰਦਾ ਹੈ।

---

1. Balraj Madhok — *Indian Natianalism*, p. 32.
2. G.P. Sharma — *Nationlism in Indo-Anglian Fiction*, p. 1.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਾਰਮਕ ਪੁਨਰ-ਜਾਗਰਤੀ ਦਾ ਯੁੱਗ

ਅੰਗਰੇਜ਼ੀ ਰਾਜ ਦੀ ਗ਼ੁਲਾਮੀ ਤੋਂ ਉਦਾਸ ਹੋਏ ਭਾਰਤੀ ਲੋਕਾਂ ਨੇ ਸਭ ਤੋਂ ਪਹਿਲਾਂ ਆਪਣੇ ਵਿਰਸੇ ਦੀ 'ਸ਼ਾਨ' ਚੇਤੇ ਕਰ ਕੇ ਧਰਵਾਸ ਪ੍ਰਾਪਤ ਕਰਨ ਦਾ ਯਤਨ ਕੀਤਾ। ਇਸ ਵਿਰਸੇ ਨੂੰ ਸਾਂਝਾ ਰਾਸ਼ਟਰੀ ਵਿਰਸਾ ਸਮਝਣ ਦੀ ਸੋਝੀ ਅਜੇ ਪੈਦਾ ਨਹੀਂ ਹੋਈ ਸੀ। ਇਸ ਕਰਕੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਇਸ ਨੂੰ ਆਪਣਾ ਆਪਣਾ ਧਾਰਮਕ ਵਿਰਸਾ ਸਮਝ ਕੇ ਹੀ ਧਾਰਮਕ ਪੁਨਰ-ਜਾਗਰਤੀ ਦੀਆਂ ਲਹਿਰਾਂ ਸ਼ੁਰੂ ਕੀਤੀਆਂ। ਇਨ੍ਹਾਂ ਲਹਿਰਾਂ ਨੇ ਧਰਮ ਦੇ ਨਾਮ ਤੇ ਵੱਖਵਾਦ ਨੂੰ ਉਭਾਰਿਆ ਵੀ, ਤਾਂ ਵੀ ਇਨ੍ਹਾਂ ਨੇ ਰਾਸ਼ਟਰਵਾਦੀ ਚੇਤਨਾ ਪੈਦਾ ਕਰਨ ਵੱਲ ਮੁੱਢਲੀ ਭੂਮਿਕਾ ਵੀ ਨਿਭਾਈ।

ਅੰਗਰੇਜ਼ੀ ਸ਼ਾਸਨ ਭਾਰਤ ਵਿਚ ਸ਼ੁਰੂ ਹੁੰਦੇ ਸਾਰ ਇੰਗਲੈਂਡ, ਅਮਰੀਕਾ ਤੇ ਯੂਰਪ ਦੇ ਹੋਰ ਕਈ ਦੇਸ਼ਾਂ ਦੇ ਈਸਾਈ ਪਾਦਰੀ ਯਸੂਹ ਮਸੀਹ ਦਾ ਸੰਦੇਸ਼ 'ਭੁੱਲੇ ਭੱਟਕੇ' ਭਾਰਤੀਆਂ ਨੂੰ ਦੇਣ ਲਈ ਆ ਗਏ। ਵੱਖ ਵੱਖ ਧਰਮਾਂ ਨੂੰ ਮੰਨਣ ਵਾਲੇ ਭਾਰਤੀ, ਖ਼ਾਸ ਤੌਰ 'ਤੇ ਪੱਛੜੀਆਂ ਜਾਤੀਆਂ ਦੇ ਭਾਰਤੀ, ਈਸਾਈ ਬਣਨ ਲੱਗੇ। ਆਪਣੇ ਆਪਣੇ ਧਰਮ ਨੂੰ ਢਾਹ ਲੱਗਦੀ ਦੇਖ ਕੇ ਹਿੰਦੂ, ਸਿੱਖ ਤੇ ਮੁਸਲਮਾਨਾਂ ਨੂੰ ਆਪਣੇ ਧਰਮ ਦੀ ਆਭਾ ਨਵੇਂ ਸਿਰਿਉਂ ਚਮਕਾਉਣ ਦਾ ਫ਼ਿਕਰ ਹੋਇਆ। ਇਸ ਚਿੰਤਾ ਦਾ ਇਕ ਕਾਰਨ ਪਾਦਰੀਆਂ ਵਲੋਂ ਭਾਰਤੀ ਧਰਮਾਂ ਦੀ ਕੀਤੀ ਜਾਂਦੀ ਨਿੰਦਾ ਸੀ। ਸ਼ਮਸ਼ੇਰ ਸਿੰਘ ਅਸ਼ੋਕ ਦੀ ਖੋਜ ਅਨੁਸਾਰ — "ਸਰਕਾਰੀ ਕਾਗ਼ਜ਼ਾਂ ਵਿਚ ਹਿੰਦੁਸਤਾਨੀਆਂ ਨੂੰ 'Heathens' ਅਰਥਾਤ 'ਕਾਫ਼ਰ' ਲਿਖਿਆ ਜਾਂਦਾ ਸੀ।... ਈਸਾਈ ਪ੍ਰਚਾਰਕਾਂ ਵਲੋਂ ਹੋਰ ਧਰਮਾਂ ਨੂੰ ਐਲਾਨੀਆਂ ਨਿੰਦਿਆ ਜਾਂਦਾ ਸੀ। ਕਈ ਥਾਈਂ ਲੋਕਾਂ ਨੂੰ ਪ੍ਰੇਰ ਕੇ ਜਾਂ ਕੋਈ ਡਰ ਅਥਵਾ ਲਾਲਚ ਦੇ ਕੇ ਈਸਾਈ ਬਣਾਇਆ ਜਾਂਦਾ ਸੀ।"[3] 1793 ਈ: ਵਿਚ ਵਿਲੀਅਮ ਕੇਰੀ ਨਾਮ ਦੇ ਮਿਸ਼ਨਰੀ ਦੀ ਅਗਵਾਈ ਵਿਚ ਈਸਾਈ ਮਿਸ਼ਨਰੀਆਂ ਨੇ ਸਥਾਨਕ ਭਾਰਤੀ ਭਾਸ਼ਾਵਾਂ ਵਿਚ 'ਮਸੀਹੀ ਪੈਗ਼ਾਮ' ਤੇਜ਼ੀ ਨਾਲ ਪਹੁੰਚਾਣਾ ਸ਼ੁਰੂ ਕਰ ਦਿੱਤਾ ਸੀ।

ਈਸਾਈ ਧਰਮ ਦਾ ਮੁਕਾਬਲਾ ਕਰਨ ਲਈ ਧਾਰਮਕ ਪੁਨਰ-ਜਾਗਰਤੀ ਦੀ ਲਹਿਰ ਵਿਚ ਸਭ ਤੋਂ ਪ੍ਰਮੁੱਖ ਯਤਨ ਰਾਜਾ ਰਾਮ ਮੋਹਨ ਰਾਏ ਨੇ ਕੀਤਾ। ਉਸ ਨੇ 1828 ਈ. ਵਿਚ "ਬ੍ਰਹਮੋ ਸਮਾਜ" ਨਾਮ ਦੀ ਧਾਰਮਕ ਜਥੇਬੰਦੀ ਕਾਇਮ ਕਰ ਕੇ ਹਿੰਦੂ ਧਰਮ ਦੀਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ। ਇਸ ਜੱਥੇਬੰਦੀ ਵਿਚ ਮੂਰਤੀ ਪੂਜਾ ਦਾ ਤਿਆਗ ਕਰਨ ਵਾਲੇ ਲੋਕ ਸ਼ਾਮਲ ਹੋਏ।[4] ਇਸੇ ਤਰ੍ਹਾਂ ਸਵਾਮੀ ਦਇਆਨੰਦ

---

3. ਸ਼ਮਸ਼ੇਰ ਸਿੰਘ ਅਸ਼ੋਕ — ਪੰਜਾਬ ਦੀਆਂ ਲਹਿਰਾਂ (1954), ਸਫ਼ਾ 60.
4. R.C. Majumdar — *An Advanced History of India* (1963), p. 877.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਸਵਤੀ ਨੇ 1875 ਈ: ਵਿਚ ਗੁਜਰਾਤ ਤੋਂ 'ਆਰੀਆ ਸਮਾਜ' ਦੀ ਸਥਾਨਪਾ ਕਰ ਕੇ ਭਾਰਤੀਆਂ ਨੂੰ ਪ੍ਰਾਚੀਨ ਸੰਸਕ੍ਰਿਤ ਸਾਹਿਤ ਤੇ ਆਰੀਆ ਸੰਸਕ੍ਰਿਤੀ ਵੱਲ ਮੁੜਨ ਦਾ ਸੁਝਾਓ ਦਿੱਤਾ। ਆਰੀਆ ਸਮਾਜ ਦਾ ਪ੍ਰਭਾਵ ਉਤਰ ਪ੍ਰਦੇਸ਼ ਤੇ ਪੰਜਾਬ ਵਿਚ ਵਧੇਰੇ ਰਿਹਾ। ਉਪਰੋਕਤ ਸੰਗਠਨਾਂ ਨੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਅਨੇਕਾਂ ਵਿਦਿਅਕ ਸੰਸਥਾਵਾਂ, ਖ਼ਾਸ ਤੌਰ 'ਤੇ ਲੜਕੀਆਂ ਲਈ ਵਿਸ਼ੇਸ਼ ਸੰਸਥਾਵਾਂ, ਵੱਡੀ ਪੱਧਰ 'ਤੇ ਖੋਲ੍ਹ ਕੇ ਵੀ ਧਾਰਮਕ ਤੇ ਰਾਜਸੀ ਕਦਰਾਂ ਕੀਮਤਾਂ ਨੂੰ ਉਤਸ਼ਾਹਤ ਕੀਤਾ। ਇਨ੍ਹਾਂ ਸੰਸਥਾਵਾਂ ਵਿਚ ਦਿੱਤੀ ਜਾਂਦੀ ਵਿਦਿਆ ਨੇ ਭਾਰਤੀਆਂ ਨੂੰ ਆਪਣੇ ਹੱਕਾਂ ਪ੍ਰਤੀ ਵੀ ਸੁਚੇਤ ਕੀਤਾ।

ਧਾਰਮਕ ਪੁਨਰ-ਜਾਗਰਤੀ ਦੇ ਇਸ ਦੌਰ ਵਿਚ ਕਲਕੱਤਾ ਵਿਖੇ 'ਰਾਮਾ ਕ੍ਰਿਸ਼ਨਾ ਮਿਸ਼ਨ' ਨੇ ਸਵਾਮੀ ਵਿਵੇਕਾਨੰਦ ਦੀ ਅਗਵਾਈ ਵਿਚ ਭਾਰਤੀ ਅਧਿਆਤਮਵਾਦ ਦਾ ਸਿੱਕਾ ਦੇਸ਼ ਬਿਦੇਸ਼ ਵਿਚ ਬਿਠਾਇਆ। ਇਸੇ ਤਰ੍ਹਾਂ 1889 ਈ: ਵਿਚ ਮਦਰਾਸ ਨੇੜੇ ਸਥਾਪਤ ਕੀਤੀ ਗਈ 'ਥੀਓਸੋਫ਼ੀਕਲ ਸੁਸਾਇਟੀ' ਨੇ ਐਨੀ ਬੈਸੰਟ ਦੀ ਅਗਵਾਈ ਵਿਚ ਹਿੰਦੂ ਧਰਮ ਦੇ ਪ੍ਰਾਚੀਨ ਆਦਰਸ਼ਾਂ ਨੂੰ ਅਤੇ ਰੀਤਾਂ ਨੂੰ ਨਵੀਂ ਭਾਰਤੀ ਸਥਿਤੀ ਅਨੁਸਾਰ ਪ੍ਰਚਾਰਨ ਦਾ ਯਤਨ ਕੀਤਾ। ਇਹੀ ਸੁਸਾਇਟੀ ਪਿੱਛੋਂ ਭਾਰਤੀਆਂ ਵਿਚ ਰਾਸ਼ਟਰੀ ਚੇਤਨਾ ਫੈਲਾਣ ਦਾ ਕਾਰਨ ਵੀ ਬਣੀ, ਕਿਉਂਕਿ ਇਸੇ ਸੁਸਾਇਟੀ ਦੇ ਕਰਤਾ ਧਰਤਾ ਹੀ ਪਿੱਛੋਂ 'ਕਾਂਗਰਸ ਪਾਰਟੀ' ਦੀ ਸਥਾਪਤੀ ਵਿਚ ਸਹਿਯੋਗੀ ਬਣੇ।

ਪੰਜਾਬ ਵਿਚ ਵੀ ਧਰਮ-ਸੁਧਾਰਕ ਲਹਿਰਾਂ ਪੈਦਾ ਹੋਈਆਂ। ਅੰਗਰੇਜ਼ੀ ਰਾਜ ਵਿਚ ਪੰਜਾਬ ਦੀ ਸਭ ਤੋਂ ਪਹਿਲੀ ਲਹਿਰ 'ਕੂਕਾ ਲਹਿਰ' ਸੀ। ਇਹ ਲਹਿਰ ਖ਼ਾਲਸਾ ਫ਼ੌਜ ਦੇ ਇਕ ਸਾਬਕਾ ਫ਼ੌਜੀ ਬਾਬਾ ਰਾਮ ਸਿੰਘ ਵਲੋਂ 1857 ਈ: ਵਿਚ ਧਾਰਮਕ ਰਹਿਣੀ-ਬਹਿਣੀ ਵਿਚ ਸ਼ੁੱਧਤਾ ਲਿਆਉਣ ਦੇ ਮਨੋਰਥ ਨਾਲ ਸ਼ੁਰੂ ਕੀਤੀ ਗਈ। ਹੌਲੀ ਹੌਲੀ ਬਦੇਸ਼ੀ ਸਭਿਆਚਾਰ ਦਾ ਮੁਕਾਬਲਾ ਕਰਦਿਆਂ ਕੂਕਾ ਲਹਿਰ ਅੰਗਰੇਜ਼ ਸਰਕਾਰ ਨਾਲ ਟਕਰਾ ਗਈ, ਜਿਸ ਦੇ ਬਦਲੇ ਵਿਚ ਜ਼ੋਰਦਾਰ ਸੰਘਰਸ਼ ਹੋਇਆ ਤੇ ਇਹ ਲਹਿਰ ਪਹਿਲੀ ਰਾਸ਼ਟਰਵਾਦੀ ਲਹਿਰ ਦਾ ਰੂਪ ਧਾਰ ਗਈ। ਨਾਮਧਾਰੀਆਂ ਨੇ ਇਸ ਸੰਘਰਸ਼ ਦੌਰਾਨ ਜਿਥੇ ਆਪਣੇ ਸਮਾਜ ਦੀਆਂ ਕੰਮਜ਼ੋਰੀਆਂ ਦੂਰ ਕਰਨ ਲਈ ਸਰਦਾਰਾਂ ਦੀ ਅਧੀਨਗੀ, ਛੂਤ-ਛਾਤ ਤੇ ਜ਼ਾਤ ਪਾਤ ਦਾ ਵਿਰੋਧ ਕੀਤਾ, ਉਥੇ ਆਪਣਾ ਡਾਕ-ਪ੍ਰਬੰਧ, ਟੈਕਸ ਪ੍ਰਬੰਧ, ਸੈਨਿਕ ਪ੍ਰਬੰਧ. ਨਿਆਂ ਪ੍ਰਬੰਧ, ਪੰਚਾਇਤੀ ਤੇ ਵਿਦਿਅਕ ਪ੍ਰਬੰਧ ਚਲਾ ਕੇ ਅੰਗਰੇਜ਼ੀ ਸ਼ਾਸਨ-ਪ੍ਰਬੰਧ ਦਾ ਮੁਕੰਮਲ ਤਿਆਗ ਕੀਤਾ।[5] ਇਸੇ ਟਕਰਾਅ ਕਾਰਨ ਅਨੇਕਾਂ ਕੂਕਿਆਂ ਨੂੰ ਤੋਪਾਂ ਦੇ ਮੂੰਹ ਅੱਗੇ ਖੜੇ ਕਰ ਕੇ ਉਡਾ ਦਿੱਤਾ ਗਿਆ। ਬਾਬਾ ਰਾਮ ਸਿੰਘ ਨੂੰ 1872 ਈ: ਵਿਚ ਦੇਸ਼-ਨਿਕਾਲਾ ਦੇ ਕੇ ਰੰਗੂਨ ਭੇਜ ਦਿੱਤਾ ਗਿਆ ਜਿਥੇ 1885 ਈ: ਵਿਚ ਉਹ ਸੁਰਗਵਾਸ ਹੋ ਗਏ।[6] ਅਨੇਕਾਂ ਕੂਕਿਆਂ ਨੂੰ

---

5. Fauja Singh — *Eminent Freedom Fighters of Punjab*, p. 10.
6. ਕਪੂਰ ਸਿੰਘ — ਸਪਤ ਸ੍ਰਿੰਗ (1951), ਸਫ਼ਾ 41,42.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਾਂਸੀ ਦੀਆਂ ਸਜ਼ਾਵਾਂ ਦੇ ਕੇ ਤੇ ਹੋਰ ਕਈ ਤਰ੍ਹਾਂ ਦੇ ਉਹਨਾਂ ਉਤੇ ਜ਼ੁਲਮ ਕਰ ਕੇ ਭਾਵੇਂ ਇਸ ਲਹਿਰ ਨੂੰ ਦਬਾਅ ਦਿਤਾ ਗਿਆ ਪਰ ਇਸ ਨੇ ਆਉਣ ਵਾਲੇ ਹਾਲਾਤ ਵਿਚ ਅੰਗਰੇਜ਼ਾਂ ਵਿਰੁਧ ਨਫ਼ਰਤ ਪੈਦਾ ਕੀਤੀ। ਇਸ ਲਹਿਰ ਦੌਰਾਨ ਕੀਤੇ ਗਏ ਜ਼ੁਲਮਾਂ ਨੇ ਗ਼ੁਲਾਮੀ ਦਾ ਬੜੀ ਸ਼ਿਦਤ ਨਾਲ ਅਹਿਸਾਸ ਕਰਾਇਆ ਅਤੇ ਰਾਜਸੀ ਚੇਤਨਤਾ ਵਿਚ ਕਾਫ਼ੀ ਵਾਧਾ ਕੀਤਾ।

ਪੰਜਾਬ ਵਿਚ 1872 ਈ: ਵਿਚ ਸਥਾਪਤ ਹੋਈ 'ਸਿੰਘ ਸਭਾ ਲਹਿਰ' ਨੇ ਵੀ ਪੰਜਾਬ ਵਿਚ ਧਾਰਮਕ ਪੁਨਰ-ਜਾਗਰਤੀ ਲਈ ਬੜਾ ਕੰਮ ਕੀਤਾ। ਇਸ ਲਹਿਰ ਨੇ ਸਿੱਖਾਂ ਅੰਦਰ ਹਿੰਦੂ ਕਰਮਕਾਂਡਾਂ ਦੇ ਪ੍ਰਭਾਵ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਅਤੇ ਨਾਲ ਹੀ ਪਿਆਰ, ਕੁਰਬਾਨੀ ਤੇ ਬਹਾਦਰੀ ਦੀਆਂ ਧਾਰਮਕ ਰਵਾਇਤਾਂ ਦੀ ਯਾਦ ਦਿਲਾ ਕੇ ਸਿੱਖਾਂ ਨੂੰ ਈਸਾਈਆਂ ਦੇ ਪ੍ਰਭਾਵ ਤੋਂ ਬਚਾਉਣ ਦਾ ਯਤਨ ਕੀਤਾ। ਇਸ ਲਹਿਰ ਨੇ ਸਿੱਖਾਂ ਨੂੰ ਇਕ ਵੱਖਰੀ 'ਪਹਿਚਾਣ' ਦੇਣ ਦਾ ਅਤੇ ਅਜੋਕੇ ਹਾਲਾਤ ਅਨੁਸਾਰ ਸਮਾਜਕ ਰੁਤਬਾ ਦੇਣ ਦਾ ਯਤਨ ਕਰਦਿਆਂ, ਕਈ ਸਕੂਲ ਤੇ ਕਾਲਜ ਵੀ ਖੋਲ੍ਹਣ ਦਾ ਬੀੜਾ ਚੁਕਿਆ, ਜੋ ਸਿੱਖਾਂ ਵਿਚ ਧਾਰਮਕ ਦੇ ਨਾਲ ਨਾਲ ਰਾਜਸੀ ਚੇਤਨਤਾ ਲਿਆਣ ਦਾ ਕਾਰਨ ਵੀ ਬਣੇ।

ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਹੇਠ ਅਤੇ ਕੁਝ ਅੰਗਰੇਜ਼ੀ ਰਾਜ ਅਧੀਨ ਆਈ ਆਧੁਨਿਕ ਚੇਤਨਾ ਸਦਕਾ ਉਪਰੋਕਤ ਲਹਿਰਾਂ ਦੇ ਬਾਨੀਆਂ ਤੇ ਸਮਾਜ ਸੁਧਾਰਕਾਂ ਨੂੰ, ਭਾਰਤੀ ਸਮਾਜ ਦੇ ਸਦੀਆਂ ਤੋਂ ਲਿਤਾੜੇ ਆ ਰਹੇ ਕਮਜ਼ੋਰ ਵਰਗਾਂ ਨੂੰ ਬਾਕੀਆਂ ਨਾਲ ਰਲਾ ਕੇ ਭਾਰਤੀ ਰਾਸ਼ਟਰ ਦਾ ਮਜ਼ਬੂਤ ਅੰਗ ਬਨਾਣ ਦੀ ਸੋਝੀ ਆਈ। ਇਨ੍ਹਾਂ ਜੱਥੇਬੰਦੀਆਂ ਨੇ 'ਅਛੂਤ ਉਧਾਰ' ਤੇ 'ਨਾਰੀ ਕਲਿਆਣ' ਲਈ ਅੰਦੋਲਨ ਸ਼ੁਰੂ ਕੀਤੇ। ਮਿਸਾਲ ਵਜੋਂ ਬੰਗਾਲ ਵਿਚ 'ਬ੍ਰਹਮੋ ਸਮਾਜ' ਨੇ, ਬੰਬਈ ਵਿਚ 'ਪ੍ਰਾਥਨਾ ਸਭਾ' ਨੇ, ਗੁਜਰਾਤ ਤੋਂ 'ਆਰੀਆ ਸਮਾਜ' ਨੇ, ਅਤੇ ਪੰਜਾਬ ਵਿਚ 'ਸਿੰਘ ਸਭਾ ਲਹਿਰ' ਨੇ ਉਪਰੋਕਤ ਦੋਹਾਂ ਵਰਗਾਂ ਵਿਚ ਮੁੜ ਵਿਸ਼ਵਾਸ ਜਗਾਣ ਲਈ ਛੂਤ-ਛਾਤ, ਜ਼ਾਤ-ਪਾਤ ਦਾ ਵਿਰੋਧ ਕੀਤਾ, ਅਤੇ ਇਸਤਰੀ ਨੂੰ ਸਨਮਾਨ-ਯੋਗ ਦਰਜਾ ਦਿਵਾਣ ਲਈ ਹਰ ਹੀਲਾ ਕੀਤਾ। ਅਛੂਤਾਂ ਨੂੰ ਸਮਾਜ ਵਿਚ ਆਦਰਯੋਗ ਸਥਾਨ ਦਿਵਾਣ ਦਾ ਕੰਮ ਗਾਂਧੀ ਜੀ ਨੇ ਵੀ ਸਾਰੀ ਜ਼ਿੰਦਗੀ ਜਾਰੀ ਰੱਖਿਆ। 'ਬ੍ਰਹਮੋ ਸਮਾਜ' ਨੇ ਸਤੀ-ਪ੍ਰਥਾ, ਬਾਲ-ਵਿਆਹ ਅਤੇ ਕੁੜੀਆਂ ਨੂੰ ਮਾਰਨ ਦੀ ਰੀਤ ਦਾ ਡੱਟਵਾਂ ਵਿਰੋਧ ਕੀਤਾ।[7] ਉਪਰੋਕਤ ਜੱਥੇਬੰਦੀਆਂ ਵਾਂਗ ਨਾਮਧਾਰੀ ਲਹਿਰ ਤੇ 'ਸਿੰਘ ਸਭਾ ਲਹਿਰ' ਨੇ ਜਿਥੇ ਇਸਤਰੀ-ਵਿਦਿਆ ਵੱਲ ਧਿਆਨ ਦਿੱਤਾ, ਉਥੇ ਇਸਤਰੀਆਂ ਤੇ ਅਛੂਤਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਸਮਾਜਕ ਤੇ ਰਾਜਨੀਤਿਕ ਸ਼ਕਤੀ ਬਣਾ ਦਿੱਤਾ। ਇਤਿਹਾਸ ਗਵਾਹ ਹੈ ਕਿ ਕੂਕਾ ਅੰਦੋਲਨ ਵਿਚ ਸਿੱਖ ਔਰਤਾਂ ਨੇ ਵੀ ਵੱਧ ਚੜ ਕੇ ਹਿੱਸਾ ਲਿਆ।

---

7. Bipin Chander Pal — *Brahmo Samaj & the Battle of Swaraj in India*, p. 606.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੋਂ ਤੱਕ ਕਿ ਉਹ ਕਈ ਸਾਜ਼ਸ਼ੀ ਕੇਸਾਂ ਵਿਚ ਵੀ ਪਕੜੀਆਂ ਗਈਆਂ।[8] ਇਵੇਂ ਹੀ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਿੱਖ ਔਰਤਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਔਰਤਾਂ ਅਤੇ ਨੀਵੀਂਆਂ ਜਾਤੀਆਂ ਨੂੰ ਬਰਾਬਰ ਦੇ ਹੱਕ ਦਿਵਾਣ ਅਤੇ ਪੈਰਾਂ ਤੇ ਖੜੇ ਕਰਨ ਦਾ ਕੰਮ ਈਸਾਈ ਮਿਸ਼ਨਰੀਆਂ ਨੇ ਵੀ ਕੀਤਾ।

20ਵੀਂ ਸਦੀ ਦੇ ਸ਼ੁਰੂ ਤੋਂ ਹੀ ਸਮਾਜ ਦੇ ਪੱਛੜੇ ਲੋਕਾਂ ਨੇ ਵੀ ਆਪਣੇ ਸਮਾਨ ਅਧਿਕਾਰਾਂ ਦੀ ਪ੍ਰਾਪਤੀ ਲਈ ਜੱਥੇਬੰਦੀਆਂ ਬਣਾ ਲਈਆਂ ਸਨ। ਅਜਿਹੀ ਪਹਿਲੀ ਸਮਾਜ ਸੁਧਾਰਕ ਪਰ ਗ਼ੈਰ-ਸਰਕਾਰੀ ਜੱਥੇਬੰਦੀ 1924 ਈ: ਵਿਚ 'ਬਹਿਸ਼ਕ੍ਰਿਤ ਹਿਤਕਾਰਨੀ ਸਭਾ' ਨਾਮ ਹੇਠ ਸਥਾਪਤ ਹੋਈ। 1942 ਈ: ਵਿਚ 'ਸਰਬ ਭਾਰਤ ਸ਼ਡਿਊਲਡ-ਕਾਸਟ ਫ਼ੈਡਰੇਸ਼ਨ' ਹੋਂਦ ਵਿਚ ਆਈ।[9] ਇਉਂ ਨੀਵੀਂਆਂ ਤੇ ਅਛੂਤ ਜਾਤਾਂ ਜੱਥੇਬੰਦੀਆਂ ਬਣਾ ਕੇ ਇਕ ਰਾਸ਼ਟਰੀ ਤੇ ਰਾਜਸੀ ਸ਼ਕਤੀ ਦਾ ਰੂਪ ਧਾਰਨ ਕਰਨ ਲੱਗੀਆਂ।

ਸਮਾਜ ਸੁਧਾਰਕ ਲਹਿਰਾਂ ਕਾਰਨ ਪੈਦਾ ਹੋਈ ਸਮਾਜਕ ਜਾਗਰਤੀ ਨੇ ਸਰਕਾਰ ਤੋਂ ਔਰਤਾਂ ਦੀ ਭਲਾਈ ਲਈ ਕਈ ਕਾਨੂੰਨ ਬਣਵਾਏ। ਮਿਸਾਲ ਵਜੋਂ 1829 ਈ: ਵਿਚ ਹੀ ਕਾਨੂੰਨੀ ਤੌਰ 'ਤੇ 'ਸਤੀ ਪ੍ਰਥਾ' ਜਿਹੀ ਘਿਨਾਉਣੀ ਤੇ ਜ਼ਾਲਮ ਰੀਤ ਨੂੰ ਬੰਦ ਕਰਵਾਇਆ ਗਿਆ। ਇਵੇਂ ਹੀ 'ਬਾਲ-ਵਿਆਹ' ਵਿਰੁਧ 1891 ਈ: ਵਿਚ ਕਾਨੂੰਨ ਬਣਿਆ।[10] ਇਨ੍ਹਾਂ ਲਹਿਰਾਂ ਦੌਰਾਨ 'ਵਿਧਵਾ ਵਿਆਹ' ਦੇ ਹੱਕ ਵਿਚ ਜ਼ੋਰਦਾਰ ਮੁਹਿਮ ਚਲਾਈ ਗਈ। ਬੰਬਈ ਵਿਚ 1866 ਈ: ਵਿਚ 'ਵਿਧਵਾ ਵਿਆਹ' ਦੇ ਹੱਕ ਵਿਚ ਪ੍ਰਚਾਰ ਕਰਨ ਲਈ 'ਵਿਡੋ ਰੀਮੈਰਜ ਐਸੋਸੀਏਸ਼ਨ' ਦੀ ਸਥਾਪਨਾ ਕੀਤੇ ਜਾਣ ਦੇ ਵੀ ਪ੍ਰਮਾਣ ਮਿਲਦੇ ਹਨ।[11] ਇਉਂ ਸੁਧਾਰਕ ਲਹਿਰਾਂ ਨੇ ਸਭ ਕੰਮਜ਼ੋਰੀਆਂ ਵਲ ਧਿਆਨ ਦਿੰਦੇ ਹੋਏ, ਸਮਾਜ ਦੇ ਕਮਜ਼ੋਰ ਵਰਗਾਂ ਨੂੰ ਬਰਾਬਰ ਦਾ ਦਰਜਾ ਦਿਵਾ ਕੇ ਰਾਸ਼ਟਰ ਦੀਆਂ ਮਜ਼ਬੂਤ ਬਾਹਾਂ ਬਣਾਇਆ, ਅਤੇ ਇਉਂ ਉਹ ਸਿੱਧੇ ਤੇ ਅਸਿੱਧੇ ਰੂਪ ਵਿਚ ਰਾਸ਼ਟਰਵਾਦੀ ਕਦਰਾਂ-ਕੀਮਤਾਂ ਦਾ ਪ੍ਰਚਾਰ ਤੇ ਪਸਾਰ ਕਰਨ ਵਿਚ ਮਦਦਗਾਰ ਸਾਬਤ ਹੋਈਆਂ।

ਜਾਗਰਤ ਹੋ ਚੁੱਕੇ ਭਾਰਤੀਆਂ ਦੀਆਂ ਧਾਰਮਕ ਰੁਚੀਆਂ ਹੌਲੀ ਹੌਲੀ ਰਾਜਸੀ ਰੰਗਣ ਕਿਵੇਂ ਗ੍ਰਹਿਣ ਕਰ ਗਈਆਂ — ਇਸ ਦੀਆਂ ਮਿਸਾਲਾਂ ਵੀ ਲੱਭਦੀਆਂ ਹਨ। ਮਿਸਾਲ ਵਜੋਂ 1913 ਵਿਚ ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਉਦੋਂ ਅੰਗਰੇਜ਼ੀ ਸਾਮਰਾਜ ਨਾਲ

---

8. Fauja Singh – *Eminent Freedom Fighters of Punjab*, p. 10.
9. Ajit Singh Sarhadi — *Nationalism in India the Problem*, p. 49.
10. G.P. Sharma — *Nationalism in Indo-Anglian Fiction* (1978), p. 12.
11. R.C. Majundar — *History of Freedom Movement in India* (Vol I), p. 303.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟਕਰਾ ਗਈਆਂ, ਜਦੋਂ ਵਾਇਸਰਾਏ ਦੇ ਨਿਵਾਸ ਸਥਾਨ ਨੂੰ ਜਾਂਦੀ ਸੜਕ ਸਿੱਧੀ ਕਰਨ ਲਈ ਗੁਰਦੁਆਰਾ ਰਕਾਬ ਗੰਜ (ਦਿੱਲੀ) ਦੀ ਕੰਧ ਢਾਹ ਦਿੱਤੀ ਗਈ। ਰਕਾਬ ਗੰਜ ਮੋਰਚੇ ਦੌਰਾਨ ਸਿੱਖਾਂ ਨੇ ਸਰਕਾਰੀ ਕਦਮ ਦੀ ਦੀਵਾਨਾਂ ਵਿਚ ਖੁਲ੍ਹ ਕੇ ਨਿੰਦਾ ਕੀਤੀ। ਇਹ ਰੋਸ ਪਿੱਛੋਂ ਗੁਰਦੁਆਰਾ ਸੁਧਾਰ ਲਹਿਰ ਦੇ ਰੂਪ ਵਿਚ ਪ੍ਰਗਟ ਹੋਇਆ। 1920 ਤੋਂ 24 ਤੱਕ ਚਲੀ ਗੁਰਦੁਆਰਾ ਸੁਧਾਰ ਲਹਿਰ ਨੇ ਮੋਰਚਿਆਂ ਦੇ ਰੂਪ ਵਿਚ ਮਹੰਤ ਸ਼੍ਰੇਣੀ ਅਤੇ ਉਸ ਦੀ ਮਦਦ ਕਰ ਰਹੀ ਅੰਗਰੇਜ਼ੀ ਸਰਕਾਰ ਦਾ ਡੱਟ ਕੇ ਮੁਕਾਬਲਾ ਕੀਤਾ। ਅੰਗਰੇਜ਼ਾਂ ਤੇ ਮਹੰਤਾਂ ਵਲੋਂ ਹੋਏ ਜ਼ੁਲਮ ਦਾ ਮੁਕਾਬਲਾ ਕਰਨ ਲਈ 1920 ਵਿਚ 'ਅਕਾਲੀ ਦਲ' ਅਤੇ 'ਅਕਾਲੀ ਪਤ੍ਰਿਕਾ' ਦੇ ਬਿਨਾਂ 1924 ਵਿਚ 'ਬੱਬਰ ਅਕਾਲੀ ਲਹਿਰ' ਜਿਹੀਆਂ ਰਾਜਸੀ ਜੱਥੇਬੰਦੀਆਂ ਦਾ ਜਨਮ ਹੋਇਆ।

ਉਪਰੋਕਤ ਲਹਿਰਾਂ ਦਾ ਇਤਿਹਾਸ ਸਾਬਤ ਕਰਦਾ ਹੈ ਕਿ ਇਨ੍ਹਾਂ ਲਹਿਰਾਂ ਨੇ ਜਿਥੇ ਵੱਡੀ ਪੱਧਰ 'ਤੇ ਸਮਾਜਕ ਜਾਗਰਤੀ ਤੇ ਸਮਾਜਕ ਬਰਾਬਰੀ ਲਿਆਂਦੀ, ਉਥੇ ਇਨ੍ਹਾਂ ਦੇ ਕਈ ਆਗੂ ਪਿਛੋਂ ਸੁਤੰਤਰਤਾ ਸੰਗਰਾਮ ਵਿਚ ਸ਼ਾਮਲ ਹੋਏ, ਜਿਵੇਂ ਪੰਜਾਬ ਵਿਚ ਲਾਲਾ ਲਾਜਪਤ ਰਾਏ, ਅਕਾਲੀ ਨੇਤਾ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਆਦਿ। ਪਰ ਇਨ੍ਹਾਂ ਲਹਿਰਾਂ ਨੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇਕ ਦੂਜੇ ਦਾ ਕਈ ਵਾਰ ਵਿਰੋਧੀ ਵੀ ਬਣਾਇਆ। ਰਾਸ਼ਟਰੀ ਕਾਂਗਰਸ ਵਿਚ ਆਰੀਆ ਸਮਾਜੀ ਹਿੰਦੂਆਂ ਦੇ ਵੱਧ ਰਹੇ ਪ੍ਰਭਾਵ ਕਾਰਨ, ਸਾਰੇ ਭਾਰਤ ਵਿਚ ਮੁਸਲਮਾਨ ਆਪਣੇ ਆਪ ਨੂੰ ਅਲੱਗ ਕੌਮ ਕਹਿਣ ਲੱਗੇ। ਪੰਜਾਬ ਵਿਚ ਹਿੰਦੂ ਸਿੱਖ ਬਹੁਤ ਦੂਰ ਹੱਟ ਗਏ।[12] ਧਾਰਮਕ ਲਹਿਰਾਂ ਤੋਂ ਪ੍ਰਭਾਵਤ ਰਾਜਨੀਤੀ ਨੇ ਜਿਥੇ ਆਜ਼ਾਦੀ ਤੋਂ ਪਹਿਲਾਂ ਅਨੇਕਾਂ ਥਾਵਾਂ 'ਤੇ ਨਸਲੀ ਫ਼ਸਾਦ ਕਰਵਾਏ, ਉਥੇ 1947 ਵਿਚ ਦੇਸ਼ ਦੀ ਵੰਡ ਅਤੇ ਫ਼ਿਰਕੂ ਫ਼ਸਾਦਾਂ ਨੂੰ ਵੀ ਉਤਸ਼ਾਹਤ ਕੀਤਾ। ਇਹਨਾਂ ਧਾਰਮਕ ਮਤ-ਭੇਦਾਂ ਪਿੱਛੇ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਘਿਨਾਉਣੀ ਨੀਤੀ ਵੀ ਕੰਮ ਕਰ ਰਹੀ ਸੀ।

ਉਪਰੋਕਤ ਲਹਿਰਾਂ ਦੇ ਬਾਨੀਆਂ ਨੇ ਸਮਾਜਕ ਤੇ ਧਾਰਮਕ ਹਿੱਤਾਂ ਦੀ ਪੂਰਤੀ ਲਈ ਅੰਗਰੇਜ਼ੀ ਵਿੱਦਿਆ ਅਤੇ ਪ੍ਰੈੱਸ ਦਾ ਵੀ ਪੂਰਾ ਫ਼ਾਇਦਾ ਉਠਾਇਆ। ਭਾਰਤੀ ਸਮਾਜ ਸੁਧਾਰਕਾਂ ਨੇ ਬਦੇਸ਼ੀ ਮਿਸ਼ਨਰੀਆਂ ਵਾਂਗ ਹੀ ਵੱਡੀ ਪੱਧਰ 'ਤੇ ਸਕੂਲ ਕਾਲਜ ਖੋਲ੍ਹੇ ਅਤੇ ਪ੍ਰੈੱਸ ਰਾਹੀਂ ਅਨੇਕਾਂ ਦੈਨਿਕ ਤੇ ਮਾਸਕ ਪੱਤਰ ਜਾਰੀ ਕੀਤੇ ਜੋ ਪਿੱਛੋਂ ਰਾਸ਼ਟਰੀ ਸਰਗਰਮੀਆਂ ਨੂੰ ਫੈਲਾਉਣ ਦਾ ਵਧੀਆ ਸਾਧਨ ਸਾਬਤ ਹੋਏ।

1813 ਵਿਚ ਪਹਿਲੀ ਵਾਰ 'ਈਸਟ ਇੰਡੀਆ ਕੰਪਨੀ' ਨੇ ਕਾਨੂੰਨੀ ਤੌਰ 'ਤੇ ਆਪਣੀ ਪਰਜਾ ਦੀ ਵਿਦਿਆ ਦਾ ਇੰਤਜ਼ਾਮ ਆਪਣੇ ਜ਼ਿੰਮੇ ਲਿਆ ਅਤੇ 1824 ਵਿਚ

---

12. Khushwant Singh — *A History of the Sikhs* (Vol II), p. 147.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਲਕੱਤਾ ਵਿਖੇ 'ਸੰਸਕ੍ਰਿਤ ਕਾਲਜ' ਖੋਲ੍ਹ ਕੇ ਭਾਰਤੀਆਂ ਨੂੰ ਸਨਾਤਨੀ ਵਿਦਿਆ ਦੇਣ ਦੀ ਸ਼ੁਰੂਆਤ ਕੀਤੀ।[13] ਪਰ ਰਾਜਾ ਰਾਮ ਮੋਹਨ ਰਾਏ ਜਿਹੇ ਸਮਾਜ ਸੁਧਾਰਕਾਂ ਨੇ, ਇਸ ਵਿਦਿਆ ਨੂੰ ਲੋਕ-ਤੰਤਰੀ ਤੇ ਵਿਗਿਆਨਕ ਸੋਚ ਦੇ ਪਸਾਰ ਵਿਚ ਰੁਕਾਵਟ ਜਾਣਦੇ ਹੋਏ, ਅੰਗਰੇਜ਼ੀ ਭਾਸ਼ਾ ਰਾਹੀਂ ਪੱਛਮੀ ਵਿਦਿਆ ਉਤੇ ਜ਼ੋਰ ਦਿੱਤਾ। ਅਜਿਹੀ ਵਿਦਿਆ ਦੇਣ ਲਈ ਉਹ 1817 ਈ: ਵਿਚ ਕਲਕੱਤੇ ਵਿਚ 'ਹਿੰਦੂ ਕਾਲਜ' ਸਥਾਪਤ ਵੀ ਕਰ ਚੁੱਕੇ ਸਨ। ਇਸ ਤੋਂ ਪਿਛੋਂ ਅੰਗਰੇਜ਼ੀ ਵਿਦਿਆ ਅਤੇ ਅੰਗਰੇਜ਼ੀ ਮਾਧਿਅਮ ਦੇ ਹਮਾਇਤੀਆਂ ਨੇ ਈਸਾਈ ਮਿਸ਼ਨਰੀਆਂ ਨੂੰ ਵੱਧ ਤੋਂ ਵੱਧ ਸਹਿਯੋਗ ਦੇ ਕੇ, ਅੰਗਰੇਜ਼ੀ ਮਾਧਿਅਮ ਵਾਲੇ ਪੱਛਮੀ ਕਿਸਮ ਦੇ ਸਕੂਲ ਤੇ ਕਾਲਜ ਖੁਲ੍ਹਵਾਉਣੇ ਸ਼ੁਰੂ ਕਰ ਦਿੱਤੇ। ਇਸ ਤੋਂ ਪਿੱਛੋਂ ਡੇਨਿਸ਼, ਅਮਰੀਕਨ, ਜਰਮਨ ਤੇ ਬਰਤਾਨਵੀ ਮਿਸ਼ਨਰੀ ਸੁਸਾਇਟੀਆਂ ਦੇ ਬਿਨਾਂ ਬ੍ਰਹਮੋ ਸਮਾਜ, ਆਰੀਆ ਸਮਾਜ, ਰਾਮਾ ਕ੍ਰਿਸ਼ਨਾ ਮਿਸ਼ਨ ਤੇ ਅਲੀਗੜ੍ਹ ਲਹਿਰ ਨੇ ਤੇ ਨਾਲ ਹੀ ਸਿੰਘ ਸਭਾ ਲਹਿਰ ਨੇ ਦੇਸ਼ ਭਰ ਵਿਚ ਸਕੂਲ ਤੇ ਕਾਲਜ ਖੋਲ੍ਹਣ ਦਾ ਕੰਮ ਵੱਡੀ ਪੱਧਰ 'ਤੇ ਕੀਤਾ। 1880 ਤੋਂ 1901 ਈ: ਦੌਰਾਨ ਪ੍ਰਾਈਵੇਟ ਸਕੂਲਾਂ ਤੇ ਕਾਲਜਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਇਆ। ਇਸ ਸਮੇਂ ਦੌਰਾਨ ਸਕੂਲਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ 64 ਹਜ਼ਾਰ ਤੱਕ ਪਹੁੰਚ ਗਈ ਸੀ।[14] 1936-37 ਤੱਕ 271 ਆਰਟਸ ਕਾਲਜ, 17,056 ਸੈਕੰਡਰੀ ਸਕੂਲ, 1,92,244 ਪ੍ਰਾਇਮਰੀ ਸਕੂਲ ਅਤੇ 5,647 ਸਪੈਸ਼ਲ ਸਕੂਲ ਖੁੱਲ੍ਹ ਚੁੱਕੇ ਸਨ। ਇਸ ਸਮੇਂ ਤੱਕ 75 ਤਕਨੀਕੀ ਵਿਦਿਆ ਦੇ ਕੇਂਦਰ ਅਤੇ 15 ਯੂਨੀਵਰਸਿਟੀਆਂ ਵੀ ਕੰਮ ਕਰ ਰਹੀਆਂ ਸਨ। ਇਨ੍ਹਾਂ ਮਨਜ਼ੂਰ-ਸ਼ੁਦਾ ਸੰਸਥਾਵਾਂ ਦੇ ਬਿਨਾਂ 16 ਹਜ਼ਾਰ ਤੋਂ ਵੱਧ ਗ਼ੈਰ ਮਨਜ਼ੂਰ-ਸ਼ੁਦਾ ਵਿਦਿਅਕ ਕੇਂਦਰ ਭਾਰਤੀਆਂ ਨੂੰ ਵਿਦਿਆ ਰਾਹੀਂ ਚੇਤਨਤਾ ਦੇਣ ਦਾ ਫ਼ਰਜ਼ ਨਿਭਾ ਰਹੇ ਸਨ।[15]

ਅੰਗਰੇਜ਼ੀ ਵਿਦਿਆ ਨੇ ਭਾਰਤੀ ਪੜ੍ਹੀ-ਲਿਖੀ ਸ਼੍ਰੇਣੀ ਨੂੰ ਵਰਡਜ਼ਵਰਥ, ਮਿਲਟਨ, ਸ਼ੈਲੀ, ਬਾਇਰਨ ਜਿਹੇ ਸ਼ਾਇਰਾਂ ਅਤੇ ਮਿਲ, ਰੂਸੋ ਜਿਹੇ ਫ਼ਿਲਾਸਫਰਾਂ ਦੇ ਇਲਾਵਾ ਮੈਜ਼ਿਨੀ ਤੇ ਗੈਰੀਬਾਲਡੀ ਜਿਹੇ ਦੇਸ਼-ਭਗਤਾਂ ਦੇ ਵਿਚਾਰ ਜਾਨਣ ਦਾ ਮੌਕਾ ਦਿੱਤਾ, ਅਤੇ ਉਨ੍ਹਾਂ ਸਾਹਮਣੇ ਲੋਕ-ਤੰਤਰੀ ਵਿਚਾਰਾਂ ਦਾ ਭੇਤ ਖੋਲ੍ਹਿਆ। ਲੈਨਿਨ ਤੇ ਮਾਰਕਸ ਦੇ ਸਮਾਜਵਾਦੀ ਵਿਚਾਰ ਵੀ ਅੰਗਰੇਜ਼ੀ ਰਾਹੀਂ ਹੀ ਭਾਰਤ ਪਹੁੰਚੇ ਤੇ ਪਸਾਰੇ ਗਏ। ਪੱਛਮੀ ਵਿਦਿਆ ਵੱਖ ਵੱਖ ਰਵਾਇਤਾਂ ਤੇ ਸਭਿਆਚਾਰਕ ਕਦਰਾਂ ਕੀਮਤਾਂ ਵਾਲੇ ਲੋਕਾਂ ਨੂੰ ਇਕੱਠਾ ਕਰਨ ਵਿਚ ਸਹਾਈ ਹੋਈ। ਇਸ ਵਿਦਿਆ ਨੇ ਲੋਕ-ਤੰਤਰੀ ਨਿਯਮਾਂ ਅਨੁਸਾਰ ਜਥੇਬੰਦੀਆਂ

---

13. A.R. Desai — *Social Background of Indian Nationalism*, p. 139.
14. Sukhbir Chowdry — *Growth of Nationalism in India* (Vol I), p. 21.
15. *Social Background of Indian Nationalism*, p. 151.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਨਾਉਣ, ਸਾਲਾਨਾ ਚੋਣਾਂ ਕਰਾਉਣ, ਖੁੱਲ੍ਹੇ ਸਮਾਗਮ ਅਤੇ ਖੁੱਲ੍ਹੀਆਂ ਬਹਿਸਾਂ ਕਰਨ ਦਾ ਢੰਗ ਵੀ ਸੁਝਾਇਆ ਅਤੇ ਇਉਂ ਰਾਸ਼ਟਰਵਾਦੀ ਚੇਤਨਾ ਨੂੰ ਫੈਲਾਣ ਦਾ ਤਰੀਕਾ ਦੱਸ ਦਿੱਤਾ।

ਮੱਢਲੇ ਭਾਰਤੀ ਵਿਦਿਆਰਥੀ ਪ੍ਰੈੱਸ ਅਤੇ ਵਿਚਾਰਧਾਰਕ ਆਜ਼ਾਦੀ ਦਾ ਮਹੱਤਵ ਵੀ ਸਮਝ ਗਏ ਅਤੇ ਪਿੱਛੋਂ ਇਹੀ ਪ੍ਰੈੱਸ ਭਾਰਤੀਆਂ ਦੀਆਂ ਲੋੜਾਂ ਅਤੇ ਅੰਗਰੇਜ਼ ਸਰਕਾਰ ਦੀਆਂ ਜ਼ਿਆਦਤੀਆਂ ਪ੍ਰਤੀ ਭਾਰਤੀਆਂ ਨੂੰ ਸੁਚੇਤ ਕਰਨ ਦਾ ਵੱਡਾ ਸੋਮਾ ਬਣ ਗਿਆ।

ਜਿਵੇਂ ਧਾਰਮਕ, ਸਮਾਜਕ ਤੇ ਰਾਜਨੀਤਿਕ ਲਹਿਰਾਂ ਦੀ ਅਗਵਾਈ ਬੰਗਾਲ ਨੇ ਕੀਤੀ, ਇਵੇਂ ਹੀ ਪ੍ਰੈੱਸ ਦਾ ਮਹੱਤਵ ਵੀ ਸਭ ਤੋਂ ਪਹਿਲਾਂ ਅੰਗਰੇਜ਼ੀ ਸਾਮਰਾਜ ਦਾ ਸ਼ਿਕਾਰ ਹੋਏ ਬੰਗਾਲੀਆਂ ਨੇ ਹੀ ਸਮਝਿਆ। ਮਿਸਾਲ ਵਜੋਂ, ਰਾਸ਼ਟਰੀ ਮੰਤਵ ਲਈ ਪ੍ਰੈੱਸ ਦੀ ਵਰਤੋਂ ਸਭ ਤੋਂ ਪਹਿਲਾਂ ਰਾਜਾ ਰਾਮ ਮੋਹਨ ਰਾਏ ਨੇ ਹੀ 1821 ਈ: ਵਿਚ 'ਸੰਬਾਦ-ਕਮੁਦੀ' ਨਾਮ ਦਾ ਬੰਗਾਲੀ ਪੱਤਰ ਜਾਰੀ ਕਰ ਕੇ ਕੀਤੀ। ਇਸ ਪੱਤਰ ਨੇ ਦਿਲਚਸਪ ਤੇ ਵਿਚਾਰ-ਭਰਪੂਰ ਢੰਗ ਨਾਲ ਬੰਗਾਲ ਦੇ ਜਾਗੀਰਦਾਰਾਂ ਤੇ ਉੱਚੀਆਂ ਜਮਾਤਾਂ ਦੀ ਸ਼ਾਹ-ਖ਼ਰਚੀ ਤੇ ਅੱਯਾਸ਼ੀ ਸਾਹਮਣੇ ਲਿਆਂਦੀ। ਇਸ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਪੱਤਰ ਜਾਰੀ ਹੋਣੇ ਸ਼ੁਰੂ ਹੋ ਗਏ, ਪਰ ਇਨ੍ਹਾਂ ਵਿਚੋਂ ਬਹੁਤੇ ਵਪਾਰਕ ਰੁਚੀਆਂ ਦਾ ਧਿਆਨ ਰੱਖਦੇ ਸਨ, ਕੁਝ ਬਦੇਸ਼ੀ ਸਰਕਾਰ ਦੀ ਹਮਾਇਤ ਕਰਦੇ ਸਨ, ਅਤੇ ਕਈ ਰਾਸ਼ਟਰਵਾਦੀਆਂ ਤੇ ਸਰਕਾਰ ਦੋਹਾਂ ਨੂੰ ਨਿੰਦਦੇ ਸਨ।[16] ਪਰ ਇਹਨਾਂ ਵਿਚੋਂ ਮੋਤੀ ਲਾਲ ਘੋਸ਼ ਵਲੋਂ 1868 ਵਿਚ ਚਲਾਇਆ ਗਿਆ 'ਅੰਮ੍ਰਿਤ ਬਾਜ਼ਾਰ ਪਤ੍ਰਿਕਾ', ਸੁਰਿੰਦਰ ਨਾਥ ਬੈਨਰਜੀ ਦੁਆਰਾ 1879 ਵਿਚ ਜਾਰੀ ਹੋਇਆ 'ਬੰਗਾਲੀ' ਆਦਿ, ਰਾਸ਼ਟਰੀ ਮਸਲਿਆਂ 'ਤੇ ਟਿੱਪਣੀ ਕਰਨ ਵਾਲੇ ਜ਼ੋਰਦਾਰ ਪੱਤਰ ਸਨ।[17] ਇਸੇ ਤਰ੍ਹਾਂ 1880 ਵਿਚ ਲਾਹੌਰ ਤੋਂ ਛਪਣ ਵਾਲੇ 'ਦ' ਟ੍ਰਿਬਿਊਨ' ਅਤੇ 1878 ਈ: ਵਿਚ ਮਦਰਾਸ ਤੋਂ ਸ਼ੁਰੂ ਹੋਏ 'ਦ' ਹਿੰਦੂ' ਨੂੰ ਉਦਾਰਵਾਦੀ ਰਾਸ਼ਟਰਵਾਦ ਦੇ ਪ੍ਰਚਾਰਕ ਹੋਣ ਦਾ ਨਾਮਣਾ ਮਿਲਿਆ। ਇਸ ਦੌਰ ਵਿਚ ਅੰਗਰੇਜ਼ੀ ਪ੍ਰਬੰਧ ਦੇ ਕੱਟੜ ਵਿਰੋਧੀਆਂ ਨੇ ਵੀ ਆਪਣੇ ਵਿਚਾਰਾਂ ਦੇ ਸੰਚਾਰ ਲਈ ਦੋ ਪੱਤਰ 'ਕੇਸਰੀ' (ਮਰਾਠੀ) ਅਤੇ 'ਮਰਾਠਾ' (ਅੰਗਰੇਜ਼ੀ) ਮਹਾਰਾਸ਼ਟਰ ਦੇ ਬਾਲ ਗੰਗਾਧਰ ਤਿਲਕ ਦੀ ਅਗਵਾਈ ਵਿਚ ਜਾਰੀ ਕੀਤੇ।[18] ਇਸੇ ਤਰ੍ਹਾਂ ਕਾਂਗਰਸ ਪਾਰਟੀ ਨੇ ਵੀ ਰਾਜਨੀਤਕ ਤੇ ਸਮਾਜਕ ਚੇਤਨਾ ਪੈਦਾ ਕਰਨ ਦੇ ਮਨੋਰਥ ਨਾਲ 1919 ਵਿਚ 'ਦ'

---

16. Sukhbir Chowdry — *Growth of Nationalism in India* (Vol. 1), p. 24,25.
17. N.M P. Srivastava — *Growth of Nationalism in India*, p. 25.
18. A.R. Desai — *Social Background of Indian Nationalism*, p. 192.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਡੀਪੈਂਡੈਂਟ' ਅਤੇ 1922 ਵਿਚ 'ਸਵਰਾਜਯ' ਨਾਮ ਦੇ ਪੱਤਰ ਪੰਡਿਤ ਮੋਤੀ ਲਾਲ ਨਹਿਰੂ ਦੀ ਅਗਵਾਈ ਵਿਚ ਜਾਰੀ ਕੀਤੇ।

1917 ਈ: ਦੇ ਰੂਸੀ ਇਨਕਲਾਬ ਦੀਆਂ ਪ੍ਰਾਪਤੀਆਂ ਦਾ ਜੱਸ ਗਾਇਨ ਕਰਨ ਵਾਲੇ ਅਤੇ ਸਮਾਜਵਾਦੀ ਸਮਾਜ ਦੀ ਸਥਾਪਤੀ ਦੇ ਇੱਛੁਕ ਲੋਕਾਂ ਨੇ ਵੀ ਅਨੇਕਾਂ ਪੱਤਰ ਜਾਰੀ ਕੀਤੇ। ਮਿਸਾਲ ਵਜੋਂ, 1922 ਵਿਚ ਲਾਹੌਰ ਤੋਂ ਜਾਰੀ ਹੋਇਆ ਉਰਦੂ ਪਰਚਾ 'ਇਨਕਲਾਬ', 1923 ਵਿਚ ਕਾਮਰੇਡ ਡਾਂਗੇ ਦੀ ਅਗਵਾਈ ਵਿਚ ਬੰਬਈ ਤੋਂ ਜਾਰੀ ਹੋਇਆ ਅੰਗਰੇਜ਼ੀ ਪਰਚਾ 'ਦ' ਸੋਸ਼ਲਿਸਟ', 1923 ਵਿਚ ਲਖਨਊ ਤੋਂ ਜਾਰੀ ਹੋਏ 'ਹਮਦਰਦ' ਅਤੇ 'ਮਜ਼ਦੂਰ' ਪੱਤਰਾਂ ਦੇ ਬਿਨਾਂ ਪੰਜਾਬ ਵਿਚ 1925 ਵਿਚ ਜਾਰੀ ਕੀਤੇ ਗਏ 'ਕਿਰਤੀ' ਜਿਹੇ ਪੱਤਰਾਂ ਨੇ ਅੰਗਰੇਜ਼ ਸਾਮਰਾਜ ਵਿਰੋਧੀ ਭਾਵਨਾਵਾਂ ਨੂੰ ਤੀਬਰ ਕਰਨ ਦੇ ਇਲਾਵਾ ਸਮਾਜਕ ਨਾ-ਬਰਾਬਰੀ ਨੂੰ ਮਿਟਾਣ ਦਾ ਵੀ ਜ਼ੋਰਦਾਰ ਪ੍ਰਚਾਰ ਕੀਤਾ।

1930 ਵਿਚ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਚਲ ਰਹੀ 'ਨਾ-ਮਿਲਵਰਤਣ ਲਹਿਰ' ਸਮੇਂ ਪ੍ਰੈੱਸ ਨੇ ਵੱਡੇ ਪੱਧਰ ਉਤੇ ਸਹਿਯੋਗ ਦਿੱਤਾ, ਜਿਸ ਦੇ ਨਤੀਜੇ ਵਜੋਂ ਅੰਗਰੇਜ਼ ਸਰਕਾਰ ਨੇ ਪ੍ਰੈੱਸ ਆਰਡੀਨੈਂਸ ਜਾਰੀ ਕੀਤਾ। ਇਸ ਆਰਡੀਨੈਂਸ ਰਾਹੀਂ 67 ਰਾਸ਼ਟਰੀ ਅਖ਼ਬਾਰ ਅਤੇ 55 ਪ੍ਰਿੰਟਿੰਗ ਪ੍ਰੈੱਸ ਅੰਗਰੇਜ਼ ਵਿਰੋਧੀ ਸਾਹਿਤ ਛਾਪਣ ਬਦਲੇ ਜਬਰੀ ਬੰਦ ਕਰਵਾ ਦਿੱਤੇ ਗਏ। ਪਰ ਇਸ ਦੇ ਬਾਵਜੂਦ ਸਮਾਜ ਸੁਧਾਰਕਾਂ ਅਤੇ ਰਾਜਸੀ ਨੇਤਾਵਾਂ ਦੀ ਅਗਵਾਈ ਵਿਚ ਚੱਲਣ ਵਾਲੇ ਪੱਤਰਾਂ ਨੇ ਰਾਜਨੀਤਿਕ ਤੇ ਸਮਾਜਕ ਲਹਿਰਾਂ ਦੀ ਜ਼ੋਰਦਾਰ ਤਰਜ਼ਮਾਨੀ ਕਰ ਕੇ ਅੰਗਰੇਜ਼ੀ ਹਕੂਮਤ ਲਈ ਸੰਕਟ ਖੜਾ ਕਰੀ ਰੱਖਿਆ। ਪ੍ਰੈੱਸ ਨੇ ਆਪਣਾ ਇਹ ਫ਼ਰਜ਼ ਆਜ਼ਾਦ ਭਾਰਤ ਵਿਚ ਵੀ ਨਹੀਂ ਭੁਲਾਇਆ, ਸਗੋਂ ਰਾਜਨੀਤਕ ਤੇ ਸਮਾਜਕ ਸੁਧਾਰਾਂ ਦੇ ਬਿਨਾਂ ਭਾਰਤੀਆਂ ਦੀ ਆਰਥਕ ਗ਼ੁਲਾਮੀ ਵਿਰੁਧ ਜਹਾਦ ਜਾਰੀ ਰੱਖਿਆ ਹੈ।

ਭਾਰਤ ਵਿਚ ਸੁਤੰਤਰਤਾ ਸੰਗਰਾਮ

ਭਾਰਤੀ ਸੁਤੰਤਰਤਾ ਸੰਗਰਾਮ ਦੀ ਅਸਲ ਸ਼ੁਰੂਆਤ 1875 ਈ: ਤੋਂ ਹੋਈ, ਜਦੋਂ ਅੰਗਰੇਜ਼ੀ ਸਰਕਾਰ ਵਲੋਂ ਬੀਜਿਆ 'ਰਾਸ਼ਟਰੀਅਤਾ ਦਾ ਬੀਜ' ਫੁਟ ਕੇ ਸਾਹਮਣੇ ਆ ਗਿਆ। ਇਸ ਤੋਂ ਪਹਿਲਾਂ ਭਾਰਤੀ ਸਮਾਜ ਦੇ ਵੱਖ ਵੱਖ 'ਸਮੂਹ' ਸੰਗਠਨ ਬਣਾਉਂਦੇ ਰਹੇ, ਕਿਤੇ ਕਿਤੇ 'ਅੰਦੋਲਨ' ਵੀ ਚਲਾਉਂਦੇ ਰਹੇ, ਪਰ ਇਨ੍ਹਾਂ ਦਾ ਧਿਆਨ ਭਵਿੱਖ ਵਲ ਘੱਟ, ਤੇ ਭੂਤ ਵਲ ਜ਼ਿਆਦਾ ਰਿਹਾ। 1837 ਈ: ਵਿਚ ਕਲਕੱਤਾ ਵਿਖੇ ਸਥਾਪਤ ਹੋਈ 'ਜ਼ਿਮੀਦਾਰਾ ਐਸੋਸੀਏਸ਼ਨ', 1848 ਈ: ਵਿਚ ਬੰਬਈ ਵਿਚ ਸਥਾਪਤ ਹੋਈ 'ਲਿਟਰੇਰੀ ਐਂਡ ਸਾਇੰਟਿਫ਼ਿਕ ਸੁਸਾਇਟੀ', 1865 ਈ: ਵਿਚ ਦਾਦਾ ਭਾਈ ਨਾਰੋਜੀ ਦੀ ਅਗਵਾਈ ਵਿਚ ਸਥਾਪਤ ਹੋਈ 'ਲੰਡਨ-ਇੰਡੀਅਨ ਸੁਸਾਇਟੀ' ਜਿਹੀਆਂ ਜੱਥੇਬੰਦੀਆਂ ਕਦੇ ਕਦੇ ਆਰਥਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਜਮਾਤੀ ਲਾਭਾਂ ਦੀ ਖ਼ਾਤਰ ਜੱਥੇਬੰਧਕ ਰੋਸ ਪ੍ਰਗਟ ਕਰਦੀਆਂ ਰਹੀਆਂ ਪਰ ਇਨ੍ਹਾਂ ਦਾ ਘੇਰਾ ਬਹੁਤ ਸੀਮਿਤ ਰਿਹਾ ।

ਸਮੁੱਚੇ ਭਾਰਤ ਨੂੰ ਇਕ ਰਾਸ਼ਟਰੀ ਸ਼ਕਤੀ ਦੇ ਰੂਪ ਵਿਚ ਜੱਥੇਬੰਦ ਕਰਨ ਦਾ ਕੰਮ 1875 ਈ: ਵਿਚ ਕਲਕੱਤੇ ਵਿਚ ਸਥਾਪਤ ਕੀਤੀ ਗਈ 'ਇੰਡੀਆ ਲੀਗ' ਨੇ ਕੀਤਾ । ਇਸ ਲੀਗ ਦਾ ਮਨੋਰਥ ਲੋਕਾਂ ਅੰਦਰ ਰਾਸ਼ਟਰੀਅਤਾ ਦਾ ਅਹਿਸਾਸ ਜਗਾਉਣਾ ਤੇ ਰਾਜਨੀਤਕ ਸਿੱਖਿਆ ਨੂੰ ਉਤਸ਼ਾਹਤ ਕਰਨਾ ਸੀ ।[19] ਲੀਗ ਦੇ ਜਨਮ ਤੋਂ ਇਕ ਸਾਲ ਬਾਅਦ ਹੀ ਸੁਰਿੰਦਰ ਨਾਥ ਬੈਨਰਜੀ ਦੀ ਅਗਵਾਈ ਵਿਚ 'ਇੰਡੀਅਨ ਐਸੋਸੀਏਸ਼ਨ' ਦਾ ਜਨਮ ਹੋਇਆ । ਇਹ ਐਸੋਸੀਏਸ਼ਨ ਸਾਰੀਆਂ ਜਾਤਾਂ ਤੇ ਲੋਕਾਂ ਵਿਚ ਰਾਜਨੀਤਕ ਰੁੱਚੀਆਂ ਦੀ ਸਾਂਝ ਪੈਦਾ ਕਰਨ, ਖ਼ਾਸ ਤੌਰ 'ਤੇ ਹਿੰਦੂਆਂ ਤੇ ਮੁਸਲਮਾਨਾਂ ਵਿਚ ਰਾਜਨੀਤਕ ਏਕਤਾ ਪੈਦਾ ਕਰਨ ਦਾ ਯਤਨ ਕਰਦੀ ਰਹੀ । ਇਸ ਐਸੋਸੀਏਸ਼ਨ ਨੂੰ ਪਹਿਲੀ ਵਾਰ ਜੱਥੇਬੰਧਕ ਰੋਸ ਲਹਿਰ ਜਗਾਉਣ ਦਾ ਮੌਕਾ ਉਦੋਂ ਮਿਲਿਆ ਜਦੋਂ 'ਸਿਵਲ ਸਰਵਿਸ ਇਮਤਿਹਾਨ' ਵਿਚ ਭਾਰਤੀਆਂ ਦੇ ਬੈਠਣ ਦੀ ਵੱਧ ਤੋਂ ਵੱਧ ਉਮਰ 21 ਸਾਲ ਤੋਂ ਘਟਾ ਕੇ 19 ਸਾਲ ਕਰ ਦਿੱਤੀ ਗਈ । ਆਰਥਕ ਕਾਰਨਾਂ ਤੋਂ ਪ੍ਰਭਾਵਤ ਹੋਈ ਪੜ੍ਹੀ-ਲਿਖੀ ਸ਼੍ਰੇਣੀ ਨੇ ਧਾਰਮਕ ਭਿੰਨ-ਭੇਦਤਾ ਨੂੰ ਭੁਲਾ ਕੇ, ਪਹਿਲੀ ਵਾਰ ਸਾਂਝੇ ਲਖਸ਼ ਲਈ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿਚ ਜੱਥੇਬੰਧਕ ਰੋਸ ਪ੍ਰਗਟ ਕੀਤਾ ।[20] ਇਉਂ ਅੰਗਰੇਜ਼ੀ ਸਾਮਰਾਜ ਵਲੋਂ ਪੈਦਾ ਕੀਤੀ ਗਈ ਵਪਾਰਕ ਅਤੇ ਪ੍ਰਬੰਧਕੀ ਸ਼੍ਰੇਣੀ ਹੀ ਸਭ ਤੋਂ ਪਹਿਲਾਂ ਅੰਗਰੇਜ਼ੀ ਰਾਜ ਦੇ ਹਿੱਤਾਂ ਨਾਲ ਟਕਰਾ ਗਈ ।

ਅਕਟੇਵੀਅਨ ਹਿਊਮ ਨਾਮ ਦੇ ਬ੍ਰਤਾਨਵੀ ਨਾਗਰਿਕ ਦੀ ਪ੍ਰੇਰਨਾ ਨਾਲ 1885 ਈ: ਵਿਚ 'ਇੰਡੀਅਨ ਨੈਸ਼ਨਲ ਕਾਂਗਰਸ' ਦਾ ਜਨਮ ਹੋਇਆ । ਇਸ ਰਾਜਸੀ ਪਾਰਟੀ ਦਾ ਜਨਮ ਭਾਰਤੀ ਆਜ਼ਾਦੀ ਦੀ ਲਹਿਰ ਵਿਚ ਇਕ ਵਿਸ਼ੇਸ਼ ਮੋੜ ਸੀ । ਬੰਬਈ ਵਿਖੇ 1885 ਈ: ਵਿਚ ਕਰਵਾਏ ਗਏ ਇਸ ਦੇ ਪਹਿਲੇ ਸਮਾਗਮ ਵਿਚ ਹੀ 'ਬ੍ਰਿਟਿਸ਼ ਇੰਡੀਅਨ ਐਸੋਸੀਏਸ਼ਨ' ਅਤੇ 'ਇੰਡੀਅਨ ਐਸੋਸੀਏਸ਼ਨ' ਜਿਹੀਆਂ ਜੱਥੇਬੰਧੀਆਂ ਵੀ ਆ ਮਿਲੀਆਂ । ਕੇਵਲ ਮੁਸਲਮਾਨਾਂ ਦੀ ਨੁਮਾਇੰਦਗੀ ਕਰ ਰਹੀ ਸ਼ਕਤੀਸ਼ਾਲੀ ਜੱਥੇਬੰਦੀ 'ਨੈਸ਼ਨਲ ਮੁਹੰਮਡਨ ਐਸੋਸੀਏਸ਼ਨ' ਹੀ ਇਸ ਤੋਂ ਬਾਹਰ ਰਹੀ । ਸ਼ੁਰੂ ਵਿਚ ਕਾਂਗਰਸ ਪਾਰਟੀ ਵਿਧਾਨਕਾਰੀ ਕੌਂਸਲ ਨੂੰ ਸੁਧਾਰਨ ਦੀ ਹੀ ਮੰਗ ਕਰਦੀ ਰਹੀ ਤਾਂ ਕਿ ਵੱਧ ਤੋਂ ਵੱਧ ਭਾਰਤੀ ਚੁਣੇ ਜਾ ਸਕਣ ।[21] ਪਾਰਟੀ ਨੇ ਬਦੇਸ਼ਾਂ ਵਿਚ ਕੰਮ ਕਰਦੇ ਭਾਰਤੀ ਮਜ਼ਦੂਰਾਂ ਦੀ ਸਥਿਤੀ ਸੁਖਾਲੀ ਕਰਨ ਲਈ ਵੀ ਅੰਦੋਲਨ ਕੀਤਾ, ਕਿਉਂਕਿ ਇਨ੍ਹਾਂ ਦੇਸਾਂ ਵਿਚ ਭਾਰਤੀ ਮਜ਼ਦੂਰਾਂ ਨੂੰ ਰੰਗ-

---

19. Anil Seal — *The Emergence of Indian Nationalism*, p. 198.
20. Surendra Nath Benerjea — *A Nation in Making*, p. 44.
21. N.M.P. Srivastava — *Growth of Nationalism in India*, p. 3.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੇਦ ਅਤੇ ਜ਼ੁਲਮ ਦਾ ਸ਼ਿਕਾਰ ਹੋਣਾ ਪੈਂਦਾ ਸੀ।[22]

1905 ਤੋਂ ਪਹਿਲਾਂ ਤੱਕ ਕਾਂਗਰਸ ਪਾਰਟੀ ਉਤੇ ਉਦਾਰ-ਰਾਸ਼ਟਰਵਾਦ ਦਾ ਹੀ ਪ੍ਰਭਾਵ ਰਿਹਾ। ਇਸ ਸਥਿਤੀ ਵਿਚ ਬਾਲ ਗੰਗਾਧਰ ਤਿਲਕ, ਲਾਲਾ ਲਾਜਪਤ ਰਾਏ ਤੇ ਬਿਪਨ ਚੰਦਰ ਪਾਲ ਨੇ ਕਾਂਗਰਸ ਨੂੰ ਅਤੇ ਬਦੇਸ਼ੀ ਰਾਜ ਨੂੰ ਨਿੰਦਿਆ। ਅਜਿਹੇ ਜੋਸ਼ੀਲੇ ਕਾਂਗਰਸੀਆਂ ਦੀਆਂ ਕੋਸ਼ਿਸ਼ਾਂ ਕਾਰਨ ਹੀ ਕਾਂਗਰਸ ਨੇ 'ਸਵੈਦੇਸ਼ੀ ਮੁਹਿੰਮ' ਚਲਾਈ। ਸੁਤੰਤਰਤਾ ਸੰਗਰਾਮ ਵਿਚ ਇਹ ਕ੍ਰਾਂਤੀਕਾਰੀ ਪ੍ਰੀਵਰਤਨ ਸੀ।[23] ਉਨ੍ਹਾਂ ਦੇ ਇਸ ਨਵੇਂ ਜੋਸ਼ ਪਿੱਛੇ 1905 ਵਿਚ ਰੂਸ-ਜਾਪਾਨ ਯੁੱਧ ਵਿਚ ਜਾਪਾਨ ਹੱਥੋਂ ਹੋਈ ਰੂਸ ਦੀ ਹਾਰ ਦਾ ਵੀ ਪ੍ਰਭਾਵ ਸੀ। ਅਜਿਹੇ ਭਾਰਤੀਆਂ ਲਈ ਜਾਪਾਨ ਦੀ ਇਹ ਜਿੱਤ ਸਾਰੇ ਏਸ਼ੀਆ ਦੀ ਜਿੱਤ ਸੀ ਜੋ ਬਦੇਸ਼ੀ ਸਾਮਰਾਜ ਅਧੀਨ ਸੀ।[24]

ਦਰਅਸਲ 1905 ਦਾ ਸਾਲ ਏਸ਼ੀਆ ਮਹਾਂ-ਦੀਪ ਵਿਚ ਰਾਸ਼ਟਰਵਾਦੀ ਲਹਿਰਾਂ ਦੀ ਵਿਸ਼ੇਸ਼ ਸਰਗਰਮੀ ਦਾ ਸਾਲ ਸੀ। ਇਸੇ ਅੰਤਰ-ਰਾਸ਼ਟਰੀ ਜਾਂ ਏਸ਼ੀਆਈ ਸਥਿਤੀ ਨੇ ਭਾਰਤ ਵਿਚ ਖ਼ਾਸ ਤੌਰ 'ਤੇ ਬੰਗਾਲ ਵਿਚ 'ਸਾਂਝਾ ਬੰਗਾਲ' ਤੇ 'ਬੰਦੇ ਮਾਤਰਮ' ਦੇ ਨਾਅਰੇ ਪੈਦਾ ਕੀਤੇ, ਕਿਉਂਕਿ ਇਸੇ ਸਾਲ ਲਾਰਡ ਕਰਜ਼ਨ ਨੇ ਬੰਗਾਲ ਵੰਡ ਦਾ ਐਲਾਨ ਕੀਤਾ ਸੀ। ਕਰਜ਼ਨ ਨੇ ਪੂਰਬੀ ਬੰਗਾਲ ਨੂੰ ਵੱਖ ਕਰ ਕੇ ਇਕ ਪਾਸੇ ਤਾਂ ਪੱਛੜੇ ਮੁਸਲਮਾਨਾਂ ਨੂੰ ਪ੍ਰਸੰਨ ਕਰ ਲਿਆ ਤੇ ਦੂਜੇ ਪਾਸੇ ਬੰਗਾਲੀ ਰਾਸ਼ਟਰਵਾਦੀਆਂ ਨੂੰ ਸੱਟ ਮਾਰੀ। ਪਰ ਇਸ ਵੰਡ ਨੇ ਬੰਗਾਲ ਵਿਚ ਰਾਜਨੀਤਕ ਅਤਿਵਾਦ ਤੇ ਆਤੰਕਵਾਦ ਪੈਦਾ ਕਰ ਦਿੱਤਾ। ਨਾਲ ਹੀ ਬੰਗਾਲੀਆਂ ਨੇ ਸਵੈਦੇਸ਼ੀ ਮਾਲ ਵਰਤਣ ਤੇ ਇੰਗਲੈਂਡ ਤੋਂ ਬਣ ਕੇ ਆਏ ਮਾਲ ਦਾ ਤਿਆਗ ਕਰਨ ਦੇ ਹੱਕ ਵਿਚ ਅੰਦੋਲਨ ਚਲਾ ਕੇ, ਇੰਗਲੈਂਡ ਦੇ ਪੂੰਜੀਪਤੀਆਂ ਦੇ ਹਿੱਤਾਂ ਨੂੰ ਜ਼ਬਰਦਸਤ ਸੱਟ ਮਾਰੀ। ਇਸ ਲਹਿਰ ਦੌਰਾਨ ਬਦੇਸ਼ੀ ਵਸਤਾਂ ਦੇ ਨਾਲ ਨਾਲ ਸਰਕਾਰੀ ਪਦਵੀਆਂ, ਸਨਮਾਨਾਂ, ਸਰਕਾਰੀ ਕੌਂਸਲਾਂ ਤੇ ਵਿਦਿਅਕ ਸੰਸਥਾਵਾਂ ਦੇ ਤਿਆਗ ਦੀ ਮੁਹਿੰਮ ਚਲਾ ਕੇ ਸਰਕਾਰੀ ਢਾਂਚੇ ਨੂੰ ਹਿਲਾਉਣ ਦਾ ਯਤਨ ਕੀਤਾ ਗਿਆ। ਬਦੇਸ਼ਾਂ ਵਿਚ ਵਸਦੇ ਭਾਰਤੀਆਂ ਨੇ ਵੀ ਆਪਣਾ ਰਾਸ਼ਟਰੀ ਫ਼ਰਜ਼ ਨਿਭਾਉਣ ਲਈ 1905 ਈ: ਵਿਚ ਲੰਡਨ ਵਿਚ 'ਇੰਡੀਅਨ ਹੋਮ-ਰੂਲ ਸੁਸਾਇਟੀ' ਸਥਾਪਤ ਕਰ ਕੇ ਕ੍ਰਾਂਤੀਕਾਰੀ ਸਾਹਿਤ ਅਤੇ ਹਥਿਆਰ ਗੁਪਤ ਰੂਪ ਵਿਚ ਭਾਰਤ ਭੇਜਣ ਦਾ ਕੰਮ ਸ਼ੁਰੂ ਕੀਤਾ।[25]

ਇਸ ਸੰਘਰਸ਼ ਵਿਚ ਪਹਿਲੀ ਵਾਰ ਲੋਕ-ਸ਼ਕਤੀ ਦੀ ਵਰਤੋਂ ਕੀਤੀ ਗਈ। ਬਾਲ

---

22. N.M.P. Srivastava — *Growth of Nationalism in India*, p. 60.
23. K.R. Minogue — *Natianalism* (1969), p. 27.
24. *Growth of Nationalism in India*, p. 2.
25. A.R. Desai — *Social Background of Indian Nationalism*, p. 340.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੰਗਾਧਰ ਤਿਲਕ ਜਿਹੇ ਨੇਤਾਵਾਂ ਨੇ ਧਾਰਮਕ ਤਿਉਹਾਰਾਂ ਨੂੰ ਰਾਜਸੀ ਵਿਚਾਰਾਂ ਦੇ ਪ੍ਰਚਾਰ ਦਾ ਮਾਧਿਅਮ ਬਣਾਇਆ। ਤਿਲਕ ਦੀ ਵਿਚਾਰਧਾਰਾ ਦਾ ਲੋਕਾਂ 'ਤੇ ਕ੍ਰਾਂਤੀਕਾਰੀ ਪ੍ਰਭਾਵ ਪੈਂਦਾ ਦੇਖ ਕੇ, ਸਰਕਾਰ ਨੇ 1906 ਵਿਚ ਤਿਲਕ ਨੂੰ ਗ੍ਰਿਫਤਾਰ ਕਰ ਕੇ 6 ਸਾਲ ਲਈ ਜਲਾਵਤਨ ਕਰ ਦਿੱਤਾ । ਇਸ ਸਜ਼ਾ ਦਾ ਵੀ ਦੇਸ਼-ਬਦੇਸ਼ ਵਿਚ ਪ੍ਰਤਿਕਰਮ ਹੋਇਆ। ਭਾਰਤੀ ਮਜ਼ਦੂਰਾਂ ਨੇ ਵੀ ਵੱਡੀ ਪੱਧਰ ਦੀ ਹੜਤਾਲ ਕੀਤੀ ਤੇ ਕਈ ਥਾਈਂ ਸੈਨਾ ਨਾਲ ਲੋਕਾਂ ਨੇ ਟੱਕਰ ਵੀ ਲਈ ।[26] ਅਖ਼ੀਰ 1911 ਵਿਚ ਦੋਹਾਂ ਬੰਗਾਲਾਂ ਨੂੰ ਮੁੜ ਇਕੱਠਾ ਕੀਤਾ ਗਿਆ।

1905 ਤੋਂ ਸ਼ੁਰੂ ਹੋਏ ਆਤੰਕਵਾਦੀ ਯਤਨ ਜਾਰੀ ਰਹੇ। ਬੰਬ ਬਨਾਉਣ, ਹਥਿਆਰ ਪ੍ਰਾਪਤ ਕਰਨ, ਡਾਕੇ ਮਾਰਨ ਅਤੇ ਅਫ਼ਸਰ ਸ਼੍ਰੇਣੀ ਅੰਦਰ ਡਰ ਪੈਦਾ ਕਰਨ ਦਾ ਰਾਹ ਅਪਣਾ ਲਿਆ ਗਿਆ । ਬਦੇਸ਼ੀ ਭਾਰਤੀਆਂ ਨੇ ਲੰਡਨ, ਪੈਰਿਸ ਅਤੇ ਨਿਊ ਯਾਰਕ ਵਿਚ ਕ੍ਰਾਂਤੀਕਾਰੀ ਤੇ ਤਸ਼ਦੱਦ-ਪਸੰਦ ਕੇਂਦਰ ਸਥਾਪਤ ਕਰ ਲਏ ਸਨ।[27] ਲਾਲਾ ਹਰਦਿਆਲ ਨੇ 1911 ਵਿਚ ਅਮਰੀਕਾ ਵਿਚ 'ਇੰਡੀਅਨ ਐਸੋਸੀਏਸ਼ਨ ਆਫ਼ ਪੈਸਫ਼ਿਕ ਕੋਸਟ' ਨਾਮ ਦੀ ਜੱਥੇਬੰਧੀ ਕਾਇਮ ਕੀਤੀ। ਇਸੇ ਜੱਥੇਬੰਧੀ ਨੂੰ 1913 ਤੋਂ 'ਗ਼ਦਰ ਪਾਰਟੀ' ਕਿਹਾ ਗਿਆ। ਇਸ ਪਾਰਟੀ ਨੇ ਸਾਨ ਫ਼ਰਾਂਸਿਸਕੋ ਤੋਂ 'ਗ਼ਦਰ' ਪਰਚਾ ਜਾਰੀ ਕੀਤਾ। ਇਸ ਪਾਰਟੀ ਨੇ ਪੰਜਾਬੀਆਂ ਵਿਚ ਵਿਸ਼ੇਸ਼ ਰਾਸ਼ਟਰੀ ਚੇਤਨਾ ਪੈਦਾ ਕੀਤੀ। ਗ਼ਦਰੀਆਂ ਨੇ ਸਮੁੱਚੇ ਹਿੰਦੂ-ਸਤਾਨ ਦਾ ਇਕ ਝੰਡਾ 1914 ਦੇ ਸ਼ੁਰੂ ਵਿਚ ਅਮਰੀਕਾ ਵਿਚ ਝੁਲਾਇਆ। ਅਜਿਹੇ ਝੰਡੇ ਪੰਜਾਬ ਦੇ ਲੋਕਾਂ ਵਿਚ ਗੁਪਤ ਤੌਰ 'ਤੇ ਵੰਡੇ ਵੀ ਗਏ।[28] ਇਸੇ ਸਾਲ ਇਕ ਹਜ਼ਾਰ ਦੇ ਕਰੀਬ ਗ਼ਦਰੀ ਕ੍ਰਾਂਤੀਕਾਰੀ ਕਾਰਵਾਈਆਂ ਕਰਨ ਲਈ ਪੰਜਾਬ ਆ ਪਹੁੰਚੇ। ਲਾਹੌਰ ਵਿਚ ਇਕ ਮੁੱਖ ਦਫ਼ਤਰ ਖੋਲ੍ਹ ਕੇ, ਅੰਮ੍ਰਿਤਸਰ ਵਿਚ ਇਕ ਬੰਬ ਬਨਾਉਣ ਦੀ ਫ਼ੈਕਟਰੀ ਵੀ ਸਥਾਪਤ ਕੀਤੀ। ਇਸ ਪਾਰਟੀ ਨੇ ਭਾਰਤੀ ਸੈਨਾਵਾਂ ਦੀ ਮਦਦ ਨਾਲ 15 ਫ਼ਰਵਰੀ, 1915 ਦੀ ਅੱਧੀ ਰਾਤ ਨੂੰ ਗ਼ਦਰ ਕਰਨ ਦੀ ਯੋਜਨਾ ਬਣਾਈ, ਪਰ ਬਦ-ਕਿਸਮਤੀ ਨਾਲ ਸਰਕਾਰ ਨੂੰ ਸੂਹ ਮਿਲ ਜਾਣ ਕਰਕੇ ਗ਼ਦਰੀ ਪਕੜੇ ਗਏ। ਪਕੜੇ ਗਏ ਗ਼ਦਰੀਆਂ ਵਿਚੋਂ 175 ਨੂੰ ਫਾਂਸੀ, 58 ਨੂੰ ਦੇਸ਼-ਨਿਕਾਲਾ ਤੇ 58 ਹੋਰ ਨੂੰ ਥੋੜ੍ਹੇ ਸਮੇਂ ਦੀਆ ਸਜ਼ਾਵਾਂ ਹੋਈਆਂ। ਫਾਂਸੀ ਲੱਗੇ ਗ਼ਦਰੀਆਂ ਵਿਚ 19 ਸਾਲਾ ਨੌਜਵਾਨ ਕਰਤਾਰ ਸਿੰਘ ਸਰਾਭਾ ਵੀ ਸੀ। ਉਮਰ ਕੈਦੀਆਂ ਵਿਚ ਬਾਬਾ ਸੋਹਨ ਸਿੰਘ ਭਕਨਾ, ਬਾਬਾ ਵਿਸਾਖਾ ਸਿੰਘ, ਬਾਬਾ ਹਰਨਾਮ

---

26. ਵਿਸ਼ਵਾ ਮਿੱਤਰ ਉਪਾਧਿਆਏ — ਭਾਰਤੀ ਆਜ਼ਾਦੀ ਦੀ ਲਹਿਰ ਤੇ ਰੂਸੀ ਇਨਕਲਾਬ, ਸਫ਼ਾ 105.

27. B.N. Pandey — *The Indian Nationalist Movement* (1885-1947), p. 4.

28. ਗਿ: ਨਾਹਰ ਸਿੰਘ — ਆਜ਼ਾਦੀ ਦੀਆਂ ਲਹਿਰਾਂ, ਸਫ਼ਾ 61.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਟੁੰਡੀਲਾਟ ਵੀ ਸਨ। ਬਗਾਵਤ ਵਿਚ ਹਿੱਸਾ ਲੈਣ ਵਾਲੇ 20 ਸਿਪਾਹੀਆਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ।[29]

1914 ਵਿਚ ਪੰਜਾਬੀਆਂ ਅੰਦਰ ਅੰਗਰੇਜ਼ ਵਿਰੋਧੀ ਭਾਵਨਾਵਾਂ ਪੈਦਾ ਕਰਨ ਵਾਲੀਆਂ ਦੋ ਹੋਰ ਘਟਨਾਵਾਂ ਵੀ ਹੋਈਆਂ। 'ਕਾਮਾਗਾਟਾ ਮਾਰੂ' ਜਹਾਜ਼ ਵਿਚ ਸਵਾਰ ਹੋ ਕੇ ਕੈਨੇਡਾ ਗਏ ਪੰਜਾਬੀਆਂ ਨੂੰ ਕਾਫ਼ੀ ਤਸੀਹੇ ਦੇ ਕੇ ਕੈਨੇਡਾ ਤੋਂ ਵਾਪਸ ਭੇਜ ਦਿੱਤਾ ਗਿਆ, ਤਾਂ ਵਾਪਸ ਆਏ ਬਹੁਤ ਸਾਰੇ ਲੋਕਾਂ ਨੂੰ ਕਲਕੱਤਾ ਦੀ 'ਬਜ ਬਜ ਘਾਟ' ਬੰਦਰਗਾਹ ਉਤੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ।[30]

1919 ਤੋਂ 21 ਤੱਕ ਦਾ ਸਮਾਂ ਸਮੁੱਚੇ ਭਾਰਤ ਵਿਚ ਰਾਜਨੀਤਕ ਅੰਦੋਲਨ ਦੀ ਸਿਖਰ ਦਾ ਸਮਾਂ ਸੀ। ਇਹ ਉਹ ਸਮਾਂ ਸੀ ਜਦੋਂ ਭਾਰਤ ਦੇ ਸਾਧਾਰਨ ਲੋਕ ਆਰਥਕ, ਰਾਜਨੀਤਕ ਤੇ ਸਮਾਜਕ ਕਾਰਨਾਂ ਤੋਂ ਪ੍ਰੇਰਤ ਹੋ ਕੇ ਵੱਡੀ ਤਾਦਾਦ ਵਿਚ ਸੰਘਰਸ਼ ਵਿਚ ਕੁੱਦ ਪਏ। 1919 ਵਿਚ ਸਰਕਾਰ ਵਲੋਂ 'ਰੌਲਿਟ ਐਕਟ' ਜਾਰੀ ਹੋਇਆ ਜਿਨ੍ਹੇ ਅੰਗਰੇਜ਼ੀ ਰਾਜ ਦਾ ਮੁੱਖ ਕਾਨੂੰਨ "ਨਾ-ਦਲੀਲ, ਨਾ-ਵਕੀਲ, ਨਾ-ਅਪੀਲ" ਸਾਬਤ ਕੀਤਾ। ਇਸ ਕਾਲੇ ਕਾਨੂੰਨ ਦੇ ਵਿਰੋਧ ਵਿਚ ਮਹਾਤਮਾ ਗਾਂਧੀ ਵਲੋਂ 6 ਅਪ੍ਰੈਲ, 1919 ਨੂੰ ਦੇਸ਼ ਭਰ ਵਿਚ ਹੜਤਾਲ ਦਾ ਐਲਾਨ ਕੀਤਾ ਗਿਆ। ਬਾਕੀ ਦੇਸ਼ ਵਾਂਗ ਪੰਜਾਬ ਵਿਚ ਵੀ ਹੜਤਾਲ ਹੋਈ ਤੇ ਸਰਕਾਰ ਨੇ ਡਾ: ਸਤਿਆਪਾਲ ਤੇ ਡਾ: ਕਿਚਲੂ ਜਿਹੇ ਨੇਤਾਵਾਂ ਨੂੰ ਹੜਤਾਲੀਆਂ ਦੀ ਅਗਵਾਈ ਕਰਨ ਬਦਲੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ, ਅੰਮ੍ਰਿਤਸਰ, ਨੂੰ ਨੇਤਾਵਾਂ ਦੀ ਰਿਹਾਈ ਕਰਨ ਦੀ ਬੇਨਤੀ ਕਰਨ ਗਏ ਲੋਕਾਂ ਉਤੇ ਪੁਲੀਸ ਨੇ ਗੋਲੀ ਚਲਾਈ, ਜਿਸ ਕਾਰਨ 10 ਬੰਦੇ ਮਾਰੇ ਗਏ।[31] ਇਨ੍ਹਾਂ ਮੌਤਾਂ ਤੋਂ ਬਾਅਦ ਲੋਕਾਂ ਨੇ ਅੰਗਰੇਜ਼ਾਂ ਦਾ ਕਤਲ, ਬੈਂਕ ਲੁੱਟਣ, ਸਟੇਸ਼ਨ ਸਾੜਨ ਤੇ ਸੰਚਾਰ ਸਾਧਨ ਤਬਾਹ ਕਰਨ ਜਿਹੀਆਂ ਕਾਰਵਾਈਆਂ ਕੀਤੀਆਂ। ਤਰਨ ਤਾਰਨ ਅਤੇ ਲਾਹੌਰ ਵਿਚ ਵੀ ਅਜਿਹੀਆਂ ਵਾਰਦਾਤਾਂ ਹੋਈਆਂ।[32]

'ਰੌਲਿਟ ਐਕਟ' ਅਤੇ ਸਰਕਾਰੀ ਤਸ਼ਦੱਦ ਵਿਰੁਧ ਆਵਾਜ਼ ਉਠਾਣ ਲਈ 13 ਅਪ੍ਰੈਲ, 1919 ਨੂੰ ਸਰਕਾਰੀ ਮਨਾਹੀ ਦੇ ਬਾਵਜੂਦ ਜਲ੍ਹਿਆਂ ਵਾਲੇ ਬਾਗ਼, ਅੰਮ੍ਰਿਤਸਰ ਵਿਚ ਇਕ ਵੱਡਾ ਜਲਸਾ ਹੋਇਆ। ਜ਼ਾਲਮ ਅੰਗਰੇਜ਼ ਅਫ਼ਸਰ ਜਨਰਲ ਡਾਇਰ ਨੇ 600 ਸਿਪਾਹੀਆਂ ਨੂੰ ਨਾਲ ਲੈ ਕੇ ਜਲਸੇ ਨੂੰ ਘੇਰਾ ਪਾ ਲਿਆ ਅਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ

---

29. ਗੰਡਾ ਸਿੰਘ (ਸੰ:) — ਪੰਜਾਬ, ਸਫ਼ਾ 56.
30. ਡਾ: ਜਸਵੰਤ ਸਿੰਘ ਜੱਸ — ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ, ਸਫ਼ਾ 42.
31. Khushwant Singh — *A History of the Sikhs* (Vol II), p. 163.
32. Fauja Singh — *Eminent Freedom Fighters of Punjab*, p. 25.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤੀਆਂ। ਨਤੀਜੇ ਵਜੋਂ 400 ਦੇ ਕਰੀਬ ਭਾਰਤੀ ਗੋਲੀਆਂ ਨਾਲ ਥਾਂ ਉਤੇ ਹੀ ਮਾਰੇ ਗਏ ਅਤੇ ਹਜ਼ਾਰ ਤੋਂ ਵੱਧ ਜ਼ਖ਼ਮੀ ਹੋ ਗਏ। ਇਥੇ ਹੀ ਬੱਸ ਨਹੀਂ, ਡਾਇਰ ਨੇ ਸਾਰੇ ਸ਼ਹਿਰ ਵਿਚ ਮਾਰਸ਼ਲ-ਲਾ ਲਗਾ ਕੇ ਲੋਕਾਂ ਨੂੰ ਘਰਾਂ ਅੰਦਰ ਰਹਿਣ 'ਤੇ ਮਜਬੂਰ ਕੀਤਾ। ਬਹੁਤ ਸਾਰੇ ਨਿਰਦੋਸ਼ੇ ਸ਼ਹਿਰੀਆਂ ਨੂੰ ਢਿੱਡ ਦੇ ਭਾਰ ਸੜਕ ਉਤੇ ਰੀਂਘਣ ਦੀ ਸਜ਼ਾ ਦਿੱਤੀ, ਕੋਰੜੇ ਮਾਰੇ ਗਏ ਅਤੇ ਸ਼ਹਿਰ ਦੀ ਬਿਜਲੀ ਤੇ ਪਾਣੀ ਦੀ ਸਪਲਾਈ ਵੀ ਬੰਦ ਕਰ ਦਿੱਤੀ ਗਈ।[33]

ਇਸ ਘਟਨਾ ਨੇ ਦੇਸ਼ ਭਰ ਦੇ ਨੇਤਾਵਾਂ ਨੂੰ ਹੈਰਾਨ ਤੇ ਪ੍ਰੇਸ਼ਾਨ ਕੀਤਾ। ਇਸ ਮੌਕੇ ਉਤੇ ਪੰਡਿਤ ਮਦਨ ਮੋਹਨ ਮਾਲਵੀਆ, ਮੋਤੀ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਕਾਂਗਰਸ ਪਾਰਟੀ ਵਲੋਂ ਪੰਜਾਬ ਆਏ। ਇਨ੍ਹਾਂ ਨੇ ਇਕ ਰਿਪੋਰਟ ਵਿਚ ਅੰਗਰੇਜ਼ਾਂ ਦੇ ਜ਼ੁਲਮਾਂ ਤੇ ਬੇ-ਇਨਸਾਫ਼ੀਆਂ ਨੂੰ ਨੰਗਾ ਕੀਤਾ। ਪਿੱਛੋਂ ਵਾਇਸਰਾਇ ਦੀ ਕੌਂਸਲ ਦੀ ਇਕ ਮੀਟਿੰਗ ਵਿਚ ਸ਼ਾਮਲ ਹੋ ਕੇ ਮਦਨ ਮੋਹਨ ਮਾਲਵੀਆ ਪੂਰੇ ਦੋ ਦਿਨ ਸੱਤ ਸੱਤ ਘੰਟੇ ਲਗਾਤਾਰ ਪੰਜਾਬ ਵਿਚ ਹੋਏ ਜ਼ੁਲਮ ਤੇ ਕਤਲੇਆਮ ਬਾਰੇ ਬੋਲਦੇ ਰਹੇ। ਪੰਡਿਤ ਜੀ ਦੇ ਭਾਸ਼ਨਾਂ ਨੇ ਸਾਰੇ ਮੁਲਕ ਦੇ ਲੋਕਾਂ ਨੂੰ ਭੜਕਾ ਦਿੱਤਾ। ਟੈਗੋਰ ਤੋਂ ਸ਼ੁਰੂ ਹੋ ਕੇ ਕਈ ਆਦਮੀਆਂ ਨੇ ਸਰਕਾਰੀ ਖ਼ਿਤਾਬ ਰੋਸ ਵਜੋਂ ਵਾਪਸ ਮੋੜ ਦਿੱਤੇ।[34]

ਇੰਡੀਅਨ ਨੈਸ਼ਨਲ ਕਾਂਗਰਸ ਦਾ ਸਾਲਾਨਾ ਇਜਲਾਸ ਵੀ ਇਸ ਸਾਲ ਅੰਮ੍ਰਿਤਸਰ ਵਿਚ ਹੀ ਹੋਇਆ। ਇਸ ਸਮਾਗਮ ਵਿਚ ਗਾਂਧੀ ਨੂੰ ਕਾਂਗਰਸ ਪਾਰਟੀ ਦਾ ਆਗੂ ਚੁਣਿਆ ਗਿਆ, ਜਿਸ ਨੇ ਕਾਂਗਰਸ ਪਾਰਟੀ ਨੂੰ ਜਨਤਕ ਲਹਿਰ ਵਿਚ ਬਦਲਣ ਦਾ ਬੀੜਾ ਚੁੱਕਿਆ। ਗਾਂਧੀ ਨੇ ਆਪਣੀ ਸ਼ਾਂਤਮਈ ਸੰਘਰਸ਼-ਵਿਧੀ ਨਾਲ ਭਾਰਤੀ ਕਿਸਾਨਾਂ, ਕਿਰਤੀਆਂ ਅਤੇ ਮੱਧ ਸ਼੍ਰੇਣੀ ਦੇ ਲੋਕਾਂ ਵਿਚ ਰਾਸ਼ਟਰੀ ਚੇਤਨਾ ਪੈਦਾ ਕਰ ਕੇ ਉਨ੍ਹਾਂ ਨੂੰ ਰਾਸ਼ਟਰੀ ਲਹਿਰ ਦੀ ਸ਼ਕਤੀ ਬਣਾਇਆ। ਗਾਂਧੀ ਨੇ ਕਿਸਾਨਾਂ ਨੂੰ ਟੈਕੱਸ ਨਾ ਦੇਣ ਲਈ ਤਿਆਰ ਕੀਤਾ, ਵਿਦਿਆਰਥੀਆਂ ਤੋਂ ਵਿਦਿਅਕ ਸੰਸਥਾਵਾਂ ਦਾ ਤਿਆਗ ਕਰਵਾਇਆ, ਵਕੀਲਾਂ ਤੋਂ ਸਰਕਾਰੀ ਅਦਾਲਤਾਂ ਦਾ ਬਾਈਕਾਟ ਕਰਵਾਇਆ, ਅਤੇ ਔਰਤਾਂ ਦੀ ਸ਼ਕਤੀ ਦਾ ਸ਼ਰਾਬ ਅਤੇ ਬਦੇਸ਼ੀ ਕਪੜਿਆਂ ਦੀਆਂ ਦੁਕਾਨਾਂ ਤੇ ਅਦਾਲਤਾਂ ਅੱਗੇ ਧਰਨੇ ਦੇਣ ਲਈ ਪ੍ਰਯੋਗ ਕੀਤਾ। ਇਉਂ ਗਾਂਧੀ ਦੇ ਇਕ ਇਸ਼ਾਰੇ ਉਤੇ ਲੱਖਾਂ ਦੀ ਗਿਣਤੀ ਵਿਚ ਲੋਕ ਅੰਗਰੇਜ਼ ਵਿਰੋਧੀ ਲਹਿਰਾਂ ਵਿਚ ਸ਼ਾਮਲ ਹੋਣ ਲੱਗੇ।[35]

ਗਾਂਧੀ ਵਲੋਂ 1921 ਵਿਚ ਚਲਾਈ ਗਈ 'ਨਾ-ਮਿਲਵਰਤਨ ਲਹਿਰ' ਤੋਂ ਅੰਗਰੇਜ਼

---

33. S.L. Malhotra — *Gandhi and the Punjab*, p. 42,43,

34 ਪ੍ਰਿੰ: ਨਿਰੰਜਨ ਸਿੰਘ — ਜੀਵਨ ਵਿਕਾਸ (1970), ਸਫ਼ਾ 67,72.

35. A.R. Desai — *Social Background of Indian Nationalism*, p. 347.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੌਖਲਾ ਉਠੇ ਅਤੇ ਉਨ੍ਹਾਂ ਲੱਗਪੱਗ ਸਾਰੇ ਪ੍ਰਮੁੱਖ ਭਾਰਤੀ ਨੇਤਾਵਾਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ। ਦਸੰਬਰ 1921 ਅਤੇ ਜਨਵਰੀ 1922 ਵਿਚਕਾਰ ਦੇ ਲੱਗਪੱਗ ਦੋ ਮਹੀਨਿਆਂ ਵਿਚ ਹੀ 30 ਹਜ਼ਾਰ ਭਾਰਤੀਆਂ ਨੂੰ 'ਨਾ-ਮਿਲਵਰਤਣ ਲਹਿਰ' ਵਿਚ ਭਾਗ ਲੈਣ ਕਰਕੇ ਕੈਦ ਦੀ ਸਜ਼ਾ ਦਿੱਤੀ ਗਈ।[36]

1920 ਦੇ ਕਰੀਬ ਭਾਰਤ ਦੀ ਮਜ਼ਦੂਰ ਸ਼੍ਰੇਣੀ ਵੀ ਆਪਣੇ ਹੱਕਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੋ ਚੁੱਕੀ ਸੀ ਅਤੇ ਉਹ ਆਰਥਕ ਤੇ ਰਾਜਨੀਤਕ ਕਾਰਨਾਂ ਤੋਂ ਪ੍ਰਭਾਵਤ ਲਹਿਰਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈ ਰਹੀ ਸੀ। ਆਪਣੀਆਂ ਸ਼ਕਾਇਤਾਂ ਦਾ ਜੱਥੇਬੰਧਕ ਪ੍ਰਗਟਾਵਾ ਕਰਨ ਲਈ ਕਿਰਤੀਆਂ ਨੇ 'ਆਲ ਇੰਡੀਆ ਟਰੇਡ ਯੂਨੀਅਨ' ਨਾਮ ਦੀ ਸੰਸਥਾ 1920 ਵਿਚ ਕਾਇਮ ਕੀਤੀ। ਬੰਬਈ ਵਿਚ ਹੋਏ ਇਸ ਦੇ ਪਹਿਲੇ ਸਮਾਗਮ ਦੀ ਪ੍ਰਧਾਨਗੀ ਲਾਲਾ ਲਾਜਪਤ ਰਾਏ ਨੇ ਕੀਤੀ, ਕਿਉਂਕਿ ਇਸ ਸਮੇਂ ਮਜ਼ਦੂਰ ਲਹਿਰ ਕਾਂਗਰਸ ਨਾਲ ਮਿਲ ਕੇ ਚਲਦੀ ਸੀ। ਇਸ ਸਥਿਤੀ ਵਿਚ 1920 ਦੇ ਸਾਲ ਵਿਚ ਹੀ ਮਜ਼ਦੂਰਾਂ ਦੀਆ ਦੋ ਸੌ ਦੇ ਕਰੀਬ ਹੜਤਾਲਾਂ ਹੋਈਆਂ ਜਿਨ੍ਹਾਂ ਵਿਚ 15 ਲੱਖ ਮਜ਼ਦੂਰਾਂ ਨੇ ਹਿੱਸਾ ਲਿਆ। ਗਿਆਨੀ ਹੀਰਾ ਸਿੰਘ ਦਰਦ ਦੇ ਸ਼ਬਦਾਂ ਵਿਚ "1921 ਤੇ 22 ਦੇ ਸਾਲ ਅਜਿਹੇ ਸਾਲ ਸਨ ਜਦੋਂ ਮਜ਼ਦੂਰ ਤੇ ਕਿਸਾਨ ਪਹਿਲੀ ਵਾਰ ਸਾਮਰਾਜ ਪੁਰ ਵਾਰ ਕਰਨਾ ਸਿਖ ਰਹੇ ਸਨ।... ਆਸਾਮ-ਬੰਗਾਲ ਰੇਲਵੇ ਹੜਤਾਲ, ਮਿਦਨਾਪੁਰ ਤੇ ਗੰਟੂਰ ਵਿਚ ਟੈੱਕਸ ਨਾ ਦੇਣ ਦੀਆਂ ਲਹਿਰਾਂ, ਮਾਲਾਬਾਰ ਵਿਚ ਮੋਪਲਾ ਬਗਾਵਤ ਤੇ ਪੰਜਾਬ ਵਿਚ ਅਕਾਲੀ ਲਹਿਰ, ਸਭ ਸਾਮਰਾਜ ਵਿਰੋਧੀ ਜਨਤਕ ਲਹਿਰਾਂ ਸਨ...।"[37]

ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਤੋਂ ਬਾਅਦ ਪੰਜਾਬ ਰਾਸ਼ਟਰਵਾਦੀ ਸਰਗਮੀਆਂ ਦਾ ਕੇਂਦਰ ਬਣਿਆ ਰਿਹਾ। ਪੰਜਾਬ ਵਿਚ 1920 ਤੋਂ 25 ਤੱਕ ਅਕਾਲੀ ਲਹਿਰ ਚਲੀ। ਪੜ੍ਹੇ-ਲਿਖੇ ਤੇ ਰਾਸ਼ਟਰੀ ਖ਼ਿਆਲਾਂ ਵਾਲੇ ਸਿੱਖਾਂ ਨੇ ਹਰਿਮੰਦਰ ਸਾਹਿਬ, ਅਕਾਲ ਤਖ਼ਤ, ਖ਼ਾਲਸਾ ਕਾਲਜ ਅਤੇ ਦੂਸਰੇ ਗੁਰਦੁਆਰਿਆਂ ਵਿਚੋਂ ਸਰਕਾਰੀ ਨੁਮਾਇੰਦੇ ਤੇ ਮਹੰਤ ਕੱਢਣ ਲਈ ਸੰਘਰਸ਼ ਸ਼ੁਰੂ ਕੀਤਾ।[38] 1920 ਵਿਚ ਪੰਜਾਬੀ ਦਾ 'ਅਕਾਲੀ' ਅਖ਼ਬਾਰ ਵੀ ਕੱਢਿਆ ਗਿਆ, ਜਿਸ ਦੇ ਪਹਿਲੇ ਪਰਚੇ ਵਿਚ ਹੀ ਅਕਾਲੀਆਂ ਦੇ ਮੁੱਖ ਟੀਚੇ — ਗੁਰਦੁਆਰਿਆਂ ਨੂੰ ਪੰਥ ਦੇ ਕਬਜ਼ੇ ਵਿਚ ਲੈਣਾ, ਖ਼ਾਲਸਾ ਕਾਲਜ ਨੂੰ ਸਰਕਾਰੀ ਦਖ਼ਲ ਤੋਂ ਆਜ਼ਾਦ ਕਰਾਉਣਾ, ਸਿੱਖਾਂ ਵਿਚ ਰਾਜਸੀ ਤੇ ਕੌਮੀ ਆਜ਼ਾਦੀ ਦਾ ਜਜ਼ਬਾ ਪੈਦਾ ਕਰ ਕੇ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਸ਼ਾਮਲ ਕਰਨਾ, ਆਦਿ — ਘੋਸ਼ਤ ਕੀਤੇ ਗਏ।[39] ਗੁਰਦੁਆਰਾ ਸੁਧਾਰ ਲਹਿਰ

---

36. J.L. Nehru — *An Autobiography* (1936), p. 80.
37. ਮਾਸਕ ਪੱਤਰ 'ਫੁਲਵਾੜੀ' (ਅਗਸਤ 1949), ਸਫ਼ਾ, 19,21.
38. S.C. Mittal — *Freedom Movement in Punjab*, p. 151.
39. ਸੋਹਨ ਸਿੰਘ ਜੋਸ਼ — ਅਕਾਲੀ ਮੋਰਚਿਆਂ ਦਾ ਇਤਿਹਾਸ, ਸਫ਼ਾ 22,23.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੌਰਾਨ 1921 ਵਿਚ ਨਨਕਾਣਾ ਸਾਹਿਬ ਦਾ ਸਾਕਾ ਵਾਪਰਿਆ, ਜਿਸ ਵਿਚ ਸਰਕਾਰੀ ਸ਼ਹਿ 'ਤੇ ਮਹੰਤ ਦੇ ਗੁੰਡਿਆਂ ਵਲੋਂ ਸਿੱਖਾਂ ਦੇ ਵੱਡੇ ਜੱਥੇ ਨੂੰ ਬੇਰਹਿਮੀ ਨਾਲ ਕਤਲ ਕਰ ਕੇ ਸਾੜ ਦਿੱਤਾ ਗਿਆ।[40] ਅੰਤ ਇਹ ਗੁਰਦੁਆਰਾ 1920 ਵਿਚ ਬਣੀ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੇ ਹਵਾਲੇ ਕਰ ਦਿੱਤਾ ਗਿਆ । ਇਸ ਤੋਂ ਬਾਅਦ ਸਿੱਖਾਂ ਨੇ ਅਨੇਕਾਂ ਗੁਰਦੁਆਰਿਆਂ 'ਤੇ ਜਬਰੀ ਕਬਜ਼ਾ ਕਰ ਲਿਆ। ਇਸੇ ਸਮੇਂ ਹੀ ਗੁਰੂ ਕੇ ਬਾਗ਼ ਦਾ ਮੋਰਚਾ ਵੀ ਲੱਗਾ, ਜਿਸ ਦੌਰਾਨ ਰੋਜ਼ਾਨਾ ਸੈਂਕੜੇ ਸਿੱਖਾਂ ਨੂੰ ਪੁਲੀਸ ਵਲੋਂ ਬੇਰਹਿਮੀ ਨਾਲ ਕੁਟਿਆ ਜਾਂਦਾ ਸੀ, ਪਰ ਗਾਂਧੀ ਦੀ ਸ਼ਾਂਤਮਈ ਲਹਿਰ ਤੋਂ ਪ੍ਰਭਾਵਤ ਇਹ ਲੋਕ ਚੁਪ-ਚਾਪ ਮਾਰ ਖਾਂਦੇ ਸਨ। ਇਸ ਮੋਰਚੇ ਨੇ ਸਾਰੇ ਦੇਸ਼ ਨੂੰ ਸਿੱਖਾਂ ਦੀਆਂ ਕੁਰਬਾਨੀਆਂ ਤੇ ਬਹਾਦਰੀ ਤੋਂ ਪ੍ਰਭਾਵਤ ਕੀਤਾ। ਇਸ ਮੋਰਚੇ ਵਿਚ ਅਖ਼ੀਰ ਸਿੱਖਾਂ ਦੀ ਜਿੱਤ ਹੋਈ ਤੇ ਅੰਗਰੇਜ਼ਾਂ ਪ੍ਰਤੀ ਨਫ਼ਰਤ ਵਧੀ । ਇਸ ਮੋਰਚੇ ਵਿਚ ਮਿਲੀ ਸਫਲਤਾ ਨੇ ਲੋਕਾਂ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਕਰਾ ਦਿੱਤਾ। ਜਿਥੇ ਕਾਂਗਰਸ ਅਤੇ ਅਕਾਲੀਆਂ ਵਿਚ ਵਧੇਰੇ ਨੇੜਤਾ ਆਈ, ਉਥੇ ਸਿੱਖਾਂ ਨਾਲ ਹਿੰਦੂਆਂ ਦੇ ਸੰਬੰਧ ਵੀ ਬਿਹਤਰ ਹੋਏ ਕਿਉਂਕਿ ਹਿੰਦੂ ਨੇਤਾਵਾਂ ਨੇ ਸਿੱਖਾਂ ਦੇ ਸੰਘਰਸ਼ ਦੀ ਜ਼ੋਰਦਾਰ ਹਮਾਇਤ ਕੀਤੀ ਸੀ।[41]

ਕੁਝ ਅਕਾਲੀ ਅਜਿਹੇ ਵੀ ਸਨ ਜੋ ਅਹਿੰਸਾ ਦੀ ਨੀਤੀ ਨੂੰ ਠੀਕ ਨਹੀਂ ਸੀ ਸਮਝਦੇ। ਇਨ੍ਹਾਂ ਨੂੰ ਬੱਬਰ ਅਕਾਲੀ ਕਿਹਾ ਗਿਆ। ਬੱਬਰ ਅਕਾਲੀ ਮੁੱਖ ਤੌਰ 'ਤੇ ਪੰਜਾਬ ਦੇ ਗ਼ਰੀਬ ਤੇ ਟੈਕਸਾਂ ਦੇ ਮਾਰੇ ਕਿਸਾਨ ਸਨ, ਜਿਨ੍ਹਾਂ ਨੇ ਦੇਸ਼-ਭਗਤਾਂ ਉਤੇ ਹੁੰਦੇ ਜ਼ੁਲਮ ਦਾ ਬਦਲਾ ਲੈਣ, ਗ਼ਦਾਰਾਂ ਨੂੰ ਸਜ਼ਾ ਦੇਣ ਅਤੇ ਫ਼ੌਜਾਂ ਦੀ ਮਦਦ ਨਾਲ ਇਕ ਵਾਰ ਫੇਰ 1857 ਵਰਗਾ ਇਨਕਲਾਬ ਕਰਨ ਲਈ ਸ਼ਸਤਰ ਚੁੱਕੇ ਸਨ। ਕਿਸ਼ਨ ਸਿੰਘ ਗੜਗੱਜ ਦੀ ਅਗਵਾਈ ਵਿਚ ਇਨ੍ਹਾਂ ਬੱਬਰਾਂ ਨੇ ਦੁਆਬੇ ਵਿਚ ਕਈ ਸਰਕਾਰੀ ਅਫ਼ਸਰਾਂ ਦੇ ਕਤਲ ਕੀਤੇ ਅਤੇ ਨੌਕਰਸ਼ਾਹੀ ਦੇ ਮਨ ਵਿਚ ਡਰ ਪੈਦਾ ਕੀਤਾ। ਸਰਕਾਰ ਨੇ ਬਹੁਤ ਸਾਰੇ ਨਿਰਦੋਸ਼ ਲੋਕਾਂ ਨੂੰ ਬੱਬਰਾਂ ਦੇ ਨਾਮ ਉਤੇ ਪਕੜ ਲਿਆ, ਜਿਨ੍ਹਾਂ ਨੂੰ ਬਚਾਉਣ ਲਈ ਬੱਬਰਾਂ ਵਲੋਂ ਖ਼ੁਦ ਹੀ ਆਪਣੇ ਕਾਤਲ ਸਾਥੀਆਂ ਦੇ ਨਾਮ ਘੋਸ਼ਿਤ ਕੀਤੇ ਗਏ। ਅਖ਼ੀਰ 185 ਬੱਬਰ ਕੈਦੀ ਬਣਾਏ ਗਏ ਜਿਨ੍ਹਾਂ ਵਿਚੋਂ 5 ਨੂੰ ਫਾਂਸੀ, 11 ਨੂੰ ਉਮਰ ਭਰ ਲਈ ਦੇਸ਼-ਨਿਕਾਲਾ ਅਤੇ 38 ਹੋਰਾਂ ਨੂੰ ਵੱਖ ਵੱਖ ਸਜ਼ਾਵਾਂ ਸੁਣਾਈਆਂ ਗਈਆਂ। ਇਸ ਲਹਿਰ ਦੀਆਂ ਸਰਗਰਮੀਆਂ 1924 ਤੋਂ 26 ਤੱਕ ਹੀ ਸਾਹਮਣੇ ਆਈਆਂ।[42]

1927 ਵਿਚ ਬ੍ਰਤਾਨਵੀ ਸਰਕਾਰ ਨੇ ਭਾਰਤੀ ਰਾਸ਼ਟਰਵਾਦੀਆਂ ਦੀ ਮੰਗ 'ਤੇ 'ਸਾਈਮਨ ਕਮਿਸ਼ਨ' ਸਥਾਪਤ ਕੀਤਾ ਪਰ ਇਸ ਵਿਚ ਕੋਈ ਭਾਰਤੀ ਨੇਤਾ ਨਾ ਲਿਆ

---

40. ਪ੍ਰਿ: ਨਿਰੰਜਨ ਸਿੰਘ — ਜੀਵਨ ਯਾਤਰਾ ਮਾਸਟਰ ਤਾਰਾ ਸਿੰਘ, ਸਫ਼ਾ 85.
41. S.C. Mittal — *Freedom Movement in Punjab*, p. 176.
42. Fauja Singh — *Eminent Freedom Fighters of Punjab*, p. 39.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਣ ਕਰਕੇ ਸਾਰੇ ਭਾਰਤ ਵਿਚ ਇਸ ਦਾ ਜ਼ੋਰਦਾਰ ਬਾਈਕਾਟ ਹੋਇਆ। ਇਸੇ ਸਾਲ ਦੇ ਅਖ਼ੀਰ ਵਿਚ ਕਾਂਗਰਸ ਨੇ ਮੁਕੰਮਲ ਆਜ਼ਾਦੀ ਦਾ ਸੰਕਲਪ ਅਪਨਾਉਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਅਤੇ ਬਾਕੀ ਪਾਰਟੀਆਂ ਦੀ ਸਲਾਹ ਨਾਲ, ਮੋਤੀ ਲਾਲ ਨਹਿਰੂ ਦੀ ਅਗਵਾਈ ਹੇਠ, ਇਕ ਕਮੇਟੀ ਨੂੰ 'ਭਾਰਤ ਦਾ ਸੰਵਿਧਾਨ' ਬਨਾਉਣ ਦਾ ਕੰਮ ਸੌਂਪ ਦਿੱਤਾ।[43] 1928 ਵਿਚ ਕਾਂਗਰਸ ਦੇ ਕਲੱਕਤਾ ਸੈਸ਼ਨ ਵਿਚ ਸੀਮਤ ਸੁਤੰਤਰਤਾ ਦੀ ਮੰਗ ਕਰਨ ਵਾਲਿਆਂ ਅਤੇ ਮੁਕੰਮਲ ਆਜ਼ਾਦੀ ਦੀ ਮੰਗ ਕਰਨ ਵਾਲਿਆਂ ਵਿਚ ਟੱਕਰ ਵੱਧ ਗਈ। ਦਸੰਬਰ 1929 ਵਿਚ ਕਾਂਗਰਸ ਨੇ ਲਾਹੌਰ ਸੈਸ਼ਨ ਵਿਚ ਮੁਕੰਮਲ ਆਜ਼ਾਦੀ ਦੀ ਮੰਗ ਕੀਤੀ, ਅਤੇ 26 ਜਨਵਰੀ ਦਾ ਦਿਨ ਹਰ ਸਾਲ 'ਆਜ਼ਾਦੀ ਦਿਨ' ਦੇ ਤੌਰ 'ਤੇ ਮਨਾਉਣ ਦਾ ਫ਼ੈਸਲਾ ਕੀਤਾ। ਇਸ ਦਿਨ ਸਾਰੇ ਭਾਰਤ ਵਿਚ ਜਲਸੇ ਤੇ ਜਲੂਸ ਕੱਢੇ ਗਏ।[44]

ਕਾਂਗਰਸ ਦੇ ਬਾਹਰ 'ਹਿੰਸਾਵਾਦੀ ਦਲ' ਆਪਣੇ ਅਲੱਗ ਯਤਨਾਂ ਰਾਹੀਂ ਆਜ਼ਾਦੀ ਹਾਸਲ ਕਰਨ ਲਈ ਯਤਨਸ਼ੀਲ ਸਨ। ਮਿਸਾਲ ਵਜੋਂ 1925 ਵਿਚ ਉਤਰੀ ਭਾਰਤ ਵਿਚ ਸੰਗਠਤ ਕੀਤੀ ਗਈ ਪਾਰਟੀ 'ਰੈਵੋਲੂਸ਼ਨਰੀ ਪਾਰਟੀ ਆਫ਼ ਇੰਡੀਅਨਜ਼' ਨੇ ਰੂਸੀ ਕ੍ਰਾਂਤੀ ਅਤੇ ਅੰਗਰੇਜ਼ ਵਿਰੋਧੀ ਵਿਚਾਰਾਂ ਦਾ ਪੜ੍ਹੇ-ਲਿਖੇ ਲੋਕਾਂ ਅੰਦਰ ਸ਼ਕਤੀਸ਼ਾਲੀ ਪ੍ਰਚਾਰ ਕੀਤਾ। ਉਤਰ ਪ੍ਰਦੇਸ਼ ਵਿਚ ਇਕ ਕ੍ਰਾਂਤੀਕਾਰੀ ਦਲ ਬਣਾਇਆ। ਇਸ ਦਲ ਨੇ ਬੰਗਾਲੀ ਕ੍ਰਾਂਤੀਕਾਰੀਆਂ ਨਾਲ ਮਿਲ ਕੇ 1925 ਵਿਚ ਕਾਨਪੁਰ ਵਿਖੇ 'ਹਿੰਦੁਸਤਾਨ ਰੀਪਬਲਿਕਨ ਐਸੋਸੀਏਸ਼ਨ' ਬਣਾਈ ਜਿਸ ਨੇ ਹਥਿਆਰਬੰਦ ਸੰਘਰਸ਼ ਰਾਹੀਂ ਅਮਰੀਕਾ ਵਾਂਗ ਹੀ ਭਾਰਤ ਨੂੰ 'ਫ਼ੈਡਰੈਸ਼ਨ ਆਫ਼ ਸਟੇਟਸ' ਬਨਾਉਣ ਦਾ ਟੀਚਾ ਮਿਥਿਆ। ਇਸ ਨੇ ਰੂਸੀ ਕ੍ਰਾਂਤੀ ਨੂੰ ਭਾਰਤੀ ਕ੍ਰਾਂਤੀਕਾਰੀਆਂ ਦਾ ਲਖ਼ਸ਼ ਦਸਿਆ। ਇਵੇਂ ਹੀ ਭਗਤ ਸਿੰਘ ਤੇ ਭਗਵਤੀ ਚਰਨ ਵਲੋਂ 1925 ਵਿਚ 'ਨੌਜਵਾਨ ਭਾਰਤ ਸਭਾ' ਬਣਾਈ ਗਈ। 1928 ਵਿਚ ਇਸ ਸਭਾ ਦੀਆਂ ਕਾਰਵਾਈਆਂ ਰਾਸ਼ਟਰੀ ਪੱਧਰ ਉਤੇ ਚਰਚਾ ਦਾ ਵਿਸ਼ਾ ਬਣ ਗਈਆਂ। ਇਸ ਪਾਰਟੀ ਨੇ ਜਿਥੇ ਅਲੱਗ ਅਲੱਗ ਜ਼ਿਲ੍ਹਿਆਂ ਵਿਚ ਸ਼ਾਖ਼ਾਵਾਂ ਖੋਲ੍ਹੀਆਂ, ਉਥੇ 'ਕਿਰਤੀ ਕਿਸਾਨ ਪਾਰਟੀ' ਨਾਲ ਮਿਲ ਕੇ 'ਕ੍ਰਾਂਤੀਕਾਰੀ ਸਾਹਿਤ' ਖ਼ੁਦ ਛਾਪ ਕੇ ਪੜ੍ਹੇ-ਲਿਖੇ ਪੰਜਾਬੀਆਂ ਵਿਚ ਵੰਡਿਆ। ਜਦੋਂ ਸਾਈਮਨ ਕਮਿਸ਼ਨ ਦਾ ਵਿਰੋਧ ਕਰਨ ਵਾਲੇ ਲੋਕਾਂ ਦੀ ਅਗਵਾਈ ਕਰਦਿਆਂ ਲਾਲਾ ਲਾਜਪਤ ਰਾਏ ਨੂੰ ਲਾਹੌਰ ਵਿਖੇ ਲਾਠੀਆਂ ਵੱਜੀਆਂ ਤੇ ਉਹ ਸ਼ਹੀਦ ਹੋ ਗਏ, ਤਾਂ ਭਗਤ ਸਿੰਘ ਦੀ ਪਾਰਟੀ ਨੇ ਇਸ ਘਟਨਾ ਲਈ ਜ਼ਿੱਮੇਵਾਰ ਅੰਗਰੇਜ਼ ਅਫ਼ਸਰ ਸਾਂਡਰਸ ਦਾ ਕਤਲ ਕੀਤਾ। ਨੌਜਵਾਨ ਸਭਾ ਨੇ ਇਕ ਹੋਰ ਕ੍ਰਾਂਤੀਕਾਰੀ ਜੱਥੇਬੰਦੀ ਨਾਲ

---

43. J.L. Nehru — *An Autobiography* (1936), p. 80
44. A.R. Desai — *Social Background of Indian Nationalism*, p. 362.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲ ਕੇ ਲਾਹੌਰ ਵਿਚ ਬੰਬ ਬਨਾਣ ਦੀ ਇਕ ਫ਼ੈਕਟਰੀ ਵੀ ਲਾਈ। ਪਿੱਛੋਂ ਅੰਗਰੇਜ਼ਾਂ ਨੂੰ ਡਰਾਉਣ ਲਈ ਭਗਤ ਸਿੰਘ ਦੀ ਪਾਰਟੀ ਨੇ ਅਸੰਬਲੀ ਹਾਲ ਵਿਚ ਬੰਬ ਸੁੱਟਿਆ। ਜਿਸ ਦੇ ਸਿੱਟੇ ਵਜੋਂ ਸਮਾਂ ਪਾ ਕੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ 23 ਮਾਰਚ, 1931 ਨੂੰ ਫਾਂਸੀ ਦੇ ਦਿੱਤੀ ਗਈ ਸੀ। ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀਆਂ ਮਹਾਨ ਕੁਰਬਾਨੀਆਂ ਨੇ ਪੰਜਾਬੀਆਂ ਨੂੰ ਫਿਰ ਹਲੂਣਿਆ। ਇਨ੍ਹਾਂ ਹੀ ਕੁਰਬਾਨੀਆਂ ਦੇ ਅਸਰ ਹੇਠ 19 ਸਾਲਾਂ ਦੇ ਹਰੀ ਕ੍ਰਿਸ਼ਨ ਨੇ 1930 ਵਿਚ ਪੰਜਾਬ ਦੇ ਗਵਰਨਰ ਉਤੇ ਗੋਲੀ ਚਲਾਈ ਅਤੇ ਫਾਂਸੀ ਦਾ ਰੱਸਾ ਚੁੰਮ ਗਿਆ।[45] ਊਧਮ ਸਿੰਘ ਨੇ ਭਗਤ ਸਿੰਘ ਦੇ ਪ੍ਰਭਾਵ ਹੇਠ ਹੀ ਲੰਡਨ ਵਿਚ ਓਡਵਾਇਰ ਨੂੰ ਗੋਲੀਆਂ ਮਾਰ ਕੇ ਜਲ੍ਹਿਆਂ ਵਾਲੇ ਬਾਗ ਦਾ ਬਦਲਾ ਲਿਆ ਅਤੇ ਬੜੀ ਬਹਾਦਰੀ ਨਾਲ 1940 ਵਿਚ ਸ਼ਹਾਦਤ ਪਾ ਗਿਆ।

6 ਅਪ੍ਰੈਲ, 1930 ਨੂੰ ਗਾਂਧੀ ਨੇ ਡਾਂਡੀ ਨਮਕ ਕਾਨੂੰਨ ਤੋੜਨ ਦੀ ਮੁਹਿੰਮ ਚਲਾ ਕੇ 'ਸਿਵਲ-ਨਾ-ਫ਼ਰਮਾਨੀ' ਲਹਿਰ ਚਲਾਈ। ਇਸ ਦੌਰਾਨ ਕਈ ਥਾਂ ਪੁਲੀਸ ਦੀ ਜਨਤਾ ਨਾਲ ਟੱਕਰ ਹੋਈ, ਕੁਝ ਸਰਕਾਰੀ ਇਮਾਰਤਾਂ ਤੇ ਸ਼ਰਾਬ ਦੇ ਠੇਕਿਆਂ ਨੂੰ ਬਰਬਾਦ ਕੀਤਾ ਗਿਆ। ਪਿਸ਼ਾਵਰ ਵਿਚ ਫ਼ੌਜੀਆਂ ਨੇ ਲੋਕਾਂ ਉਤੇ ਗੋਲੀ ਚਲਾਉਣ ਤੋਂ ਇਨਕਾਰ ਕੀਤਾ ਜਿਸ ਦੇ ਬਦਲੇ ਵਿਚ ਬਹੁਤ ਸਾਰੇ ਸੈਨਿਕਾਂ ਨੂੰ ਉਮਰ-ਕੈਦ ਦੀ ਸਜ਼ਾ ਭੁਗਤਣੀ ਪਈ। ਗਾਂਧੀ ਸਮੇਤ ਹਜ਼ਾਰਾਂ ਲੋਕ ਗ੍ਰਿਫ਼ਤਾਰ ਹੋਏ। ਪਿਸ਼ਾਵਰ ਵਿਚ ਅਨੇਕਾਂ ਲੋਕ ਮਾਰੇ ਗਏ ਤੇ ਜ਼ਖ਼ਮੀ ਹੋਏ। 1931 ਵਿਚ ਸਰਕਾਰ ਨੇ 'ਗਾਂਧੀ-ਇਰਵਨ ਸੰਧੀ' ਤੋਂ ਬਾਅਦ ਸਭ ਲੋਕਾਂ ਨੂੰ ਰਿਹਾ ਕਰ ਦਿੱਤਾ। ਗਰਮ-ਖ਼ਿਆਲੀਏ ਰਾਸ਼ਟਰਵਾਦੀਆਂ ਨੇ ਇਸ ਸੰਧੀ ਨੂੰ ਆਜ਼ਾਦੀ ਦੇ ਲਖਸ਼ ਤੋਂ ਪਿੱਛੇ ਮੁੜਨਾ ਦੱਸਿਆ। ਉਧਰ ਲੰਡਨ ਵਿਚ ਇਸ ਸੰਧੀ 'ਤੇ ਅਮਲ ਕਰਨ ਲਈ ਕੀਤੀ ਗਈ 'ਗੋਲ ਮੇਜ਼ ਕਾਨਫਰੰਸ' ਵਿਚ ਵੀ ਗਾਂਧੀ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਨਤੀਜੇ ਵਜੋਂ ਕਾਂਗਰਸ ਨੇ ਫਿਰ 'ਸਿਵਲ-ਨਾ-ਫ਼ਰਮਾਨੀ' ਲਹਿਰ ਚਲਾਉਣ ਦਾ ਇਰਾਦਾ ਬਣਾਇਆ। ਸਰਕਾਰ ਨੇ ਕਾਨੂੰਨ ਬਣਾ ਕੇ ਕਾਂਗਰਸ ਤੇ ਹੋਰ ਰਾਸ਼ਟਰੀ ਜੱਥੇਬੰਦੀਆਂ, ਸੰਸਥਾਵਾਂ, ਐਸੋਸੀਏਸ਼ਨਾਂ ਦੀਆਂ ਕਾਰਵਾਈਆਂ 'ਤੇ ਪਾਬੰਦੀ ਲਾ ਕੇ ਸਭ ਨੇਤਾਵਾਂ ਨੂੰ 1932 ਵਿਚ ਗ੍ਰਿਫ਼ਤਾਰ ਕਰ ਲਿਆ। ਕਾਂਗਰਸ ਪਾਰਟੀ ਦੇ ਅੰਕੜਿਆਂ ਅਨੁਸਾਰ, ਇਸ ਲਹਿਰ ਦੇ ਅਸਰ ਹੇਠਾਂ ਅਪ੍ਰੈਲ 1933 ਤਕ ਇਕ ਲੱਖ ਵੀਹ ਹਜ਼ਾਰ ਦੇ ਕਰੀਬ ਲੋਕ ਕੈਦ ਕੀਤੇ ਗਏ।[46]

1935 ਤੋਂ 37 ਈ: ਦੌਰਾਨ ਸਰਕਾਰ ਨੇ ਭਾਰਤੀਆਂ ਨੂੰ ਕੁਝ ਹੱਦ ਤੱਕ ਸੰਤੁਸ਼ਟ ਕਰਨ ਲਈ ਕਦਮ ਉਠਾਏ, ਜਿਸ ਨਾਲ ਰਾਸ਼ਟਰਵਾਦੀ ਲਹਿਰ ਵਿਚ ਨਵਾਂ ਮੋੜ ਆਇਆ।

---

45. Fauja Singh – *Eminent Freedom Fighters of Punjab*, p. 42.
46. A.R. Desai — *Social Background of Indian Nationalism*, p. 366.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1935 ਵਿਚ ਬ੍ਰਤਾਨਵੀ ਪਾਰਲੀਮੈਂਟ ਨੇ ਭਾਰਤ ਵਿਚ 'ਫ਼ੈਡਰਲ ਸੰਵਿਧਾਨ' ਲਾਗੂ ਕਰਨਾ ਪ੍ਰਵਾਨ ਕਰ ਲਿਆ। ਜਨਵਰੀ 1937 ਵਿਚ ਨਵੇਂ ਸੰਵਿਧਾਨ ਅਨੁਸਾਰ ਰਾਜ ਸਰਕਾਰਾਂ ਦੀਆਂ ਚੋਣਾਂ ਕਰਵਾਈਆਂ ਗਈਆਂ। ਕਾਂਗਰਸ ਨੂੰ ਬੰਬਈ, ਮਦਰਾਸ, ਉੱਤਰ ਪ੍ਰਦੇਸ਼, ਬਿਹਾਰ, ਆਸਾਮ ਦੇ ਬਿਨਾਂ ਕੇਂਦਰੀ ਪ੍ਰਦੇਸ਼ ਵਿਚ ਜਿੱਤ ਮਿਲੀ। ਕਾਂਗਰਸ ਨੇ ਸਰਕਾਰ ਸੰਭਾਲਦੇ ਹੀ ਰਾਜਨੀਤਕ ਕੈਦੀ ਰਿਹਾ ਕੀਤੇ, ਅਨੇਕਾਂ ਸੰਸਥਾਵਾਂ ਨੂੰ ਫਿਰ ਰਾਜਨੀਤਕ ਮਾਨਤਾ ਦਿੱਤੀ ਤੇ ਕੁਝ ਰਾਸ਼ਟਰਵਾਦੀ ਪੱਤਰਾਂ ਦੀਆਂ ਜ਼ਬਤ ਕੀਤੀਆਂ ਜ਼ਮਾਨਤਾਂ ਵਾਪਸ ਕੀਤੀਆਂ।[47] ਪਰ ਕੁਝ ਸਮੇਂ ਵਿਚ ਹੀ ਖੱਬੇ-ਪੱਖੀ ਰਾਸ਼ਟਰਵਾਦੀਆਂ ਵਲੋਂ ਇਹ ਦੋਸ਼ ਵੀ ਲੱਗਣ ਲੱਗ ਪਿਆ ਕਿ ਕਾਂਗਰਸੀ ਸਰਕਾਰਾਂ ਨੇ ਸ਼ਹਿਰੀ ਆਜ਼ਾਦੀ ਵਿਚ ਰੁਕਾਵਟਾਂ ਖੜੀਆਂ ਕੀਤੀਆਂ ਹਨ, ਕਿਰਤੀਆਂ ਵਲੋਂ ਹੜਤਾਲਾਂ ਕਰਨ 'ਤੇ ਪਾਬੰਦੀ ਲਗਾਈ ਹੈ ਅਤੇ ਹੋਰ ਸਮਾਜਕ ਸੁਧਾਰਾਂ ਦਾ ਮੈਨੀਫ਼ੈਸਟੋ ਵਿਚ ਵਾਇਦਾ ਕਰ ਕੇ ਮੁੱਕਰ ਗਈ ਹੈ।[48]

1937 ਦੀਆਂ ਚੋਣਾਂ ਨੇ ਜਿਥੇ ਭਾਰਤੀਆਂ ਨੂੰ ਕੁਝ ਵਧੇਰੇ ਅਧਿਕਾਰ ਤੇ ਰਾਜਸੀ ਸੁਤੰਤਰਤਾ ਮਾਨਣ ਦਾ ਮੌਕਾ ਦਿੱਤਾ, ਉਥੇ ਇਨ੍ਹਾਂ ਨੇ ਰਾਸ਼ਟਰੀ ਆਜ਼ਾਦੀ ਦੀ ਲਹਿਰ ਨੂੰ ਕਮਜ਼ੋਰ ਵੀ ਕੀਤਾ। ਇਹਨਾਂ ਚੋਣਾਂ ਵਿਚ ਇਕ ਪਾਸੇ ਪੱਛੜੀਆਂ ਸ਼੍ਰੇਣੀਆਂ ਨੇ ਡਾਕਟਰ ਅੰਬੇਦਕਰ ਦੀ ਅਗਵਾਈ ਵਿਚ ਤੀਜਾ ਹਿੱਸਾ ਸੀਟਾਂ ਰਾਖਵੀਆਂ ਕਰਵਾ ਲਈਆਂ,[49] ਓਥੇ ਚੋਣਾਂ ਤੋਂ ਪਹਿਲਾਂ ਮੁਸਲਮਾਨਾਂ ਨੇ ਅਸੰਬਲੀਆਂ ਵਿਚ ਆਪਣੀਆਂ ਸੀਟਾਂ ਵੀ ਧਾਰਮਿਕ ਲੀਹਾਂ 'ਤੇ ਰਾਖਵੀਆਂ ਕਰਵਾ ਲਈਆਂ। ਇਹਨਾਂ ਤਬਦੀਲੀਆਂ ਨੇ 1937 ਵਿਚ ਫ਼ਿਰਕਾ-ਪ੍ਰਸਤੀ ਨੂੰ ਬਹੁਤ ਉਤਸ਼ਾਹਤ ਕਰ ਦਿੱਤਾ। ਪੰਜਾਬ ਅਸੰਬਲੀ ਵਿਚ ਮੁਸਲਮਾਨਾਂ ਦੀਆਂ 56 ਪ੍ਰਤੀਸ਼ਤ ਸੀਟਾਂ ਰਾਖਵੀਆਂ ਰੱਖ ਕੇ, ਅੰਗਰੇਜ਼ਾਂ ਨੇ ਮੁਸਲਮਾਨਾਂ ਦਾ ਹਿੰਦੂ ਸਿੱਖਾਂ ਨਾਲ ਟਕਰਾਓ ਵਧਾਣ ਵਿਚ ਸਫਲਤਾ ਪ੍ਰਾਪਤ ਕੀਤੀ।[50]

1939 ਈ : ਵਿਚ ਵਿਸ਼ਵ-ਯੁੱਧ ਛਿੜ ਜਾਣ ਸਮੇਂ ਕਾਂਗਰਸ ਨੇ ਐਲਾਨ ਕੀਤਾ ਕਿ ਜੇ ਬ੍ਰਤਾਨਵੀ ਸਰਕਾਰ ਇਹ ਭਰੋਸਾ ਦੇਵੇ ਕਿ ਜੰਗ ਆਤਮ-ਨਿਰਣੇ ਦੇ ਅਧਿਕਾਰਾਂ ਤੇ ਲੋਕ-ਤੰਤਰੀ ਸਿਧਾਤਾਂ 'ਤੇ ਲੜੀ ਜਾ ਰਹੀ ਹੈ, ਅਤੇ ਇਕਰਾਰ ਕਰੇ ਕਿ ਅਜਿਹੇ ਅਧਿਕਾਰ ਭਾਰਤ ਨੂੰ ਇਕਦਮ ਦਿੱਤੇ ਜਾਣਗੇ, ਤਾਂ ਹੀ ਕਾਂਗਰਸ ਬ੍ਰਤਾਨਵੀ ਸਰਕਾਰ ਦੀ ਜੰਗ ਵਿਚ ਮਦਦ ਕਰੇਗੀ। ਜਦੋਂ ਇਸ ਬਾਰੇ ਵਾਇਸਾਰਾਇ ਨੇ ਕੋਈ ਤਸੱਲੀਬਖ਼ਸ਼ ਜਵਾਬ ਨਾ

---

47. J.L. Nehru — *An Autobiography* (1936), p. 603.
48. A.R. Desai — *Social Background of Indian Nationalism*, p. 374,76.
49. Ajit Singh Sarhadi — *Nationalism in India—The Problem*, p. 48,49.
50. ਗੁਰਚਰਨ ਸਿੰਘ — ਪੰਜਾਬੀ ਗਲਪ ਦਾ ਇਤਿਹਾਸ, ਸਫ਼ਾ 207.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤਾ, ਤਾਂ ਅਕਤੂਬਰ 1939 ਵਿਚ ਪਾਰਟੀ ਦੇ ਆਦੇਸ਼ 'ਤੇ ਸਭ ਕਾਂਗਰਸੀ ਮੰਤਰੀਆਂ ਨੇ ਅਸਤੀਫ਼ੇ ਦੇ ਦਿੱਤੇ। ਇਸ ਸਮੇਂ ਤੱਕ ਭਾਰਤੀ ਮੁਸਲਮਾਨ ਕਾਂਗਰਸ ਨਾਲ ਟਕਰਾਓ ਦੀ ਸਥਿਤੀ ਵਿਚ ਆ ਗਏ ਸਨ। ਉਨ੍ਹਾਂ ਨੇ ਮਿ: ਜਿਨਾਹ ਦੀ ਅਗਵਾਈ ਵਿਚ 22 ਦਸੰਬਰ, 1939 ਦਾ ਦਿਨ ਕਾਂਗਰਸੀ ਰਾਜ ਤੋਂ 'ਮੁਕਤੀ' ਦਿਨ ਵਜੋਂ ਮਨਾਇਆ। ਜਦੋਂ ਮਾਰਚ 1940 ਵਿਚ ਕਾਂਗਰਸ ਨੇ ਮੁਕੰਮਲ ਆਜ਼ਾਦੀ ਦੀ ਮੰਗ ਕਰ ਦਿੱਤੀ, ਤਾਂ ਇਸ ਦੇ ਨਾਲ ਹੀ ਮੁਸਲਿਮ ਲੀਗ ਨੇ 'ਦੋ ਕੌਮਾਂ' ਦੇ ਸਿਧਾਂਤ ਉਤੇ ਭਾਰਤੀ ਮੁਸਲਮਾਨਾਂ ਲਈ ਵੱਖਰੇ ਰਾਜ (ਪਾਕਿਸਤਾਨ) ਦੀ ਮੰਗ ਕਰ ਦਿੱਤੀ। ਇਉਂ ਰਾਸ਼ਟਰੀ ਏਕਤਾ ਵਿਚਕਾਰ ਫ਼ਿਰਕੂ ਭਾਵਨਾਵਾਂ ਆ ਖੜੀਆਂ ਹੋਈਆਂ। ਹਿੰਦੂ ਮਹਾਂਸਭਾ ਜਿਹੀਆਂ ਫ਼ਿਰਕੂ ਜੱਥੇਬੰਦੀਆਂ ਮੁਸਲਮਾਨਾਂ ਨੂੰ ਨਿੰਦਣ ਲੱਗੀਆਂ।[51]

ਫ਼ਿਰਕਾ-ਪ੍ਰਸਤੀ ਨੇ ਇਸ ਦੌਰ ਵਿਚ ਪੰਜਾਬ ਨੂੰ ਵੀ ਆਣ ਘੇਰਿਆ। ਮੁਸਲਮਾਨਾਂ ਵਲੋਂ 'ਪਾਕਿਸਤਾਨ' ਦੀ ਮੰਗ ਸ਼ੁਰੂ ਹੁੰਦੇ ਸਾਰ ਪੰਜਾਬ ਦੇ ਸਿੱਖਾਂ ਨੂੰ ਆਪਣੇ ਭਵਿਖਤ ਬਾਰੇ ਖ਼ਤਰਾ ਜਾਪਣ ਲੱਗ ਪਿਆ। ਪੰਜਾਬ ਉਨ੍ਹਾਂ ਦਾ ਘਰ ਸੀ, ਪਰ ਇਥੇ ਮੁਸਲਮਾਨਾਂ ਦੀ ਬਹੁਗਿਣਤੀ ਹੋਣ ਕਰਕੇ ਸਾਰਾ ਪੰਜਾਬ ਪਾਕਿਸਤਾਨ ਵਿਚ ਚਲੇ ਜਾਣ ਦਾ ਅੰਦੇਸ਼ਾ ਸੀ। ਇਸ ਡਰ ਵਿਚੋਂ ਉਨ੍ਹਾਂ ਨੇ 'ਆਜ਼ਾਦ ਪੰਜਾਬ' ਦੀ ਮੰਗ ਕੀਤੀ। ਪੰਜਾਬ ਦੇ ਹਿੰਦੂ ਸਿੱਖਾਂ ਦੀ ਚਿੰਤਾ ਸਮਝੇ ਬਿਨਾਂ 'ਆਜ਼ਾਦ ਪੰਜਾਬ' ਦੀ ਮੰਗ ਦਾ ਵਿਰੋਧ ਕਰਦੇ ਰਹੇ।[52]

ਬ੍ਰਤਾਨਵੀ ਸਰਕਾਰ ਨੇ 1942 ਵਿਚ 'ਕਰਿਪਸ ਕਮਿਸ਼ਨ' ਭਾਰਤ ਭੇਜਿਆ ਜਿਸ ਨੇ ਸੈਨਿਕ ਪ੍ਰਬੰਧ ਨੂੰ ਛੱਡ ਕੇ ਬਾਕੀ ਸਭ ਖੇਤਰਾਂ ਵਿਚ ਭਾਰਤੀਆਂ ਨੂੰ ਪ੍ਰਬੰਧਕੀ ਸਹੂਲਤਾਂ ਦੇਣ ਦਾ ਸੁਝਾਅ ਦਿੱਤਾ, ਪਰ ਕਾਂਗਰਸ ਤੇ ਮੁਸਲਿਮ ਲੀਗ ਨੇ ਇਹ ਸੁਝਾਅ ਪ੍ਰਵਾਨ ਨਾ ਕੀਤਾ। 1942 ਦੇ ਅਗਸਤ ਮਹੀਨੇ ਵਿਚ ਕਾਂਗਰਸ ਨੇ ਬੰਬਈ ਵਿਚ 'ਭਾਰਤ ਛੱਡੋ' ਮਤਾ ਪਾਸ ਕੀਤਾ। 'ਭਾਰਤ ਛੱਡੋ ਅੰਦੋਲਨ' ਸ਼ੁਰੂ ਹੋਣ ਤੋਂ ਇਕ ਦਿਨ ਬਾਅਦ ਅੰਗਰੇਜ਼ੀ ਸਰਕਾਰ ਨੇ ਕਾਂਗਰਸ ਪਾਰਟੀ ਨੂੰ ਗ਼ੈਰ-ਕਾਨੂੰਨੀ ਜੱਥੇਬੰਦੀ ਕਰਾਰ ਦੇ ਕੇ ਗਾਂਧੀ ਸਮੇਤ ਕਾਂਗਰਸੀ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ।[53]

ਸਰਕਾਰ ਦੇ ਇਸ ਕਦਮ ਨੇ ਬਲਦੀ ਉਤੇ ਤੇਲ ਦਾ ਕੰਮ ਕੀਤਾ। ਦੋ ਦਿਨ ਸ਼ਾਂਤ-ਮਈ ਜਲੂਸ ਕੱਢੇ ਗਏ। ਸ਼ਾਸਨ-ਪ੍ਰਬੰਧ ਨੇ ਬਹੁਤ ਸਾਰੇ ਥਾਵਾਂ 'ਤੇ ਸ਼ਾਂਤ-ਮਈ ਕੱਢੇ ਗਏ ਜਲੂਸਾਂ ਉਤੇ ਵੀ ਲਾਠੀਆਂ ਤੇ ਅਥਰੂ-ਗੈਸ ਦੀ ਵਰਤੋਂ ਕੀਤੀ, ਜਿਸ ਨਾਲ ਲੋਕ ਭੜਕ ਉਠੇ। ਸਿੱਟੇ ਵਜੋਂ ਪੁਲੀਸ ਚੌਕੀਆਂ, ਸਰਕਾਰੀ ਦਫ਼ਤਰਾਂ ਨੂੰ ਨਸ਼ਟ ਕਰਨ ਦੇ

---

51. B.N. Pandey — *The Indian Nationalist Movement* (1885-1947), p. 119.
52. ਗੁਰਚਰਨ ਸਿੰਘ — ਪੰਜਾਬੀ ਗਲਪ ਦਾ ਇਤਿਹਾਸ, ਸਫ਼ਾ 208.
53. *The Indian Nationalist Movement*, p. 120.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਨਾਂ ਰੇਲ, ਤਾਰ ਤੇ ਖ਼ਜ਼ਾਨੇ ਆਦਿ ਨੂੰ ਬਰਬਾਦ ਕਰਨ ਦੀਆਂ ਕਾਰਵਾਈਆਂ ਹੋਈਆਂ। ਇਤਿਹਾਸਕ ਹਵਾਲਿਆਂ ਤੋਂ ਪਤਾ ਚਲਦਾ ਹੈ ਕਿ 1942 ਦੇ ਜਨਤਕ ਵਿਦਰੋਹ ਦੌਰਾਨ ਬਿਹਾਰ ਦੇ ਕਈ ਜ਼ਿਲ੍ਹਿਆਂ ਤੇ ਤਹਿਸੀਲਾਂ ਵਿਚ ਤਾਂ ਜਨਤਾ ਦਾ ਸ਼ਾਸਨ ਹੋ ਗਿਆ ਸੀ। ਪੁਲੀਸ ਨੇ ਵੀ ਲੋਕਾਂ ਨੂੰ ਕੁਚਲਣ ਲਈ ਕੋਈ ਕਸਰ ਨਾ ਛੱਡੀ। ਵਿਦਿਆਰਥੀਆਂ ਤੇ ਇਸਤਰੀਆਂ ਉਤੇ ਸਖ਼ਤ ਅਤਿਆਚਾਰ ਹੋਏ। ਹਜ਼ਾਰਾਂ ਬੱਚੇ ਮਾਰ ਦਿੱਤੇ ਗਏ ਅਤੇ ਇਸਤਰੀਆਂ ਨਾਲ ਪੁਲੀਸ ਨੇ ਬਲਾਤਕਾਰ ਤੇ ਬੇ-ਇਜ਼ਤੀ ਕਰਨ ਵਿਚ ਕੋਈ ਕਸਰ ਨਾ ਛੱਡੀ। ਮੱਧ-ਪ੍ਰਦੇਸ਼, ਸਿਤਾਰਾ, ਕੇਂਦਰੀ ਪ੍ਰਦੇਸ਼ ਤੇ ਬਿਹਾਰ ਵਿਚ ਤਾਂ ਸਰਕਾਰੀ ਜ਼ੁਲਮਾਂ ਦੇ ਭਾਵ-ਪੂਰਤ ਦ੍ਰਿਸ਼ ਦੇਖਣ ਨੂੰ ਮਿਲੇ।[54]

ਤੀਬਰ ਰਾਸ਼ਟਰਵਾਦੀ ਚੇਤਨਾ ਦੇ ਇਸ ਦੌਰ ਵਿਚ ਹੀ ਬਦੇਸ਼ਾਂ ਵਿਚ ਵਸਦੇ ਭਾਰਤੀਆਂ ਨੇ ਵਿਸ਼ਵ-ਯੁੱਧ ਦੇ ਨਾਜ਼ੁਕ ਮੌਕੇ ਤੋਂ ਫ਼ਾਇਦਾ ਉਠਾਉਂਦੇ ਹੋਏ ਭਾਰਤੀ ਆਜ਼ਾਦੀ ਲਈ ਇਕ ਹੋਰ ਜੱਥੇਬੰਦਕ ਹੰਭਲਾ ਮਾਰਨ ਦਾ ਯਤਨ ਕੀਤਾ। ਡਾ: ਸ਼ਰਮਾ ਅਨੁਸਾਰ, ਜਾਪਾਨ, ਹਾਂਗਕਾਂਗ, ਬਰ੍ਹਮਾ, ਜਾਵਾ, ਮਲਾਇਆ, ਥਾਈਲੈਂਡ ਆਦਿ ਦੇ ਸੁਤੰਤਰਤਾ-ਪ੍ਰੇਮੀ ਭਾਰਤੀਆਂ ਨੇ ਟੋਕੀਓ ਅਤੇ ਬੈਂਕਾਕ ਵਿਚ ਸੰਮੇਲਨ ਕੀਤੇ ਅਤੇ 'ਆਜ਼ਾਦ ਹਿੰਦ ਸੰਘ' ਦੀ ਸਥਾਪਨਾ ਕੀਤੀ। 1943 ਵਿਚ, ਸਿੰਘਾਪੁਰ ਵਿਚ ਪੂਰਬੀ ਏਸ਼ੀਆ 'ਚ ਵਸਦੇ ਭਾਰਤੀਆਂ ਦਾ ਸੰਮੇਲਨ ਹੋਇਆ, ਜਿਸ ਵਿਚ ਰਾਸ ਬਿਹਾਰੀ ਬੋਸ ਨੇ ਸੁਭਾਸ਼ ਚੰਦਰ ਬੋਸ ਨੂੰ 'ਆਜ਼ਾਦ ਹਿੰਦ ਫ਼ੌਜ' ਦਾ ਆਗੂ ਬਣਾ ਦਿੱਤਾ। ਭਾਰਤ ਨੂੰ ਆਜ਼ਾਦ ਕਰਾਉਣ ਲਈ ਬਣੀ ਇਸ ਫ਼ੌਜ ਵਿਚ ਬਹੁਤੇ ਪੰਜਾਬੀ ਸਿਪਾਹੀ ਸੀ ਅਤੇ ਇਨ੍ਹਾਂ ਦਾ ਇਕ ਆਗੂ ਜਨਰਲ ਮੋਹਨ ਸਿੰਘ ਸੀ। ਇਸ ਫ਼ੌਜ ਨੇ ਪੂਰੀ ਤਿਆਰੀ ਨਾਲ ਬਰ੍ਹਮਾ-ਭਾਰਤ ਸੀਮਾ ਉਤੇ ਹਮਲੇ ਕਰ ਕੇ ਭਾਰਤ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਪਰ ਬਰਸਾਤ ਦਾ ਮੌਸਮ ਸ਼ੁਰੂ ਹੋ ਜਾਣ ਕਰਕੇ ਅਤੇ ਪਿੱਛੋਂ ਸਪਲਾਈ ਬੰਦ ਹੋ ਜਾਣ ਕਰਕੇ ਇਹ ਫ਼ੌਜ ਆਪਣੇ ਮਨੋਰਥ ਵਿਚ ਅਸਫਲ ਰਹੀ।[55]

1943 ਈ: ਦੇ ਬੰਗਾਲ ਦੇ ਭਿਆਨਕ ਕਾਲ ਨੇ ਵੀ ਅੰਗਰੇਜ਼-ਵਿਰੋਧੀ ਭਾਵਨਾਵਾਂ ਨੂੰ ਭੜਕਾਉਣ ਦੇ ਨਾਲ ਨਾਲ ਆਰਥਿਕ ਮੰਦ-ਹਾਲੀ ਤੋਂ ਸੁਚੇਤ ਭਾਰਤੀਆਂ ਦੇ ਅੰਦਰ ਆਪਸੀ ਹਮਦਰਦੀ ਵਿਚ ਵਾਧਾ ਕੀਤਾ।

1945 ਦੀਆ ਅਸੰਬਲੀ ਚੋਣਾਂ ਵਿਚ ਵੱਡੀ ਪੱਧਰ 'ਤੇ ਫ਼ਿਰਕਾ-ਪ੍ਰਸਤੀ ਨੇ ਸਿਰ ਚੁੱਕਿਆ। ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' ਦੇ ਸ਼ਬਦਾਂ ਵਿਚ "ਲੀਗੀ ਮੁਸਲਮਾਨ ਤੇ ਨੈਸ਼ਨਲਿਸਟ ਮੁਸਲਮਾਨ ਇਕ ਦੂਜੇ ਉਤੇ ਚਿੱਕੜ ਸੁੱਟ ਰਹੇ ਸਨ, ਅਨਹੋਣੀਆਂ ਗੱਲਾਂ ਕਰ

---

54. ਡਾ. ਕੇ. ਕੇ. ਸ਼ਰਮਾ — ਹਿੰਦੀ ਸਾਹਿਤਯ ਮੇਂ ਰਾਸ਼ਟਰੀ ਕਾਵਯ ਕਾ ਵਿਕਾਸ, ਸਫ਼ਾ 236.

55. ਉਹੀ, ਸਫ਼ਾ 237.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੇ ਸਨ, ਮਾਰ-ਕੁਟਾਈ ਕਰ ਰਹੇ ਸਨ, ਕਾਂਗਰਸੀਆਂ ਨੇ ਵੀ ਮੁਖ਼ਾਲਫ਼ਾਂ ਦੇ ਸਿਰ ਪਾੜੇ ਤੇ ਕਈ ਜਲਸੇ ਲਾਠੀਆਂ ਨਾਲ ਤਿਤਰ ਬਿਤਰ ਕੀਤੇ। ਆਂਧਰਾ ਤੋਂ ਆਈਆਂ ਰੀਪੋਟਾਂ ਬੜੀਆਂ ਨਿਰਾਸ਼ ਕਰਨ ਵਾਲੀਆਂ ਸਨ। ਬੰਗਾਲ ਵਿਚ, ਪੰਜਾਬ ਵਿਚ, ਯੂ. ਪੀ. ਵਿਚ ਗੁੰਡਾਗਰਦੀ ਦਾ ਵਿਖਾਲਾ ਪੈ ਰਿਹਾ ਹੈ।... ਪੰਜਾਬ ਵਿਚ ਅਕਾਲੀਆਂ ਨੇ ਪੰਡਿਤ ਜਵਾਹਰ ਲਾਲ ਦੀ ਸਟੇਜ ਨੂੰ ਅੱਗ ਲਾ ਦਿੱਤੀ ਤੇ ਪੰਡਿਤ ਜੀ ਨੂੰ ਗੰਗੂ ਬ੍ਰਾਹਮਣ ਨਾਲ ਤੁਲਨਾ ਦਿੱਤੀ, ਤੇ ਉਨ੍ਹਾਂ ਦੇ ਖ਼ਿਲਾਫ਼ ਸਿੱਖ ਜਜ਼ਬੇ ਭੜਕਾਏ।''[56] 1945 ਵਿਚ ਮੁਸਲਮਾਨਾਂ ਨੂੰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਪ੍ਰਾਪਤ ਹੋਈ ਬਹੁਮਤ ਨੇ ਇਸ ਤਨਾਓ ਨੂੰ ਵਧਾਇਆ।

ਭਾਰਤੀ ਸੁਤੰਤਰਤਾ ਸੰਗਰਾਮ ਦੀ ਇਕ ਹੋਰ ਮਹੱਤਵਪੂਰਨ ਘੜੀ ਉਦੋਂ ਆਈ, ਜਦੋਂ 1946 ਵਿਚ ਭਾਰਤੀ ਸਮੁੰਦਰੀ ਫ਼ੌਜ ਵੀ ਰਾਸ਼ਟਰੀ ਸੰਘਰਸ਼ ਦੇ ਰਾਹ 'ਤੇ ਪੈ ਗਈ। ਇਕ ਅੰਗਰੇਜ਼ ਅਫ਼ਸਰ ਵਲੋਂ ਭਾਰਤੀ ਸੈਨਿਕਾਂ ਨੂੰ ਗਾਲ੍ਹਾਂ ਕੱਢਣ ਉਤੇ ਫ਼ਰਵਰੀ 1946 ਵਿਚ ਬਬੰਈ ਵਿਖੇ ਸਮੁੰਦਰੀ ਫ਼ੌਜ ਦੇ ਗਿਆਰਾਂ ਸੌ ਸੈਨਿਕਾਂ ਨੇ ਹੜਤਾਲ ਕਰ ਦਿੱਤੀ। ਉਨ੍ਹਾਂ ਆਪਣੀਆਂ ਮੰਗਾਂ ਵਿਚ ਗੋਰੇ ਤੇ ਕਾਲੇ ਦਾ ਭੇਦ ਮਿਟਾ ਕੇ ਬਰਾਬਰ ਦੀਆਂ ਤਨਖ਼ਾਹਾਂ ਦੇਣ, ਸਾਰੇ ਰਾਜਸੀ ਕੈਦੀਆਂ ਨੂੰ ਅਤੇ 'ਆਜ਼ਾਦ ਹਿੰਦ ਫ਼ੌਜ' ਦੇ ਸਿਪਾਹੀਆਂ ਨੂੰ ਰਿਹਾ ਕਰਨ ਦੇ ਬਿਨਾਂ ਇਹ ਵੀ ਸ਼ਰਤ ਰੱਖੀ ਕਿ ਦੂਸਰੇ ਦੇਸ਼ਾਂ ਨੂੰ ਗ਼ੁਲਾਮ ਬਨਾਣ ਲਈ ਭਾਰਤੀ ਸੈਨਾ ਦਾ ਪ੍ਰਯੋਗ ਨਾ ਕੀਤਾ ਜਾਵੇ। ਹੜਤਾਲ ਫੈਲਦੀ ਗਈ, ਕਈ ਸਮੁੰਦਰੀ ਜਹਾਜ਼ਾਂ ਤੋਂ ਬ੍ਰਤਾਨਵੀ ਝੰਡੇ ਲਾਹ ਕੇ ਭਾਰਤੀ ਤਿਰੰਗਾ ਲਹਿਰਾਇਆ ਗਿਆ। ਸ਼ਹਿਰਾਂ ਵਿਚ ਜਲੂਸ ਨਿਕਲੇ ਤੇ ਜਨਤਾ ਦਾ ਸਮਰਥਨ ਮਿਲਿਆ। ਕਰਾਚੀ, ਕਲਕੱਤਾ, ਜਾਮ ਨਗਰ, ਬੰਬਈ ਆਦਿ ਥਾਵਾਂ 'ਤੇ ਗੋਰੇ ਫ਼ੌਜੀਆਂ ਨੇ ਗੋਲੀ ਚਲਾਈ। ਅਖ਼ੀਰ ਕੁਝ ਭਾਰਤੀ ਲੀਡਰਾਂ ਨੇ ਵਿਚ ਪੈ ਕੇ ਫ਼ੌਜੀਆਂ ਨੂੰ ਸ਼ਾਂਤ ਕਰ ਲਿਆ ਪਰ ਇਸ ਨਾਲ ਅੰਗਰੇਜ਼ੀ ਸਰਕਾਰ ਨੂੰ ਇਹ ਅਹਿਸਾਸ ਹੋ ਗਿਆ ਕਿ ਹੁਣ ਭਾਰਤ ਨੂੰ ਪਰਾਧੀਨ ਨਹੀਂ ਰੱਖਿਆ ਜਾ ਸਕਦਾ।[57]

12 ਅਗਸਤ, 1946 ਨੂੰ ਵਾਇਸਰਾਏ ਮਿ: ਵੇਵਲ ਨੇ ਸ੍ਰੀ ਨਹਿਰੂ ਦੀ ਪ੍ਰਧਾਨਗੀ ਹੇਠ 'ਅੰਤਰ-ਕਾਲੀਨ ਸਰਕਾਰ' ਬਨਾਉਣ ਦਾ ਸੱਦਾ ਦਿੱਤਾ। ਇਸ ਵਿਚ ਮੁਸਲਿਮ ਲੀਗ ਵੀ ਸ਼ਾਮਲ ਹੋਈ ਪਰ ਦੋਵੇਂ ਪਾਰਟੀਆਂ ਬਹੁਤੀ ਦੇਰ ਇਕੱਠੀਆਂ ਕੰਮ ਨਾ ਕਰ ਸਕੀਆਂ। ਮਿ: ਜਿਨਾਹ ਨੇ ਮੁਸਲਮਾਨਾ ਨੂੰ 'ਡਾਇਰੈਕਟ ਐਕਸ਼ਨ' ਦਾ ਸੱਦਾ ਦਿੱਤਾ ਜਿਸ ਦੇ ਕਾਰਨ ਕਲਕੱਤੇ ਵਿਚ ਚਾਰ ਦਿਨ ਹਿੰਦੂਆਂ ਤੇ ਮੁਸਲਮਾਨਾਂ ਵਿਚਕਾਰ ਬੜੇ ਭਿਆਨਕ ਫ਼ਸਾਦ ਹੋਏ।[58]

---

56. ਗੁਰਬਖ਼ਸ਼ ਸਿੰਘ — ਪ੍ਰੀਤ ਲੜੀ (ਦਸੰਬਰ 1945), ਸਫ਼ਾ 30.

57. ਡਾ. ਕੇ. ਕੇ. ਸ਼ਰਮਾ — ਹਿੰਦੀ ਸਾਹਿਤਯ ਮੇਂ ਰਾਸ਼ਟਰੀ ਕਾਵਯ ਕਾ ਵਿਕਾਸ, ਸਫ਼ਾ 238.

58. Louis Fisher — *Gandhi*, p. 159,60.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

18 ਜੁਲਾਈ, 1947 ਨੂੰ ਬ੍ਰਤਾਨਵੀ ਸਰਕਾਰ ਦੀ ਪ੍ਰਵਾਨਗੀ ਹੇਠ ਪੱਛਮੀ ਪੰਜਾਬ, ਸਿੰਧ, ਬਲੋਚਿਸਤਾਨ, ਉਤਰ ਪੱਛਮੀ ਸੀਮਾਂ ਪ੍ਰਾਂਤ, ਪੂਰਬੀ ਬੰਗਾਲ ਦੇ ਇਲਾਕਿਆਂ ਤੇ ਆਸਾਮ ਦੇ ਸਿਲਹੱਟ ਜ਼ਿਲ੍ਹੇ ਨੂੰ ਮਿਲਾ ਕੇ 'ਪਾਕਿਸਤਾਨ' ਨਾਮ ਦਾ ਅਲੱਗ ਦੇਸ਼ ਬਨਾਉਣ ਦਾ ਐਲਾਨ ਕਰ ਦਿੱਤਾ ਗਿਆ। ਕਾਂਗਰਸ ਪੰਜਾਬ ਦੇ ਸਿੱਖ ਨੇਤਾਵਾਂ ਦੇ ਜ਼ੋਰ ਦੇਣ ਉਤੇ ਪੰਜਾਬ ਦੀ ਤਕਸੀਮ ਪਹਿਲਾਂ ਹੀ ਪ੍ਰਵਾਨ ਕਰ ਚੁੱਕੀ ਸੀ। ਸਿੱਖ ਨੇਤਾ ਇਹ ਵੀ ਕਹਿ ਰਹੇ ਸਨ ਕਿ ਭਾਰਤ ਵਿਚ ਆਉਣ ਵਾਲੇ ਪੰਜਾਬ ਦੇ ਹਿੱਸੇ ਦਾ ਫ਼ੈਸਲਾ ਆਬਾਦੀ ਦੇ ਲਿਹਾਜ਼ ਨਾਲ ਨਾ ਕੀਤਾ ਜਾਵੇ, ਸਗੋਂ 'ਜਾਇਦਾਦ' ਨੂੰ ਮੁੱਖ ਰੱਖ ਕੇ ਕੀਤਾ ਜਾਵੇ। ਇਸ ਦਾ ਮੁੱਖ ਕਾਰਨ ਇਹ ਸੀ ਕਿ ਸਿੱਖਾਂ ਦੀ ਜਾਇਦਾਦ ਰਾਵੀ ਤੋਂ ਪਾਰ ਝਨਾਂ ਦਰਿਆ ਤੱਕ ਫੈਲੀਆਂ ਬਾਰਾਂ ਤੱਕ ਸੀ। ਪਰ ਇਹ ਅਸੂਲ ਵਾਇਸਰਾਏ ਮਾਊਂਟਬੈਟਨ ਨੇ ਪ੍ਰਵਾਨ ਨਹੀਂ ਕੀਤਾ। ਸਰਹੱਦ ਉਹ ਮੰਨੀ ਗਈ ਜਿਸ ਨਾਲ ਸਿੱਖ ਆਬਾਦੀ ਅੱਧੀ ਪਾਕਿਸਤਾਨ ਵਿਚ ਚਲੀ ਗਈ। ਇਸ ਲਈ ਪਾਕਿਸਤਾਨ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹੀ ਪੱਛਮੀ ਪੰਜਾਬ ਵਿਚ ਫ਼ਿਰਕੂ ਮੁਸਲਮਾਨਾਂ ਨੇ ਮਾਰਚ 1947 ਵਿਚ ਹਿੰਦੂਆਂ ਸਿੱਖਾਂ ਨੂੰ ਮਾਰਨਾ ਤੇ ਲੁਟਣਾ ਸ਼ੁਰੂ ਕਰ ਦਿੱਤਾ ਸੀ। ਹੁਣ ਸਿੱਖ ਨੇਤਾਵਾਂ ਨੂੰ ਫ਼ਿਕਰ ਹੋਇਆ ਕਿ ਪਾਕਿਸਤਾਨ ਵਿਚੋਂ ਨਿਕਲਿਆ ਜਾਵੇ ਤੇ ਭਾਰਤੀ ਪੰਜਾਬ ਵਿਚ ਸਿੱਖਾਂ ਨੂੰ ਇਕੱਠਾ ਕੀਤਾ ਜਾਵੇ। ਸਿੱਖ ਨੇਤਾਵਾਂ ਨੇ ਪੂਰਬੀ ਪੰਜਾਬ ਵਿਚੋਂ ਮੁਸਲਮਾਨਾਂ ਨੂੰ ਕੱਢ ਕੇ ਸਿੱਖਾਂ ਹਿੰਦੂਆਂ ਲਈ ਘਰ ਤੇ ਜਾਇਦਾਦਾਂ ਖ਼ਾਲੀ ਕਰਾਉਣ ਦਾ ਫ਼ੈਸਲਾ ਕੀਤਾ। ਫ਼ਿਰਕੂ ਨਫ਼ਰਤ ਪਹਿਲਾਂ ਹੀ ਭੜਕੀ ਹੋਈ ਸੀ। ਹੁਣ ਆਬਾਦੀਆਂ ਦੇ ਤਬਾਦਲੇ ਦੀ ਇਸ ਗ਼ੈਰ-ਸਰਕਾਰੀ ਯੋਜਨਾ ਅਧੀਨ ਪੰਜਾਬ ਦੀ ਵੰਡ ਵਾਲੀ ਲਕੀਰ ਦੇ ਦੋਵੇਂ ਪਾਸੇ ਵਿਰੋਧੀ ਮਜ਼ਹਬ ਵਾਲਿਆਂ ਉਤੇ ਜੱਥੇਬੰਧਕ ਹਮਲੇ ਸ਼ੁਰੂ ਹੋਏ, ਤਾਂ ਕਿ ਉਨ੍ਹਾਂ ਨੂੰ ਸਰਹੱਦੋਂ ਪਾਰ ਭੇਜਿਆ ਜਾਵੇ। ਇਸ ਤਬਾਦਲੇ ਦੌਰਾਨ 43 ਲੱਖ ਤੋਂ ਵੱਧ ਸਿੱਖ ਤੇ ਹਿੰਦੂ ਪੱਛਮੀ ਪੰਜਾਬ ਵਿਚੋਂ ਨਿਕਲ ਕੇ ਆਏ ਅਤੇ 42 ਲੱਖ ਤੋਂ ਵੱਧ ਮੁਸਲਮਾਨ ਪੱਛਮੀ ਪੰਜਾਬ ਚਲੇ ਗਏ। ਸਿੱਖ ਹਿੰਦੂ 67 ਲੱਖ ਏਕੜ ਤੋਂ ਵੱਧ ਜ਼ਮੀਨ ਵੀ ਉਧਰ ਛੱਡ ਕੇ ਆਏ।[59]

ਇਸ ਦੇਸ਼-ਵੰਡ ਕਾਰਨ ਹੋਏ ਫ਼ਿਰਕੂ ਫ਼ਸਾਦਾਂ ਨੇ ਦੋ ਸੌ ਸਾਲ ਬਾਅਦ ਮਿਲੀ ਆਜ਼ਾਦੀ ਨੂੰ ਮਨਾਉਣ ਦੀ ਖ਼ੁਸ਼ੀ ਗ਼ਾਇਬ ਕਰ ਦਿੱਤੀ ਕਿਉਂਕਿ ਉਨ੍ਹਾਂ ਦਿਨਾਂ ਵਿਚ ਭਾਰਤ ਜਲ ਰਿਹਾ ਸੀ। ਇਸੇ ਦੇਸ਼-ਵੰਡ ਦੇ ਸਿੱਟੇ ਵਜੋਂ ਪੰਜਾਬ ਦੇ ਲੋਕਾਂ ਨੇ ਸਾਰੇ ਭਾਰਤ ਦੇ ਲੋਕਾਂ ਨਾਲੋਂ ਵੱਧ ਦੁੱਖ ਝੱਲੇ। ਲੱਖਾਂ ਪੰਜਾਬੀਆਂ ਨੂੰ ਆਜ਼ਾਦੀ ਦੇ ਬਦਲੇ ਵਿਚ ਘਰੋਂ ਬੇ-ਘਰ ਹੋਣਾ ਪਿਆ ਅਤੇ ਲੱਖਾਂ ਲੋਕਾਂ ਦੀਆਂ ਕੀਮਤੀ ਜਾਨਾਂ ਗਈਆਂ। ਹਜ਼ਾਰਾਂ ਔਰਤਾਂ

---

59. Khushwant Singh — *A History of the Sikhs* (Vol II), p. 284.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਬਲਾਤਕਾਰ ਹੋਏ ਤੇ ਅਨੇਕਾਂ ਨੂੰ ਆਪਣੇ ਧਰਮ ਬਦਲਣ ਲਈ ਮਜਬੂਰ ਕੀਤਾ ਗਿਆ। ਪੰਜਾਬੀਆਂ ਨੇ ਸ਼ਾਇਦ ਕਦੇ ਵੀ ਇੱਨੇ ਇਨਸਾਨੀਅਤ ਤੋਂ ਗਿਰੇ ਹੋਏ ਕੰਮ ਨਹੀਂ ਕੀਤੇ, ਜਿੰਨੇ 1947 ਵਿਚ ਕੀਤੇ। ਆਜ਼ਾਦੀ ਦੇ ਮੌਕੇ ਉਤੇ ਦੇਸ਼-ਵੰਡ ਦੇ ਨਾਮ 'ਤੇ ਜੋ ਇਨਸਾਨੀਅਤ ਦਾ ਘਾਣ ਹੋਇਆ, ਇਸ ਦੀ ਤਸਵੀਰ ਕਿਸੇ ਇਤਿਹਾਸ ਦਾ ਭਾਗ ਨਹੀਂ ਬਣੀ। ਇਸ ਦੌਰ ਦੀ ਅਸਲ ਤਸਵੀਰ ਕੇਵਲ ਸਾਹਿਤ ਵਿਚ, ਵਿਸ਼ੇਸ਼ ਤੌਰ 'ਤੇ ਪੰਜਾਬੀ ਸਾਹਿਤ ਵਿਚ ਬੜੇ ਯਥਾਰਥਕ ਰੂਪ ਵਿਚ ਚਿੱਤਰੀ ਦੇਖੀ ਜਾ ਸਕਦੀ ਹੈ।

ਸੁਤੰਤਰ ਭਾਰਤ ਵਿਚ ਰਾਸ਼ਟਰੀ ਚੇਤਨਾ

ਆਜ਼ਾਦੀ ਮਿਲਣ ਦੇ ਦੋ ਤਿੰਨ ਸਾਲਾਂ ਵਿਚ ਹੀ ਭਾਰਤੀ ਰਾਸ਼ਟਰੀ ਚੇਤਨਾ ਨੇ ਇਕ ਵਾਰ ਫਿਰ ਨਵੇਂ ਅਰਥਾਂ ਵਿਚ ਸਿਰ ਚੁੱਕਿਆ। ਦਰਅਸਲ ਆਜ਼ਾਦੀ ਲਈ ਸੰਘਰਸ਼ ਕਰਦਿਆਂ ਭਾਰਤੀਆਂ ਨੇ ਜੋ ਭਵਿੱਖ ਉਲੀਕਿਆ ਸੀ, ਉਹ ਆਜ਼ਾਦ ਭਾਰਤ ਵਿਚ ਪੂਰਾ ਨਾ ਹੁੰਦਾ ਦੇਖ ਕੇ ਉਹ ਬੇਚੈਨ ਹੋ ਗਏ।

ਗਿ: ਹੀਰਾ ਸਿੰਘ ਦਰਦ ਅਨੁਸਾਰ — "ਹਿੰਦੁਸਤਾਨ ਦੇ ਆਮ ਲੋਕਾਂ ਦੀ ਮੰਗ ਸੀ — ਇਨਕਲਾਬ, ਜਿਸ ਦਾ ਮਤਲਬ ਇਹ ਸੀ ਕਿ ਬਰਤਾਨਵੀ ਸਾਮਰਾਜ ਤੋਂ ਮੁਕੰਮਲ ਤੌਰ 'ਤੇ ਦੇਸ਼ ਨੂੰ ਆਜ਼ਾਦ ਕਰਾ ਕੇ ਪੂਰਨ ਜਮਹੂਰੀ ਸਿਧਾਂਤਾਂ ਉਪਰ ਲੋਕ-ਰਾਜ ਕਾਇਮ ਕਰਨਾ। ਰਿਆਸਤਾਂ ਦੇ ਇਕ-ਪੁਰਖੇ ਰਾਜ ਖ਼ਤਮ ਕਰ ਕੇ ਦੁੱਖੀ ਰਿਆਸਤੀ ਪਰਜਾ ਨੂੰ ਵੀ ਆਜ਼ਾਦ ਹਵਾ-ਮੰਡਲ ਵਿਚ ਲਿਆਉਣਾ ਅਤੇ ਬੋਲੀ ਤੇ ਕਲਚਰ ਦੇ ਲਿਹਾਜ਼ ਨਾਲ ਰਿਆਸਤੀ ਇਲਾਕਿਆਂ ਨੂੰ ਵੱਖ ਵੱਖ ਸੂਬਿਆਂ ਨਾਲ ਰਲਾ ਦੇਣਾ, ਜਾਗੀਰਦਾਰੀ ਪ੍ਰਥਾ ਨੂੰ ਉੱਕਾ ਖ਼ਤਮ ਕਰ ਕੇ ਜ਼ਮੀਨ ਵਾਹੀ ਕਰਨ ਵਾਲੇ ਕਿਸਾਨਾਂ ਨੂੰ ਦੇ ਦੇਣੀ ਤੇ ਸਾਇੰਸੀ ਢੰਗ ਨਾਲ ਪੈਦਾਵਾਰ ਵਧਾਉਣੀ। ਮਜ਼ੂਰਾਂ, ਕਾਸ਼ਤਕਾਰਾਂ ਤੇ ਨੌਕਰੀ-ਪੇਸ਼ਾ ਲੋਕਾਂ ਦੀਆਂ ਤਨਖ਼ਾਹਾਂ ਚੰਗੇ ਗੁਜ਼ਾਰੇ ਮੁਤਾਬਕ ਮੁਕਰਰ ਕਰਨੀਆਂ, ਚੋਰ-ਬਾਜ਼ਾਰੀ, ਸੱਟੇਬਾਜ਼ੀ ਤੇ ਵੱਢੀ-ਖ਼ੋਰੀ ਨੂੰ ਸੰਗੀਨ ਜੁਰਮ ਕਰਾਰ ਦੇ ਕੇ ਉਮਰ-ਕੈਦ ਤੇ ਫਾਂਸੀ ਤੱਕ ਸਾਜ਼ਾਵਾਂ ਦੇਣੀਆਂ ਤੇ ਸੂਦ-ਖ਼ੋਰੀ ਤੇ ਨਫ਼ੇ-ਖ਼ੋਰੀ ਦੀ ਅੰਨ੍ਹੀ ਲੁੱਟ ਵੀ ਬੰਦ ਕਰਨੀ, ਸਰਮਾਏਦਾਰੀ ਤੇ ਕਾਰਖ਼ਾਨੇਦਾਰੀ ਉਪਰ ਅਜਿਹੀਆਂ ਪਾਬੰਦੀਆਂ ਲਾਉਣੀਆਂ ਕਿ ਉਹ ਦੇਸ਼ ਦੀ ਉੱਨਤੀ ਵਿਚ ਸਹਾਈ ਬਨਣ ਅਤੇ ਅੰਨ੍ਹੀ ਲੁਟ-ਖਸੁਟ ਨਾਲ ਮਿਹਨਤੀ ਜਨਤਾ ਦੀ ਤਬਾਹੀ ਦਾ ਕਾਰਨ ਨਾ ਬਨਣ। ਮਤਲਬ ਏਹ ਕਿ ਦੇਸ਼ ਦੀ ਰਾਜਸੀ ਤਾਕਤ ਪੂਰੀ ਤਰ੍ਹਾਂ ਜਨਤਾ ਦੇ ਹੱਥ ਵਿਚ ਦੇ ਕੇ ਇਸ ਨੂੰ ਆਮ ਲੋਕਾਂ ਦੀ ਭਲਾਈ ਤੇ ਖ਼ੁਸ਼ਹਾਲੀ ਲਈ ਵਰਤਣ ਵਾਲਾ ਨਜ਼ਾਮ ਕਾਇਮ ਕਰਨਾ।"[60]

---

60. ਮਾਸਕ ਪੱਤਰ ਫੁਲਵਾੜੀ (ਫ਼ਰਵਰੀ 1948), ਸਫ਼ਾ 33.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਸਭ ਅਜਿਹੇ ਸੁਪਨੇ ਸਨ ਜੋ ਕੇਵਲ ਸਮਾਜਵਾਦੀ ਸਮਾਜ ਦੀ ਸਥਾਪਤੀ ਨਾਲ ਪੂਰੇ ਕੀਤੇ ਜਾ ਸਕਦੇ ਸਨ। ਪਰ ਭਾਰਤ ਵਿਚ ਤਾਂ ਲੋਕ-ਤੰਤਰੀ ਸੰਵਿਧਾਨਕ ਢਾਂਚਾ ਅਪਣਾਇਆ ਗਿਆ ਸੀ ਜਿਸ ਵਿਚ ਸਰਮਾਏਦਾਰੀ ਦਾ ਸਰਕਾਰ ਉਤੇ ਭਾਰੂ ਹੋਣਾ ਕੁਦਰਤੀ ਸੀ।

ਇਉਂ ਸਦੀਆਂ ਤੋਂ ਗ਼ੁਲਾਮੀ ਤੇ ਲੁੱਟ-ਖਸੁਟ ਦਾ ਸ਼ਿਕਾਰ ਹੁੰਦੇ ਆਏ ਭਾਰਤੀ ਨਵੀਂ ਰਾਸ਼ਟਰੀ ਚੇਤਨਾ ਦੇ ਪ੍ਰਭਾਵ ਹੇਠ ਜਲਦੀ ਹੀ ਆਪਣੀ ਸਰਕਾਰ ਦੇ ਕੰਮਾਂ ਤੇ ਨੀਤੀਆਂ ਤੋਂ ਅਸੰਤੁਸ਼ਟ ਹੋ ਗਏ, ਅਤੇ ਉਹ ਇਸ ਆਜ਼ਾਦੀ ਨੂੰ ਅਸਲੀ 'ਆਜ਼ਾਦੀ' ਨਾ ਮੰਨਦੇ ਹੋਏ ਕਿਸੇ 'ਪੂਰਨ-ਆਜ਼ਾਦੀ' ਦੇ ਸੁਪਨੇ ਸਿਰਜਣ ਲੱਗੇ। ਸਭ ਤੋਂ ਵੱਧ ਬੇਚੈਨੀ ਸਮਾਜਵਾਦੀ ਤੇ ਕਮਿਊਨਿਸਟ ਵਿਚਾਰਧਾਰਾ ਦੇ ਹਾਮੀਆਂ ਵਿਚ ਫੈਲੀ। ਦਰਅਸਲ ਕਮਿਊਨਿਸਟ ਸੋਚਣੀ ਵਾਲੇ ਲੋਕਾਂ ਤੇ ਕਾਂਗਰਸੀਆਂ ਵਿਚਕਾਰ ਆਪਸੀ ਵਿਸ਼ਵਾਸ ਆਜ਼ਾਦੀ ਤੋਂ ਪਹਿਲਾਂ ਹੀ ਉਠ ਚੁੱਕਾ ਸੀ, ਅਤੇ ਇਸੇ ਲਈ ਕਮਿਊਨਿਸਟ ਵਿਚਾਰਧਾਰਾ ਦੇ ਹਾਮੀ ਕਾਂਗਰਸ ਦੀ ਰਾਸ਼ਟਰਵਾਦੀ ਲਹਿਰ ਤੋਂ ਅਲੱਗ ਹੁੰਦੇ ਗਏ ਸਨ। ਆਜ਼ਾਦੀ ਤੋਂ ਬਾਅਦ ਵੀ ਉਹ ਕਾਂਗਰਸ ਤੋਂ ਸਿਧਾਂਤਕ ਤੌਰ 'ਤੇ ਦੂਰ ਰਹੇ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਕਾਂਗਰਸ ਤੇ ਬ੍ਰਤਾਨਵੀ ਸਰਕਾਰ ਦਾ ਆਪਸੀ 'ਸਮਝੌਤਾ' ਭਾਰਤ ਵਿਚ ਪੂੰਜੀਪਤੀਆਂ ਦੀ ਤਰੱਕੀ ਨੂੰ ਉਤਸ਼ਾਹਤ ਕਰੇਗਾ, ਅਤੇ ਇਸ ਗੱਲ ਦਾ ਉਹ ਦਿਲੋਂ ਵਿਰੋਧ ਕਰਦੇ ਸਨ। ਭਾਰਤ ਦੀ ਦੁੱਖਦਾਈ ਵੰਡ ਤੇ ਭਾਰਤੀ ਭਾਸ਼ਾਈ ਕੌਮੀਅਤਾਂ ਦਾ ਮਸਲਾ ਵੀ ਉਨ੍ਹਾਂ ਨੂੰ ਕਾਂਗਰਸੀ ਸਰਕਾਰ ਤੋਂ ਦੂਰ ਕਰ ਰਿਹਾ ਸੀ। ਉਨ੍ਹਾਂ ਨੂੰ ਭਾਰਤ ਦੇ 'ਕਾਮਨਵੈਲਥ ਆਫ਼ ਨੈਸ਼ਨਜ਼, ਨਾਮ ਦੀ ਵਿਸ਼ਵ-ਜੱਥੇਬੰਦੀ ਦਾ ਮੈਂਬਰ ਬਨਣ 'ਤੇ ਵੀ ਸਖ਼ਤ ਇਤਰਾਜ਼ ਸੀ ਜੋ ਭਾਰਤੀ ਆਜ਼ਾਦੀ ਨੂੰ ਸੀਮਤ ਕਰਦੀ ਸੀ।[61]

ਇਉਂ 1947 ਤੋਂ ਬਾਅਦ ਭਾਰਤੀ ਰਾਸ਼ਟਰ ਦੀ ਰਾਜਨੀਤੀ ਉਤੇ ਸਮਾਜਵਾਦ ਦੀ ਵਿਚਾਰਧਾਰਾ ਲਗਾਤਾਰ ਦਬਾਓ ਪਾ ਰਹੀ ਸੀ ਕਿ ਆਜ਼ਾਦੀ ਪ੍ਰਾਪਤ ਕਰਨਾ ਹੀ ਭਾਰਤ ਦਾ ਆਖ਼ਰੀ ਲਖ਼ਸ਼ ਨਹੀਂ ਸੀ, ਸਗੋਂ ਜਨਤਾ ਨੂੰ ਸਮਾਜਕ ਤੇ ਆਰਥਿਕ ਆਜ਼ਾਦੀ ਦਿਵਾਉਣ ਤੱਕ ਆਜ਼ਾਦੀ ਦੇ ਅਧੂਰੇ ਹੋਣ ਦਾ ਲਖ਼ਸ਼ ਇਸ ਨੇ ਅਪਣਾ ਰੱਖਿਆ ਸੀ।

ਭਾਰਤ ਵਿਚ ਰਾਸ਼ਟਰੀ ਚੇਤਨਤਾ ਦੇ ਵਿਕਾਸ ਦਾ ਉਪਰੋਕਤ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਭਾਰਤ ਵਾਸੀਆਂ ਨੇ ਰਾਸ਼ਟਰੀਅਤਾ ਨੂੰ ਧਰਮ ਦੇ ਤੌਰ 'ਤੇ ਨਹੀਂ ਅਪਣਾਇਆ; ਸਗੋਂ ਇਕ ਦ੍ਰਿਸ਼ਟੀਕੋਨ, ਇਕ ਜੀਊਣ-ਢੰਗ ਦੇ ਤੌਰ 'ਤੇ ਅਪਣਾਇਆ ਹੈ ਜਿਸ ਵਿਚ ਆਧੁਨਿਕੀਕਰਨ ਦੀ ਇੱਛਾ ਹੈ, ਭਾਰਤੀ ਸਮਾਜ ਦੇ ਸਨਅੱਤੀ ਵਿਕਾਸ ਦੇ ਨਾਲ ਨਾਲ ਗ਼ਰੀਬੀ ਤੇ ਨਾ-ਬਰਾਬਰੀ ਨੂੰ ਖ਼ਤਮ ਕਰਨ ਦੀ ਤਮੰਨਾ ਹੈ। ਇਸ ਦੇ

---

61. Harmander Singh — *Nationalism after World War* II., p. 43,46.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਲਾਵਾ ਆਪਣੇ ਵਿਰਸੇ, ਆਪਣੀਆਂ ਪੁਰਾਣੀਆਂ ਕਦਰਾਂ-ਕੀਮਤਾਂ ਤੇ ਵਿਸ਼ਵਾਸ ਨਾਲ ਜੁੜੇ ਰਹਿਣ ਦੀ ਤਮੰਨਾ ਹੈ । ਇਉਂ ਭਾਰਤੀ ਰਾਸ਼ਟਰੀਅਤਾ ਦੇ ਅਜਿਹੇ ਲੱਛਣ ਇਸ ਨੂੰ ਭਾਰਤੀ ਲੋਕਾਂ ਅੰਦਰਲਾ ਨਿਰੰਤਰ ਪ੍ਰਵਾਹ ਬਣਾ ਦਿੰਦੇ ਹਨ ਜੋ ਇਤਿਹਾਸ ਦੇ ਕਿਸੇ ਸੰਕਟਕਾਲੀਨ ਮੋੜ ਉਤੇ ਉਭਰ ਕੇ ਸਾਹਮਣੇ ਆਉਂਦਾ ਹੈ ਪਰ ਬਹੁਤੀਆਂ ਹਾਲਤਾਂ ਵਿਚ ਮੱਧਮ ਜਿਹੀ ਚਾਲ ਚਲਦਾ ਰਹਿੰਦਾ ਹੈ ।

ਭਾਰਤ ਵਿਚ ਰਾਸ਼ਟਰੀ ਚੇਤਨਾ ਦੀ ਇਸ ਨਿਰੰਤਰ ਚਲਦੀ ਲਹਿਰ ਵਿਚ ਜਿਹੜੇ ਜਿਹੜੇ ਵੀ ਉਤਰਾ-ਚੜ੍ਹਾਅ ਆਏ, ਉਨ੍ਹਾਂ ਸਾਰਿਆਂ ਦੀ ਅਸਲ ਤਸਵੀਰ ਭਾਰਤੀ ਸਾਹਿਤ ਵਿਚ ਮਿਲਦੀ ਹੈ। ਸਾਹਿਤ ਨਾ ਕੇਵਲ ਰਾਜਸੀ ਸੰਘਰਸ਼ ਵਿਚ ਹੀ ਪ੍ਰੇਰਨਾ-ਸ੍ਰੋਤ ਬਣਿਆਂ, ਸਗੋਂ ਆਰਥਿਕ, ਸਮਾਜਕ, ਧਾਰਮਕ ਤੇ ਸਭਿਆਚਰਕ ਖੇਤਰ ਵਿਚ ਹੁੰਦੇ ਰਹੇ ਰਾਸ਼ਟਰਵਾਦੀ ਸੰਘਰਸ਼ ਦੀ ਵੀ ਉਹਨੇ ਤਰਜਮਾਨੀ ਕੀਤੀ ਹੈ। ਅਗਲੇ ਕਾਂਡਾਂ ਵਿਚ ਸਾਹਿਤ ਵਲੋਂ ਪਾਏ ਗਏ ਯੋਗਦਾਨ ਦੀ ਤਸਵੀਰ ਪੇਸ਼ ਕੀਤੀ ਗਈ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਸਰਾ ਅਧਿਆਇ

ਪੰਜਾਬੀ ਕਹਾਣੀ ਵਿਚ ਰਾਸ਼ਟਰਵਾਦ

(1900 ਤੋਂ 1947 ਈ: ਤੱਕ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕਹਾਣੀ ਵਿਚ ਰਾਸ਼ਟਰਵਾਦ
(1900 ਤੋਂ 1947 ਈ: ਤੱਕ)

ਸਾਹਿਤ ਸਾਹਿਤਕਾਰ ਦੇ ਅਨੁਭਵ ਵਿਚੋਂ ਪੈਦਾ ਹੁੰਦਾ ਹੈ। ਸਾਹਿਤਕਾਰ ਵੀ ਇਕ ਸਮਾਜਕ ਪ੍ਰਾਣੀ ਹੈ, ਇਸ ਲਈ ਉਸ ਦਾ ਅਨੁਭਵ ਆਪਣੇ ਸਮਾਜਕ ਆਲੇ-ਦੁਆਲੇ ਨਾਲ ਜੁੜਿਆ ਹੋਇਆ ਹੁੰਦਾ ਹੈ, ਭਾਵੇਂ ਵੱਡੇ ਸਾਹਿਤਕਾਰ ਕੋਈ ਤਕੜਾ ਦਰਸ਼ਨ ਅਪਣਾ ਕੇ, ਆਪਣੀ ਬਲਵਾਨ ਪ੍ਰਤਿਭਾ ਦੇ ਸਹਾਰੇ, ਆਪਣੇ ਲੋਕਾਂ ਦੀ ਸੂਝ ਤੋਂ ਉਚੀ ਅਤੇ ਆਉਣ ਵਾਲੇ ਸਮੇਂ ਦੀ ਵੀ ਗੱਲ ਕਰ ਜਾਂਦੇ ਹਨ, ਤਾਂ ਵੀ ਇਹ ਕਹਿਣਾ ਅਤਿਕਥਨੀ ਨਹੀਂ ਕਿ ਸਾਹਿਤ ਸਮਾਜਕ ਅਤੇ ਰਾਸ਼ਟਰੀ ਘਟਨਾਵਾਂ ਦਾ ਦਰਪਣ ਹੁੰਦਾ ਹੈ।

ਅੰਗਰੇਜ਼ੀ ਕਾਲ ਨੇ ਪੰਜਾਬੀ ਲੋਕਾਂ ਦੇ ਜੀਵਨ ਨੂੰ ਪ੍ਰਭਾਵਤ ਕੀਤਾ। ਅਸੀਂ ਜਾਗੀਰਦਾਰੀ ਆਰਥਕ-ਪ੍ਰਬੰਧ ਵਲੋਂ ਹੌਲੀ ਹੌਲੀ ਪੂੰਜੀਵਾਦੀ ਆਰਥਕ-ਪ੍ਰਬੰਧ ਵਲ ਵਧਣ ਲੱਗੇ। ਵਿਗਿਆਨ ਦਾ ਗਿਆਨ ਪਸਰਣ ਲੱਗਾ। ਵਿਗਿਆਨਕ ਕਾਢਾਂ ਦੇ ਕੁਝ ਲਾਭ (ਰੇਲਾਂ, ਪ੍ਰਿੰਟਿੰਗ ਪ੍ਰੈੱਸ, ਅਖ਼ਬਾਰਾਂ, ਕਿਤਾਬਾਂ ਤੇ ਇਨ੍ਹਾਂ ਰਾਹੀਂ ਨਵੀਂ ਕਿਸਮ ਦੀ ਪੜ੍ਹਾਈ) ਸਾਡੇ ਲੋਕਾਂ ਤੱਕ ਪਹੁੰਚਣ ਲੱਗੇ। ਇਨ੍ਹਾਂ ਤੋਂ ਪ੍ਰਭਾਵਤ ਹੋ ਕੇ ਸਾਡੇ ਲੋਕਾਂ ਦਾ ਪਦਾਰਥਕ ਜੀਵਨ ਬਦਲਣ ਲੱਗਾ, ਵਿਵਹਾਰ ਬਦਲਣ ਲੱਗਾ, ਜਿਸ ਨੇ ਮਨਾਂ ਵਿਚ ਨਵੇਂ ਮਨੋਭਾਵ ਤੇ ਨਵੇਂ ਵਿਚਾਰ ਪੈਦਾ ਕੀਤੇ।

ਧਰ ਨਾਲ ਨਾਲ ਪਰਾਧੀਨਤਾ ਦੀ ਚੋਭ ਵੀ ਮਹਿਸੂਸ ਹੋਣ ਲੱਗੀ। ਈਸਾਈ ਮਿਸ਼ਨਰੀਆਂ ਨੇ ਸਾਡੇ ਧਰਮਾਂ ਉਤੇ ਚੋਟ ਮਾਰੀ। ਅੰਗਰੇਜ਼ਾਂ ਦੇ ਸ਼ੋਸ਼ਨ ਨੇ ਰਾਸ਼ਟਰੀ ਗੌਰਵ ਨੂੰ ਵੀ ਸੱਟ ਮਾਰੀ। ਪ੍ਰਤਿਕਰਮ ਵਜੋਂ ਲਹਿਰਾਂ ਪੈਦਾ ਹੋਈਆਂ — ਧਾਰਮਕ, ਸਮਾਜਕ, ਰਾਜਨੀਤਕ ਤੇ ਆਰਥਕ। ਇਹ ਲਹਿਰਾਂ ਸਾਡੀ ਰਾਸ਼ਟਰਵਾਦੀ ਜਾਗਰਤੀ ਦਾ ਪ੍ਰਮਾਣ ਸਨ। ਲੋਕ-ਜੀਵਨ ਵਿਚ ਆਇਆ ਉਪ੍ਰੋਕਤ ਪ੍ਰੀਵਰਤਨ ਅਤੇ ਰਾਸ਼ਟਰਵਾਦੀ ਜਾਗਰਤੀ ਸਾਡੇ ਲੇਖਕਾਂ ਦਾ ਅਨੁਭਵ ਬਣ ਕੇ ਸਾਡੇ ਸਾਹਿਤ ਦਾ ਵਸਤੂ ਵੀ ਬਣਿਆਂ।

ਆਧੁਨਿਕ ਪੰਜਾਬੀ ਕਹਾਣੀ ਵੀ ਆਪਣੇ ਜਨਮ ਤੋਂ ਹੀ ਸਮਾਜਕ ਫ਼ਰਜ਼ ਨੂੰ ਪੂਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਫ਼ਾਦਾਰੀ ਨਾਲ ਨਿਭਾਉਂਦੀ ਰਹੀ ਹੈ। ਜਿਉਂ ਜਿਉਂ ਬਾਕੀ ਭਾਰਤ ਵਾਂਗ, ਪੰਜਾਬ ਵਿਚ ਨਵੀਂ ਚੇਤਨਾ ਪੈਦਾ ਹੁੰਦੀ ਗਈ, ਤਿਉਂ ਤਿਉਂ ਪੰਜਾਬੀ ਕਹਾਣੀ ਨਵੇਂ ਨਵੇਂ ਵਸਤੂ ਅਪਣਾਉਂਦੀ ਗਈ। ਕਦੇ ਸ਼ਾਨਦਾਰ ਵਿਰਸਾ ਯਾਦ ਕਰਾ ਕੇ, ਕਦੇ ਦੁਖਿਆਰੇ ਲੋਕਾਂ ਦੇ ਦੁੱਖਾਂ ਨਾਲ ਸਾਂਝ ਦਾ ਅਹਿਸਾਸ ਕਰਾ ਕੇ, ਕਦੇ ਉਨ੍ਹਾਂ ਦੀਆਂ ਕਮਜ਼ੋਰੀਆਂ ਦਰਸਾ ਕੇ, ਕਦੇ ਹੱਕ, ਇਨਸਾਫ਼ ਤੇ ਆਜ਼ਾਦੀ ਲਈ ਚਲ ਰਹੇ ਰਾਸ਼ਟਰੀ ਸੰਘਰਸ਼ ਤੇ ਇਸ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਚਿੱਤਰ ਕੇ, ਅਤੇ ਕਦੇ ਉਨ੍ਹਾਂ ਨੂੰ ਰਾਜਨੀਤਕ ਅਗਵਾਈ ਦੇ ਕੇ ਪੰਜਾਬੀ ਕਹਾਣੀ ਨੇ ਆਪਣੀ ਰਾਸ਼ਟਰੀ ਪ੍ਰਵਿਰਤੀ ਦਾ ਸਬੂਤ ਦਿੱਤਾ ਹੈ।

ਰਾਸ਼ਟਰਵਾਦੀ ਲਹਿਰ ਦੇ ਪਹਿਲੇ ਪੜਾਵਾਂ ਵਿਚ ਧਰਮ ਕੁਝ ਹਾਂ-ਪੱਖੀ ਤੇ ਕੁਝ ਨਾਂਹ-ਪੱਖੀ ਭੂਮਿਕਾ ਨਿਭਾਉਂਦਾ ਰਿਹਾ ਹੈ। ਭਾਰਤ ਜੋ ਕਿ ਧਰਮ-ਪ੍ਰਧਾਨ ਦੇਸ਼ ਹੈ, ਵਿਚ ਵੀ ਧਰਮ ਨੇ ਰਾਸ਼ਟਰਵਾਦੀ ਸਰਗਰਮੀਆਂ ਨੂੰ ਪ੍ਰਭਾਵਤ ਕੀਤਾ ਹੈ। ਅੰਗਰੇਜ਼ਾਂ ਦੇ ਨਾਲ ਆਏ ਪੱਛਮੀ ਸਭਿਆਚਾਰ ਅਤੇ ਈਸਾਈ ਧਰਮ ਦੇ ਪ੍ਰਚਾਰ ਨੇ ਦੇਸ਼ ਦੀਆਂ ਸਦੀਆਂ ਪੁਰਾਣੀਆਂ ਧਾਰਮਕ ਪਰੰਪਰਾਵਾਂ ਨੂੰ ਹਲੂਣਿਆਂ। ਨਵੀਂ ਸਥਿਤੀ ਵਿਚ ਜਿਥੇ ਭਾਰਤੀ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਬਚਾਉਣ ਦੀ ਲੋੜ ਪਈ, ਉਥੇ ਧਰਮ ਨੂੰ ਮੰਨਣ ਵਾਲੇ ਲੋਕਾਂ ਨੂੰ ਆਪਣੇ ਆਪਣੇ ਧਰਮਾਂ ਉਤੇ ਪੜਤਾਲਵੀਂ ਝਾਤ ਮਾਰਨ ਦਾ ਖਿਆਲ ਆਇਆ। ਇਸੇ ਮਨੋਰਥ ਨਾਲ ਹੀ ਕਈ ਧਰਮ-ਸੁਧਾਰਕ ਲਹਿਰਾਂ ਚੱਲੀਆਂ।

ਧਾਰਮਕ ਪੁਨਰ ਜਾਗਰਤੀ ਤੇ ਪੰਜਾਬੀ ਕਹਾਣੀ

ਪੰਜਾਬ ਵਿਚ ਅੰਗਰੇਜ਼ੀ ਰਾਜ ਸ਼ੁਰੂ ਹੋਣ ਤੋਂ ਬਾਅਦ ਪਰਾਧੀਨ ਹੋ ਜਾਣ ਦੀ ਉਦਾਸੀ ਪੈਦਾ ਹੋ ਗਈ। ਖ਼ਾਸ ਤੌਰ 'ਤੇ ਸਿੱਖ ਆਪਣਾ ਰਾਜ-ਭਾਗ ਗੁਆ ਕੇ ਵਧੇਰੇ ਪ੍ਰੇਸ਼ਾਨ ਹੋਏ। ਇਸ ਦੇ ਨਾਲ ਹੀ ਈਸਾਈ ਮਿਸ਼ਨਰੀਆਂ ਵਲੋਂ ਧਰਮ ਪ੍ਰਚਾਰ ਸ਼ੁਰੂ ਹੋਣ ਨਾਲ ਲੋਕ ਈਸਾਈ ਬਨਣ ਲੱਗੇ। ਈਸਾਈਆਂ ਤੋਂ ਪਿੱਛੋਂ ਆਰੀਆ ਸਮਾਜ ਵਲੋਂ ਵੀ ਸਿੱਖਾਂ ਉਤੇ ਹਮਲੇ ਸ਼ੁਰੂ ਹੋਏ। ਕੁਝ ਰਾਜਨੀਤਕ ਉਦਾਸੀਨਤਾ ਅਤੇ ਕੁਝ ਧਾਰਮਕ ਹੇਠੀ ਦੀ ਚੋਭ ਘਟਾਉਣ ਲਈ ਆਪਣਾ ਧਾਰਮਕ ਵਿਰਸਾ ਮੁੜ ਚਮਕਾ ਕੇ ਪੇਸ਼ ਕਰਨ ਦੀ ਉਤੇਜਨਾ ਪੈਦਾ ਹੋਈ। ਨਾਲ ਨਾਲ ਆਪਣੇ ਅੰਦਰ ਆ ਚੁੱਕੀਆਂ ਕਮਜ਼ੋਰੀਆਂ ਅਤੇ ਕੁਰੀਤੀਆਂ ਦੂਰ ਕਰਨ ਦੀ ਲੋੜ ਵੀ ਮਹਿਸੂਸ ਕੀਤੀ ਗਈ।

ਇਉਂ ਪੰਜਾਬੀ ਕਹਾਣੀ ਨੂੰ ਪ੍ਰਭਾਵਤ ਕਰਨ ਵਾਲੀਆਂ ਧਰਮ-ਸੁਧਾਰਕ ਲਹਿਰਾਂ ਚੱਲੀਆਂ ਜਿਵੇਂ 'ਨਾਮਧਾਰੀ ਲਹਿਰ' ਤੇ 'ਸਿੰਘ ਸਭਾ ਲਹਿਰ'। ਲਹਿਰਾਂ ਦੇ ਆਸ਼ਿਆਂ ਦੇ ਪ੍ਰਚਾਰ ਲਈ ਕਹਾਣੀ ਮਾਧਿਅਮ ਦੀ ਵਰਤੋਂ ਪੰਜਾਬੀ ਲੇਖਕਾਂ ਨੇ ਇਸਾਈ ਮਿਸ਼ਨਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਹੀ ਸਿਖੀ ।[1]

'ਨਾਮਧਾਰੀ ਲਹਿਰ' 1857 ਈ: ਵਿਚ ਚੱਲ ਪਈ ਸੀ। ਮੋਢੀਆਂ ਵਿਚ ਬਾਬਾ ਰਾਮ ਸਿੰਘ ਸ਼ਾਮਲ ਸਨ। ਬਾਬਾ ਰਾਮ ਸਿੰਘ ਨੇ ਧਾਰਮਕ ਪੁਨਰ-ਜਾਗਰਤੀ ਲਿਆਂਦੀ, ਨਾਲ ਨਾਲ ਸਮਾਜਕ ਬੁਰਾਈਆਂ ਦੀ ਆਲੋਚਨਾ ਕੀਤੀ, ਜਿਵੇਂ ਕੁੜੀਆਂ ਮਾਰਨ ਤੇ ਵੇਚਣ ਦਾ ਵਿਰੋਧ ਕੀਤਾ। ਸਰਕਾਰ ਨਾਲ ਨਾ-ਮਿਲਵਰਤਨ ਦਾ ਜਿਹੜਾ ਪ੍ਰੋਗਰਾਮ ਗਾਂਧੀ ਜੀ ਨਾਲ ਪਿੱਛੋਂ ਜੁੜ ਗਿਆ, ਉਸ ਦਾ ਪਹਿਲਾ ਤਜਰਬਾ ਬਾਬਾ ਰਾਮ ਸਿੰਘ ਦੇ ਕਹਿਣ ਉੱਤੇ ਨਾਮਧਾਰੀਆਂ ਨੇ ਕੀਤਾ ਸੀ। ਉਹ ਸਰਕਾਰੀ ਡਾਕਖ਼ਾਨਿਆਂ ਦੀ ਵਰਤੋਂ ਕਰਨ ਦੀ ਥਾਂ ਡਾਕ ਦਾ ਆਪਣਾ ਪ੍ਰਬੰਧ ਸਥਾਪਤ ਕਰਦੇ ਸਨ। ਅੰਗਰੇਜ਼ੀ ਰਾਜ ਵਿਚ ਸ਼ੁਰੂ ਕੀਤੇ ਗਏ ਗਊ-ਮਾਸ ਦੇ ਬੂਚੜਖ਼ਾਨਿਆਂ ਪ੍ਰਤੀ ਰੋਸ ਸਭ ਤੋਂ ਪਹਿਲਾਂ ਨਾਮਧਾਰੀਆਂ ਨੇ ਕੀਤਾ। ਅੰਮ੍ਰਿਤਸਰ ਤੇ ਮਲੇਰਕੋਟਲੇ ਵਿਚ ਨਾਮਧਾਰੀਆਂ ਨੇ ਕੁਝ ਬੁੱਚੜ ਮਾਰ ਦਿੱਤੇ। ਲੁਧਿਆਣੇ ਦੇ ਡਿਪਟੀ ਕਮਿਸ਼ਨਰ ਕਾਵਨ ਨੇ ਕੁਝ ਨਾਮਧਾਰੀ ਪਕੜ ਕੇ ਮਲੇਰਕੋਟਲੇ ਵਿਚ ਤੋਪਾਂ ਦੇ ਮੂੰਹ ਅੱਗੇ ਖੜੇ ਕਰ ਕੇ ਉੱਡਾ ਦਿੱਤੇ। ਇਨ੍ਹਾਂ ਦੇ ਬੇਗੁਨਾਹ ਆਗੂ (ਬਾਬਾ ਰਾਮ ਸਿੰਘ) ਅਤੇ ਹੋਰ ਆਗੂਆਂ ਨੂੰ ਦੇਸ਼-ਨਿਕਾਲਾ ਦੇ ਦਿੱਤਾ ਗਿਆ।[2] ਇਸ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਦੀ ਰੰਗੂਨ ਵਿਚ ਜਲਾਵਤਨੀ ਕੱਟਦੇ ਕੱਟਦੇ 1884 ਈ: ਵਿਚ ਮੌਤ ਹੋ ਗਈ।

ਇਸ ਘਟਨਾ ਦਾ ਸਾਹਿਤ ਉਤੇ ਅਸਰ ਹੋਣਾ ਲਾਜ਼ਮੀ ਸੀ। ਬਾਬਾ ਰਾਮ ਸਿੰਘ ਦੀ ਦੁੱਖਦਾਈ ਮੌਤ ਉਤੇ ਅਫ਼ਸੋਸ ਜ਼ਾਹਰ ਕਰਨ ਵਾਲੀ ਇਕ ਪੰਜਾਬੀ ਕਹਾਣੀ 'ਵਿਛੜੀ ਕੂੰਜ' ਨਾਮ ਹੇਠ 1924 ਵਿਚ ਛਪੀ।[3] ਕਮਲਾ ਅਕਾਲੀ ਦੀ ਇਸ ਰਦਨਾ ਵਿਚ ਬਾਬਾ ਰਾਮ ਸਿੰਘ ਦੇ ਇਕ ਅੰਗਰੇਜ਼ ਸ਼ਰਧਾਲੂ ਮਿਸਟਰ ਫ਼ਿਲਿਪ ਵਲੋਂ ਬਾਬਾ ਰਾਮ ਸਿੰਘ ਦੇ ਸੁਰਗਵਾਸ ਹੋਣ ਪਿੱਛੋਂ ਦਾ ਹਾਲ ਦੱਸਿਆ ਗਿਆ ਹੈ। ਮਿਸਟਰ ਫ਼ਿਲਿਪ ਆਪਣੇ ਗੁਰੂ ਦੀ ਮੌਤ ਤੋਂ ਬਾਅਦ ਆਪਣੇ ਆਪ ਨੂੰ ਇਸ ਤਰ੍ਹਾਂ ਮਹਿਸੂਸ ਕਰਦਾ ਹੈ ਜਿਵੇਂ ਕਿਸੇ ਡਾਰ ਵਿਚੋਂ ਕੂੰਜ ਵਿਛੜ ਗਈ ਹੋਵੇ। ਇਸ ਕਹਾਣੀ ਨੇ ਅਕਾਲੀ ਮੋਰਚਿਆਂ ਦੇ ਦਿਨਾਂ ਵਿਚ ਫੈਲੀ ਅੰਗਰੇਜ਼ ਵਿਰੋਧੀ ਭਾਵਨਾ ਨੂੰ ਉਤੇਜਤ ਕਰਨ ਦੀਆਂ ਸੰਭਾਵਨਾਵਾਂ ਪੈਦਾ ਕੀਤੀਆਂ

---

1. "With the annexation of the Panjab in 1849, the Christian Missions became active in spreading Christianity. These 'missions' used the popular method of story-telling to spread religion among the masses."

— M.P. Kohli

— *Influence of the West on Punjabi Literature*, p. 163.

2. ਗੰਡਾ ਸਿੰਘ (ਸੰ.) — ਪੰਜਾਬ, ਸਫ਼ਾ 96.

3. ਮਾਸਕ ਫੁਲਵਾੜੀ, (ਨਵੰਬਰ 1924 ਈ:)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣਗੀਆਂ ।

ਸਿੰਘ ਸਭਾ ਲਹਿਰ ਨੇ ਸਿੱਖਾਂ ਨੂੰ ਆਪਣੀਆਂ ਸ਼ਾਨਦਾਰ ਰਵਾਇਤਾਂ ਤੇ ਵਿਰਸੇ ਦੀ ਯਾਦ ਦਿਲਾ ਕੇ, ਇਖ਼ਲਾਕੀ ਤੇ ਸਮਾਜੀ ਕੁਰੀਤੀਆਂ ਨੂੰ ਛੱਡ ਕੇ, ਧਰਮ ਦੇ ਸੱਚੇ ਆਦਰਸ਼ਾਂ ਨੂੰ ਅਪਨਾਉਣ ਦੀ ਪ੍ਰੇਰਨਾ ਦਿੱਤੀ। ਇਸ ਲਹਿਰ ਨੇ ਸਿੱਖਾਂ ਨੂੰ ਆਪਣੇ ਇਤਿਹਾਸ ਉਤੇ ਮਾਣ ਕਰਨ ਅਤੇ ਲੋੜ ਪੈਣ ਸਮੇਂ ਧਰਮ ਦੀ ਖ਼ਾਤਰ ਜਾਨ ਕੁਰਬਾਨ ਕਰਨ ਦੀਆਂ ਰਵਾਇਤਾਂ ਦੀ ਯਾਦ ਦਿਲਾਈ। ਇਸ ਲਹਿਰ ਵਲੋਂ ਦਿੱਤੇ ਗਏ ਹੁਲਾਰੇ ਨੇ ਪਿਛਲੇ ਕਈ ਦਹਾਕਿਆਂ ਵਿਚ ਸਿੱਖਾਂ ਦੇ ਪੈਂਤੜੇ ਤੇ ਰੀਝਾਂ ਨੂੰ ਨਵਾਂ ਰੂਪ ਦਿੱਤਾ। ਇਸ ਲਹਿਰ ਦੌਰਾਨ ਪੰਜਾਬੀ ਦੇ ਮੁੱਢਲੇ ਕਹਾਣੀਕਾਰਾਂ ਨੇ ਪਾਠਕਾਂ ਵਿਚ ਧਾਰਮਕ ਤੇ ਇਤਿਹਾਸਕ ਗੌਰਵ ਜਗਾਉਣ ਵਾਲੀਆਂ ਕਹਾਣੀਆਂ ਰਚੀਆਂ। ਇਨ੍ਹਾਂ ਵਿਚ ਪੁਰਾਤਨ ਸਿੱਖਾਂ ਦੀ ਬਹਾਦਰੀ, ਕੁਰਬਾਨੀ, ਦੇਸ਼-ਪਿਆਰ ਤੇ ਉੱਚੇ ਆਚਰਣ ਨੂੰ ਆਦਰਸ਼ਕ ਢੰਗ ਨਾਲ ਪੇਸ਼ ਕੀਤਾ ਗਿਆ । ਕੁਝ ਕਹਾਣੀਕਾਰਾਂ ਨੇ ਸਿੱਖ ਧਰਮ ਵਿਚ ਆ ਚੁੱਕੀਆਂ ਕੁਰੀਤੀਆਂ ਨੂੰ ਸੁਧਾਰਕ ਦ੍ਰਿਸ਼ਟੀ ਤੋਂ ਚਿਤਰ ਕੇ ਰਾਸ਼ਟਰੀ ਫ਼ਰਜ਼ ਨਿਭਾਇਆ।

ਇਸ ਸੰਬੰਧ ਵਿਚ ਮੁੱਢਲਾ ਯਤਨ ਭਾਈ ਵੀਰ ਸਿੰਘ ਨੇ ਕੀਤਾ । ਉਨ੍ਹਾਂ ਨੇ ਗੁਰੂ ਨਾਨਕ ਤੇ ਗੋਬਿੰਦ ਸਿੰਘ ਦੇ ਜੀਵਨ-ਲਖਸ਼ਾਂ ਤੇ ਪ੍ਰਾਪਤੀਆਂ 'ਤੇ ਆਧਾਰਤ 'ਸਾਖੀਆਂ' ਦੀ ਕਹਾਣੀ ਸ਼ੈਲੀ ਵਿਚ ਪੁਨਰ-ਸਿਰਜਣਾ ਕੀਤੀ। ਇਹ ਸਾਖੀ-ਨੁਮਾ ਕਹਾਣੀਆਂ 'ਗੁਰੂ ਨਾਨਕ ਚਮਤਕਾਰ' ਅਤੇ 'ਕਲਗੀਧਰ ਚਮਤਕਾਰ' ਪੁਸਤਕਾਂ ਵਿਚ ਸੰਗ੍ਰਹਿਤ ਹੋਈਆਂ । ਭਾਵੇਂ ਬਹੁਤੇ ਵਿਦਵਾਨ ਇਨ੍ਹਾਂ ਨੂੰ ਆਧੁਨਿਕ ਨਿੱਕੀ ਕਹਾਣੀ ਦੀ ਵੰਨਗੀ ਵਿਚ ਰਖਣ ਦੇ ਹੱਕ ਵਿਚ ਨਹੀਂ, ਤਾਂ ਵੀ ਕਿਉਂਕਿ ਈਸਾਈ ਮਿਸ਼ਨਰੀਆਂ ਨੇ ਇਸ ਕਿਸਮ ਦੀਆਂ ਕਹਾਣੀਆਂ ਲਿਖੀਆਂ ਸਨ, ਇਸ ਕਰਕੇ ਪੰਜਾਬੀ ਵਿਚ ਇਸ ਕਿਸਮ ਦੀ ਵੰਨਗੀ ਪੈਦਾ ਜ਼ਰੂਰ ਹੋਣੀ ਸੀ। ਇਹ ਪਰੰਪਰਾ ਆਧਾਰਤ ਕਹਾਣੀ ਦਾ ਨਮੂਨਾ ਹਨ।

ਬਲਵੰਤ ਸਿੰਘ ਚਤਰਥ ਨੇ ਵੀ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਨੂੰ 'ਦਸ਼ਮੇਸ਼ ਕਹਾਣੀਆਂ' ਨਾਮ ਦੇ ਸੰਗ੍ਰਹਿ ਵਿਚ ਪੇਸ਼ ਕਰ ਕੇ ਸਿੱਖ ਧਰਮ ਅਤੇ ਇਤਿਹਾਸ ਦੇ ਗੌਰਵਮਈ ਪੱਖਾਂ ਨੂੰ ਉਜਾਗਰ ਕੀਤਾ । ਚਤਰਥ ਦੀ ਪੁਸਤਕ 'ਰਣਜੀਤ ਕਹਾਣੀਆਂ' ਵਿਚ ਵੀ ਮਹਾਰਾਜਾ ਰਣਜੀਤ ਸਿੰਘ ਦੇ ਦਿਆਲੂ ਤੇ ਸਰਵ-ਸਾਂਝੇ ਬਿੰਬ ਦੀ ਪਰੰਪਰਾ ਮੁੜ ਮੁੜ ਦੁਹਰਾਈ ਗਈ ਹੈ । ਇਨ੍ਹਾਂ ਵਿਚ ਰਣਜੀਤ ਸਿੰਘ ਨੂੰ 'ਸਿੱਖ ਰਾਸ਼ਟਰ' ਦਾ 'ਆਦਰਸ਼ਕ ਰਾਜਾ' ਸਿੱਧ ਕੀਤਾ ਗਿਆ ਹੈ ਕਿਉਂਕਿ "ਉਹ ਕੇਵਲ ਸਿੱਖਾਂ ਦਾ ਹੀ ਨਹੀਂ, ਸਗੋਂ ਪੰਜਾਬ ਦਾ ਅਸਲੀ ਅਰਥਾਂ ਵਿਚ ਮਹਾਰਾਜਾ ਸੀ। ਉਸ ਦਾ ਰਾਜ ਫ਼ਿਰਕੂ ਰਾਜ ਨਹੀਂ ਸੀ। ਇਸ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਨੂੰ ਇਕੋ ਜਿਹੇ ਹੱਕ ਹਾਸਲ ਸਨ ।"[4] ਇਉਂ ਲੇਖਕ ਇਨ੍ਹਾਂ ਕਹਾਣੀਆਂ ਰਾਹੀਂ ਕੌਮੀ ਏਕਤਾ

4. ਹਰਨਾਮ ਸਿੰਘ ਸ਼ਾਨ (ਸੰ.) — ਨੀਹਾਂ ਤੇ ਮਮਟੀਆਂ, ਸਫ਼ਾ 2.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਦਾ ਕਰਨ ਦੀ ਵੀ ਇੱਛਾ ਰਖਦਾ ਹੈ ।

ਕੁਝ ਹੋਰ ਕਹਾਣੀਆਂ ਵਿਚ ਸਿੱਖਾਂ ਵਿਚਲੀ ਬਹਾਦਰੀ ਤੇ ਕੁਰਬਾਨੀ ਦੇ ਜਜ਼ਬੇ ਨੂੰ ਇਤਿਹਾਸਕ ਸੰਦਰਭ ਵਿਚ ਰਖ ਕੇ ਪੇਸ਼ ਕੀਤਾ ਗਿਆ ਹੈ। ਮਿਸਾਲ ਵਜੋਂ ਗਿਆਨੀ ਗੁਰਚਰਨ ਸਿੰਘ ਸਾਖੀ ਦੀਆਂ ਦੋ ਕਹਾਣੀਆਂ 'ਪਤੰਗਾ' ਤੇ 'ਸਤੀ' (ਅਨਮੋਲ ਕਹਾਣੀਆਂ) ਵਿਚ, ਰਣਜੀਤ ਸਿੰਘ ਕਾਲ ਦੌਰਾਨ ਸਿੱਖ ਰਾਜ ਕਾਇਮ ਰਖਣ ਵਿਚ ਯਤਨਸ਼ੀਲ ਲੋਕਾਂ ਦੀ ਗੱਲ ਕਰਦਿਆਂ ਸਿੱਖਾਂ ਦੀ ਦੇਸ਼-ਭਗਤੀ ਤੇ ਕੁਰਬਾਨੀਆਂ ਨੂੰ ਸਲਾਹਿਆ ਗਿਆ ਹੈ। 'ਸਤੀ' ਵਿਚ ਤਾਂ ਸ਼ਾਮ ਸਿੰਘ ਅਟਾਰੀਵਾਲਾ ਸਭਰਾਵਾਂ ਦੇ ਮੈਦਾਨ ਵਿਚ ਅੰਗਰੇਜ਼ੀ ਫ਼ੌਜਾਂ ਨਾਲ ਟੱਕਰ ਲੈ ਰਿਹਾ ਹੈ । ਸਭਰਾਵਾਂ ਵਿਚ ਸਿੱਖ ਫ਼ੌਜਾਂ ਦੇ ਜਿੱਤਦੇ ਜਿੱਤਦੇ ਹਾਰਨ ਦੀ ਖ਼ਬਰ ਫੈਲਦੀ ਹੈ। ਸ਼ਾਮ ਸਿੰਘ ਅਟਾਰੀ ਦੀ ਪਤਨੀ ਖ਼ਬਰ ਸੁਣ ਕੇ ਸਤੀ ਹੋ ਜਾਂਦੀ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ "ਉਹ ਜੀਉਂਦੇ ਨਹੀਂ ਪਰਤ ਸਕਦੇ ! ਆਪਣੀਆਂ ਅੱਖਾਂ ਸਾਮ੍ਹਣੇ ਸਿੱਖ ਨਿਸ਼ਾਨ ਨੀਵਾਂ ਹੁੰਦਾ ਨਹੀਂ ਦੇਖ ਸਕਦੇ ! ਉਹ ਜੂਝ ਜਾਣਗੇ ! ਉਹ ਪੁਰਜ਼ੇ ਪੁਰਜ਼ੇ ਹੋ ਜਾਣਗੇ ! ਉਹ ਹਾਰ ਖਾ ਕੇ ਅਟਾਰੀ ਨਹੀਂ ਆ ਸਕਦੇ !"[5] ਇਉਂ ਇਹ ਕਹਾਣੀਆਂ ਇਕ ਪਾਸੇ ਸਿੱਖ ਰਾਜ ਦੇ ਚਲੇ ਜਾਣ ਕਾਰਨ ਦੁੱਖ ਦਾ ਅਹਿਸਾਸ ਤੀਬਰ ਕਰਦੀਆਂ ਹਨ, ਤੇ ਦੂਸਰੇ ਪਾਸੇ ਰਾਜ ਲਈ ਮਰ ਮਿਟਣ ਵਾਲੇ ਅਣਖੀ ਲੋਕਾਂ ਦੀ ਮਿਸਾਲ ਦੇ ਕੇ ਪਾਠਕਾਂ ਦੀ ਅਣਖ ਨੂੰ ਜਗਾਉਣ ਦਾ ਉਪਰਾਲਾ ਕਰਦੀਆਂ ਹਨ।

ਅੰਗਰੇਜ਼ੀ ਸਭਿਆਚਾਰ ਦਾ ਦਿਨੋ ਦਿਨ ਵਧ ਰਿਹਾ ਪ੍ਰਭਾਵ ਵੀ ਭਾਰਤੀ ਰਾਸ਼ਟਰ-ਵਾਦੀਆਂ ਦੀ ਚਿੰਤਾ ਦਾ ਕਾਰਨ ਸੀ, ਕਿਉਂਕਿ ਇਉਂ ਭਾਰਤੀ ਸਭਿਆਚਾਰ ਪ੍ਰਤੀ ਲੋਕਾਂ ਅੰਦਰ ਹੀਣ-ਭਾਵਨਾ ਜਾਂ ਅਵੇਸਲਾਪਨ ਪੈਦਾ ਹੋ ਰਿਹਾ ਸੀ। ਕਿਸੇ ਕੌਮ ਜਾਂ ਰਾਸ਼ਟਰ ਲਈ ਅਜਿਹੀ ਰੁਚੀ ਘਾਤਕ ਹੁੰਦੀ ਹੈ। ਆਪਣੇ ਸਭਿਆਚਾਰ 'ਤੇ ਮਾਣ ਕਰਨ ਵਾਲੇ ਲੋਕ ਹੀ ਬਦੇਸ਼ੀ ਸਭਿਆਚਾਰਕ ਕੀਮਤਾਂ ਦੀ ਗ਼ੁਲਾਮੀ ਤੋਂ ਬਚ ਸਕਦੇ ਹਨ । ਪੰਜਾਬੀ ਦੇ ਕੁਝ ਸੁਧਾਰਵਾਦੀ ਕਹਾਣੀਕਾਰਾਂ ਨੇ ਇਸ ਪੱਖੋਂ ਚੁਗਿਰਦੇ ਨੂੰ ਸੁਚੇਤ ਕਰਨ ਦਾ ਯਤਨ ਕੀਤਾ।

ਇਸ ਪੱਖੋਂ ਚਰਨ ਸਿੰਘ ਸ਼ਹੀਦ (1893-1935) ਨੇ 'ਪਾਰਟੀ' ਕਹਾਣੀ ਲਿਖੀ। ਇਸ ਵਿਚ ਅੰਗਰੇਜ਼ੀ ਸਭਿਅਤਾ ਨੂੰ ਵਿਅੰਗਾਤਮਕ ਅੰਦਾਜ਼ ਵਿਚ ਚਿਤਰਿਆ ਗਿਆ ਜਿਸ ਵਿਚ ਮਨੁੱਖੀ ਕਦਰਾਂ-ਕੀਮਤਾਂ ਤੇ ਆਪਸੀ ਰਿਸ਼ਤਿਆਂ ਦੀ ਕੋਈ ਕਦਰ ਨਹੀਂ ਰਹੀ। ਕਹਾਣੀ ਵਿਚ ਦਿਖਾਇਆ ਗਿਆ ਹੈ ਕਿ ਇਕ ਅੰਗਰੇਜ਼ ਬਾਪ ਦੇ ਮਰਨ ਤੋਂ ਦੋ ਦਿਨ ਬਾਅਦ ਤੱਕ ਪੁੱਤਰ ਉਸ ਦੀ ਲਾਸ਼ ਬੱਘੀ ਵਿਚ ਰਖਵਾਈ ਛੱਡਦਾ ਹੈ, ਕਿਉਂਕਿ ਉਸ ਦੀ ਦੋਸਤਾਂ ਨਾਲ ਇਕ ਵਿਸ਼ੇਸ਼ ਪਾਰਟੀ ਚੱਲ ਰਹੀ ਹੈ । ਉਹ ਤੇ ਉਸ ਦੇ ਦੋਸਤ ਰਲ ਕੇ

5. ਅਨਮੋਲ ਕਹਾਣੀਆਂ, (ਸੰ. ਤਰਲੋਚਨ ਸਿੰਘ), ਸਫ਼ਾ 100.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੂਆ ਖੇਡਦੇ ਹਨ, ਸ਼ਿਕਾਰ ਕਰਦੇ ਹਨ, ਵਿਸਕੀ ਦਾ ਸੇਵਨ ਕਰਦੇ ਹਨ ਪਰ ਇਸ ਦੌਰਾਨ ਪੁੱਤਰ ਆਪਣੇ ਬਾਪ ਦੇ 'ਹਾਰਟ ਫ਼ੇਲ੍ਹ' ਹੋਣ ਦੀ ਖ਼ਬਰ ਦੌਸਤਾਂ ਨੂੰ ਦੱਸਣ ਦੀ ਲੋੜ ਨਹੀਂ ਸਮਝਦਾ।[6]

ਇਸੇ ਕਿਸਮ ਦੀ ਇਕ ਹੋਰ ਕਹਾਣੀ 'ਮਿਸ ਡੇਵਿਡ ਦੀ ਲੋਥ'[7] ਸਰਦੂਲ ਸਿੰਘ ਕਵੀਸ਼ਰ ਨੇ ਵੀ ਲਿਖੀ, ਜਿਸ ਵਿਚ ਦਿਖਾਇਆ ਗਿਆ ਹੈ ਕਿ ਅੰਗਰੇਜ਼ ਲੋਕ ਗ਼ਰੀਬ ਭਾਰਤੀਆਂ ਨੂੰ ਕਿਵੇਂ ਲਾਲਚ ਦੇ ਕੇ ਈਸਾਈ ਬਣਾਉਂਦੇ ਹਨ। ਕਹਾਣੀ ਵਿਚ ਅੱਲਾ ਦਿੱਤਾ ਨਾਮ ਦਾ ਇਕ ਮੁਸਲਮਾਨ ਅਤਿ ਗ਼ਰੀਬੀ ਦੀ ਹਾਲਤ ਵਿਚ ਚੋਰੀ ਕਰਨ 'ਤੇ ਆ ਉਤਰਦਾ ਹੈ ਤੇ ਤਾਲਾ ਤੋੜਦਿਆਂ ਪਕੜਿਆ ਜਾਣ ਉਤੇ ਇਕ ਸਾਲ ਜੇਲ੍ਹ ਡੱਕਿਆ ਜਾਂਦਾ ਹੈ। ਪਿੱਛੋਂ ਉਸ ਦੀ ਪਤਨੀ ਤੇ ਬੱਚਿਆਂ ਨੂੰ ਖਾਣੇ ਤੇ ਅੱਛੀ ਜ਼ਿੰਦਗੀ ਦਾ ਲਾਲਚ ਦੇ ਕੇ ਈਸਾਈ ਬਣਨ ਲਈ ਮਿਸ਼ਨਰੀਆਂ ਵਲੋਂ ਪ੍ਰੇਰਿਆ ਜਾਂਦਾ ਹੈ। ਜਦੋਂ ਉਸ ਦੀ ਪਤਨੀ ਉਵੇਂ ਹੀ ਮਦਦ ਲਈ ਤਰਲਾ ਕਰਦੀ ਹੈ, ਤਾਂ ਇਕ ਮਿਸ਼ਨਰੀ ਔਰਤ ਕਹਿੰਦੀ ਹੈ ਕਿ ਅਸੀਂ ਸਿਰਫ਼ ਯਸੂਹ ਮਸੀਹ ਦੀ ਸੰਤਾਨ ਦੀ ਹੀ ਮਦਦ ਕਰਦੇ ਹਾਂ। ਮਜਬੂਰੀ ਦੀ ਹਾਲਤ ਵਿਚ ਅੱਲਾ ਰੱਖੀ ਤੇ ਉਸ ਦੇ ਬੱਚੇ ਈਸਾਈ ਬਣ ਜਾਂਦੇ ਹਨ। ਪਿੱਛੋਂ ਅੱਲਾ ਰੱਖੀ ਤੋਂ ਮਿਸ ਡੇਵਿਡ ਬਣੀ ਇਸ ਭਾਰਤੀ ਨਾਰੀ ਨੂੰ ਜਦੋਂ ਇਕ ਈਸਾਈ ਨੌਜਵਾਨ ਨਾਲ ਦੂਸਰੀ ਸ਼ਾਦੀ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ, ਤਾਂ ਉਹ ਆਤਮ-ਹੱਤਿਆ ਕਰ ਲੈਂਦੀ ਹੈ। ਇਉਂ ਇਹ ਦੁਖਾਂਤ ਕਹਾਣੀ ਮਿਸ਼ਨਰੀਆਂ ਦੇ ਧਰਮ-ਪ੍ਰਚਾਰ ਦੇ ਘਟੀਆ ਹੱਥ ਕੰਡਿਆਂ ਦਾ ਪਾਜ ਉਘਾੜਦੀ ਹੈ।

ਕਮਲਾ ਅਕਾਲੀ ਦੀ ਰਚਨਾ 'ਲੰਡਨ ਵਿਚ ਦਰਸ਼ਨ' ਵੀ ਅੰਗਰੇਜ਼ੀ ਸਭਿਅਤਾ ਅਪਣਾਈ ਬੈਠੇ ਇਕ ਭਾਰਤੀ ਨੌਜਵਾਨ ਦਰਸ਼ਨ ਨੂੰ ਦੇਸ਼ ਦੀ ਖ਼ਾਤਰ ਆਪਣੇ ਧਰਮ ਅਤੇ ਸਭਿਆਚਾਰ ਦੀਆਂ ਰਵਾਇਤਾਂ ਮੁੜ ਅਪਨਾਉਣ ਲਈ ਤਿਆਰ ਕਰਦੀ ਹੈ। ਲੇਖਕ ਜੋ ਖ਼ੁਦ ਕਹਾਣੀ ਦਾ ਇਕ ਪਾਤਰ ਹੈ, ਕਹਿੰਦਾ ਹੈ — "ਐ ਸਵਰਾਜ ਦੇ ਪ੍ਰੇਮੀਓਂ, ਵਿਚਾਰ ਕਰੋ ਕਿ ਸਵਰਾਜ ਦੀ ਲੋੜ, ਸਵਰਾਜ ਦੀ ਭੁੱਖ, ਉਹਨਾਂ ਹਿਰਦਿਆਂ ਵਿਚ ਹੀ ਅਸਲੀ ਹੋ ਸਕਦੀ ਹੈ, ਜਿਨ੍ਹਾਂ ਵਿਚ ਉੱਚ-ਭਾਵ ਦਾ ਸਵੈ ਹੋਵੇ। ਜਿਨ੍ਹਾਂ ਸਵਰਾਜ ਦੀ ਭਾਲ ਵਿਚ ਆਪਣਾ ਆਪ ਹੀ ਗਵਾ ਲਿਆ ਤੇ ਆਪਣੇ ਪੈਰ ਛੱਡ ਕੇ ਦੂਜੇ ਦੀ ਸੂਰਤ ਤੇ ਸ਼ਕਲ ਕਰ ਲਈ, ਤਾਂ ਜੋ ਭਿੰਨਤਾ ਨਾ ਹੋਵੇ, ਉਹ ਅਸਲ ਗੋਲੇ ਹਨ ਅਤੇ ਉਨ੍ਹਾਂ ਲਈ ਸਵਰਾਜ ਬੇਅਰਥ ਹੈ... ਸਵਰਾਜ ਨੂੰ ਲਾੜਿਆਂ ਵਾਂਗ ਆਪਣੇ ਹੱਥੀਂ ਸਿਹਰਾ ਬਨ੍ਹ ਕੇ ਵਰੋ... ਨਾ ਕਿ ਪੱਛਮੀ ਚਿਲਮਿਲ ਦੀਆਂ ਲੜੀਆਂ ਬਣ ਕੇ ਭਾਰਤ ਵਿਚੋਂ ਪੱਗ ਤੇ ਮਰਦਾਨਾ ਸ਼ਕਲ ਦਾ ਵਜੂਦ ਹੀ ਮਿਟਾ ਕੇ ਸਵਰਾਜ ਦੀ ਲੋੜ ਦਾ ਹੀ ਖੁਰਾ

---

6. ਚਰਨ ਸਿੰਘ ਸ਼ਹੀਦ — ਹੱਸਦੇ ਹੰਝੂ (1933), ਸਫ਼ਾ 112.

7. ਮਾਸਕ ਪੱਤਰ ਫੁਲਵਾੜੀ (ਕੱਤਕ-ਮੱਘਰ 1990 ਸੰਮਤ), ਸਫ਼ਾ 24.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਟਾ ਦਿਉ ਕਿਉਂਕਿ ਇਹ ਪਿਛਲਾ ਨਿਰਬਲਾਂ, ਪਰਾਧੀਨਾਂ ਤੇ ਕਾਇਰਾਂ ਵਾਲਾ ਤਰੀਕਾ ਹੈ।"[8] ਇਉਂ ਇਹ ਕਹਾਣੀਆਂ ਇਸ ਗੱਲ ਦਾ ਵੀ ਸੰਕੇਤ ਦਿੰਦੀਆਂ ਹਨ ਕਿ ਸਦਾਚਾਰਕ ਤੇ ਸਮਾਜੀ ਕਦਰਾਂ-ਕੀਮਤਾਂ ਨੂੰ ਬਚਾਉਣ ਵਿਚ ਯਤਨਸ਼ੀਲ ਲੋਕ ਅਸਿੱਧੇ ਤੌਰ 'ਤੇ ਸਵਰਾਜ ਲਈ ਕੌਮ ਨੂੰ ਤਿਆਰ ਕਰ ਰਹੇ ਸਨ।

ਧਰਮ-ਸੁਧਾਰਕ ਲਹਿਰਾਂ ਨੇ ਭਾਰਤੀਆਂ ਨੂੰ ਵਹਿਮਾਂ, ਭਰਮਾਂ, ਸਾਧਾਂ ਸੰਤਾਂ ਦੇ ਚੱਕਰ ਵਿਚੋਂ ਵੀ ਨਜਾਤ ਦਿਵਾਉਣ ਦਾ ਉਪਰਾਲਾ ਕੀਤਾ। ਅਜਿਹੇ ਅੰਧ-ਵਿਸ਼ਵਾਸਾਂ ਤੋਂ ਚੇਤੰਨ ਕਰਨ ਲਈ ਪੰਜਾਬੀ ਕਹਾਣੀਕਾਰਾਂ ਨੇ ਵੀ ਬੜੀਆਂ ਦਿਲਚਸਪ ਤੇ ਵਿਅੰਗ-ਭਰਪੂਰ ਰਚਨਾਵਾਂ ਰਚੀਆਂ। ਇਸ ਵੰਨਗੀ ਦੀਆਂ ਕਹਾਣੀਆਂ ਦੀ ਪਹਿਲੀ ਮਿਸਾਲ ਗਿ: ਹੀਰਾ ਸਿੰਘ ਦਰਦ ਦੀ ਰਚਨਾ 'ਪੀਰ ਗਾਲ੍ਹੜ ਸ਼ਾਹ' ਹੈ ਜਿਸ ਵਿਚ ਬੜੇ ਨਾਟਕੀ ਢੰਗ ਨਾਲ ਪੀਰਾਂ ਫ਼ਕੀਰਾਂ ਤੇ ਉਨ੍ਹਾਂ ਦੇ ਮੂਰਖ ਸ਼ਰਧਾਲੂਆਂ (ਜੋ ਨਕਲੀ ਪੀਰ ਦੀ ਸਮਾਧ ਦੇ ਭਗੜੇ ਕਾਰਨ ਫ਼ਿਰਕੂ ਫ਼ਸਾਦ ਕਰਨ ਤੱਕ ਉਤਰ ਆਉਂਦੇ ਹਨ) ਦਾ ਮਜ਼ਾਕ ਉਡਾਇਆ ਹੈ।[9] ਚਰਨ ਸਿੰਘ ਸ਼ਹੀਦ ਦੀ ਕਹਾਣੀ 'ਮੁਫ਼ਤ ਦੀ ਪੀਰੀ' ਸਾਧਾਂ ਦੇ ਭੇਖੀ ਚਰਿਤਰ ਨੂੰ ਸੁਧਾਰਕ ਦ੍ਰਿਸ਼ਟੀ ਤੋਂ ਚਿਤਰਦੀ ਹੈ। ਇਸ ਕਹਾਣੀ ਵਿਚਲਾ ਭੇਖੀ ਪੀਰ ਆਪਣੇ ਇਕ ਖ਼ਾਸ ਚੇਲੇ ਨੂੰ ਦੱਸਦਾ ਹੈ — "ਮੇਰੀ ਪੀਰੀ ਮੁਰੀਦੀ ਤਾਂ ਸਿਰਫ਼ ਰੋਟੀਆਂ ਦੀ ਖ਼ਾਤਰ ਹੈ। ਦੁਨੀਆ ਵਿਚ ਬੇਵਕੂਫ਼ਾਂ ਦਾ ਘਾਟਾ ਨਹੀਂ ਤੇ ਮੈਂ ਚਲਾਕੀਆਂ ਬਤੇਰੀਆਂ ਸਿੱਖ ਲਈਆਂ ਹਨ।"[10] ਬੀਰ ਸਿੰਘ ਨਾਮ ਦੇ ਲੇਖਕ ਦੀ ਰਚਨਾ 'ਗੁਗਾ ਬੋਲਦਾ ਹੈ'[11] ਵਿਚ ਵੀ ਸੱਪਾਂ ਨੂੰ ਗੁੱਗਾ ਪੀਰ ਮੰਨਣ ਤੇ ਪੂਜਣ ਵਾਲੇ ਵਹਿਮੀ ਲੋਕਾਂ ਦੇ ਵਿਸ਼ਵਾਸ ਨੂੰ ਤੋੜਨ ਦਾ ਯਤਨ ਕੀਤਾ ਗਿਆ ਹੈ। ਇਸੇ ਤਰ੍ਹਾਂ ਪ੍ਰੋ: ਸਾਹਿਬ ਸਿੰਘ ਸੇਠੀ ਨੇ ਵੀ 'ਪੁਟਿਆ ਪਹਾੜ'[12] ਕਹਾਣੀ ਵਿਚ ਅੰਧ-ਵਿਸ਼ਵਾਸਾਂ ਨੂੰ ਸੁਧਾਰਕ ਦ੍ਰਿਸ਼ਟੀ ਤੋਂ ਸਾਕਾਰ ਕੀਤਾ ਹੈ।

ਅਛੂਤ ਉਧਾਰ ਤੇ ਪੰਜਾਬੀ ਕਹਾਣੀ

ਭਾਰਤੀਆਂ ਵਿਚ ਕੌਮੀ ਏਕਤਾ ਦੀ ਘਾਟ ਸਦੀਆਂ ਤੱਕ ਗ਼ੁਲਾਮੀ ਦਾ ਕਾਰਨ ਰਹੀ। ਕੌਮੀ ਏਕਤਾ ਦੀ ਘਾਟ ਦਾ ਇਕ ਵੱਡਾ ਕਾਰਨ ਭਾਰਤੀ ਸਮਾਜ ਦੀ ਵਰਣ-ਵੰਡ ਸੀ। ਇਸ ਭੇਦ-ਭਾਵ ਨੇ ਸਮਾਜ ਵਿਚ ਉਚ-ਨੀਚ ਤੇ ਛੂਤ-ਛਾਤ ਨੂੰ ਜਨਮ ਦੇ ਕੇ ਬਹੁਤ

---

8. ਮਾਸਕ ਪੱਤਰ ਫੁਲਵਾੜੀ (ਦਸ਼ਮੇਸ਼ ਅੰਕ, 1929 ਬੀ.), ਸਫ਼ਾ 38.
9. ਗਿ. ਹੀਰਾ ਸਿੰਘ ਦਰਦ — ਪੰਜਾਬੀ ਸੱਧਰਾਂ (1940)।
10. ਚਰਨ ਸਿੰਘ ਸ਼ਹੀਦ — ਹੱਸਦੇ ਹੰਝੂ (1933), ਸਫ਼ਾ 62.
11. ਮਾਸਕ ਪੱਤਰ ਪੰਜ ਦਰਿਆ (ਸਤੰਬਰ 1939), ਸਫ਼ਾ 9.
12. ਸਾਹਿਬ ਸਿੰਘ ਸੇਠੀ — ਮਣਕੇ (1944)।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੇ ਭਾਰਤੀਆਂ ਨੂੰ ਗ਼ੁਲਾਮੀ, ਗ਼ਰੀਬੀ, ਜਹਾਲਤ ਤੇ ਅਨਿਆਂ ਭਰਿਆ ਜੀਵਨ ਜੀਉਣ 'ਤੇ ਮਜਬੂਰ ਕਰੀ ਰਖਿਆ। ਨੀਵੀਂਆਂ ਜਾਤਾਂ ਦੇ ਲੋਕ ਗ਼ੁਲਾਮਾਂ ਦੀ ਵੀ ਗ਼ੁਲਾਮੀ ਹੇਠ ਪਿਸ ਰਹੇ ਸਨ। ਆਜ਼ਾਦੀ ਸੰਘਰਸ਼ ਦੇ ਦੌਰਾਨ ਬਦੇਸ਼ੀਆਂ ਦੀ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਦੇ ਨਾਲ ਨਾਲ ਨੀਵੀਂਆਂ ਜਾਤਾਂ ਨੂੰ ਸਦੀਆਂ ਪੁਰਾਣੀ ਸਮਾਜਕ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਦੀ ਵੀ ਲੋੜ ਮਹਿਸੂਸ ਕੀਤੀ ਗਈ। ਸੁਧਾਰਕ ਲਹਿਰਾਂ ਦੇ ਦੌਰਾਨ ਪਹਿਲੀ ਵਾਰ 'ਨੀਵੇਂ ਤੇ ਅਛੂਤ' ਸਮਝੇ ਜਾਣ ਵਾਲੇ ਲੋਕਾਂ ਨੂੰ ਬਰਾਬਰੀ ਦਾ ਹੱਕ ਦਿਵਾਣ ਤੇ ਉਨ੍ਹਾਂ ਵਿਚ ਮੁੜ ਸ੍ਵੈ-ਵਿਸ਼ਵਾਸ ਪੈਦਾ ਕਰ ਕੇ ਸਮਾਜ ਦਾ ਮਹੱਤਵਪੂਰਨ ਅੰਗ ਬਨਾਉਣ ਦਾ ਸੁਚੇਤ ਯਤਨ ਕੀਤਾ ਗਿਆ। ਇਸ ਪੱਖ ਤੋਂ ਪੰਜਾਬੀ ਕਹਾਣੀਕਾਰਾਂ ਨੇ ਵੀ ਸਮਾਜਕ ਚੇਤਨਾ ਫੈਲਾਉਣ ਦਾ ਉਪਰਾਲਾ ਕੀਤਾ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਅਖਾਉਤੀ ਉੱਚੀਆਂ ਜਾਤਾਂ ਦੇ ਜ਼ੁਲਮਾਂ ਨੂੰ ਸਾਕਾਰ ਕਰਦਿਆਂ ਨੀਵੇਂ ਸਮਝੇ ਜਾਣ ਵਾਲੇ ਲੋਕਾਂ ਦੀ ਉੱਚੇ ਉਠਣ ਦੀ ਤਾਂਘ ਤੇ ਗੁਸੇ ਨੂੰ ਵੀ ਸਾਕਾਰ ਕੀਤਾ।

ਮਿਸਾਲ ਵਜੋਂ 'ਅਛੂਤ ਕੁਮਾਰੀ'[13] ਨਾਮ ਦੀ ਇਕ ਆਦਰਸ਼ਵਾਦੀ ਕਹਾਣੀ ਛੂਤ ਛਾਤ ਦੀ ਸਮੱਸਿਆ ਨੂੰ ਚਿੱਤਰ ਕੇ ਹਿੰਦੂ ਸਮਾਜ ਦੀਆਂ ਘਟੀਆ ਕਦਰਾਂ-ਕੀਮਤਾਂ ਨੂੰ ਟੁੱਟਦੀਆਂ ਤੇ ਨਵੀਂਆਂ ਦੇ ਉਸਰਣ ਦੀ ਆਸ਼ਾ ਪ੍ਰਗਟਾ ਕੇ ਰਾਸ਼ਟਰੀ ਆਦਰਸ਼ਾਂ ਦਾ ਪ੍ਰਚਾਰ ਕਰਦੀ ਹੈ। ਕਹਾਣੀ ਵਿਚ ਇਕ ਬ੍ਰਾਹਮਣ ਸੰਗੀਤ-ਮਾਸਟਰ ਦੇਸ਼-ਭਗਤੀ ਤੇ ਧਾਰਮਕ ਬਰਾਬਰੀ ਦੇ ਗੀਤ ਗਾਂਦਾ ਹੈ ਪਰ ਅੰਦਰੋਂ ਉਹ ਵੀ ਛੂਤ ਛਾਤ ਨੂੰ ਮੰਨਦਾ ਹੈ। ਉਸ ਦਾ 'ਭਾਰਤ ਮਾਤਾ' ਨਾਮ ਦਾ ਗੀਤ ਸੁਣ ਕੇ ਇਕ ਚਮਾਰਨ ਪ੍ਰਭਾਵਤ ਹੁੰਦੀ ਹੈ ਅਤੇ ਗੀਤਕਾਰ ਨੂੰ ਗੀਤ ਦੇ ਸੱਚੇ ਅਰਥਾਂ ਤੋਂ ਪ੍ਰੇਰਤ ਕਰਦੀ ਹੈ। ਫਿਰ ਗੀਤਕਾਰ ਤੇ ਲੜਕੀ ਸਮਾਜ ਨਾਲ ਟੱਕਰ ਲੈਂਦੇ ਹਨ ਜਿਸ ਦੇ ਬਦਲੇ ਵਿਚ ਗੀਤਕਾਰ ਨੂੰ ਪੰਚਾਇਤ ਤੇ ਬਰਾਦਰੀ ਛੇਕ ਦਿੰਦੀ ਹੈ। ਸਹੁਰਾ ਕੁੜੀ ਨੂੰ ਆਦਰ ਦੇਣ ਤੋਂ ਇਨਕਾਰ ਕਰਦਾ ਹੈ ਤੇ ਕੁੜੀ ਨੂੰ ਮੰਦਰ ਜਾਣ ਤੋਂ ਘਸੀਟਿਆ ਜਾਂਦਾ ਹੈ। ਪਰ ਲੇਖਕ ਨੇ ਦੋਹਾਂ ਨੂੰ ਵਿਆਹ ਦੀ ਆਦਰਸ਼ਵਾਦੀ ਮੰਜ਼ਲ ਤੱਕ ਪਹੁੰਚਾਇਆ ਹੈ।

ਬਲਵੰਤ ਸਿੰਘ ਚਤਰਥ ਨੇ 'ਲੋਭੀ ਪਿਤਾ' ਵਿਚ ਨਵੀਂ ਪੀੜ੍ਹੀ ਨੂੰ ਆਪਸੀ ਸੰਬੰਧਾਂ ਵਿਚ ਜਾਤ ਪਾਤ ਤੋਂ ਉਪਰ ਉਠਦੇ ਦਿਖਾਇਆ ਹੈ।[14] ਕਮਲਾ ਅਕਾਲੀ ਦੀ ਇਕ ਲੰਮੀ ਕਹਾਣੀ 'ਸਰਬ ਲੋਹ ਦੀ ਵਹੁਟੀ' ਵਿਚ ਅੰਮ੍ਰਿਤ ਛੱਕ ਕੇ ਜਾਤ ਪਾਤ ਦੇ ਵਿਤਕਰੇ ਤੋਂ ਨਵਿਰਤ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। ਲੇਖਕ ਨੇ ਛੂਤ ਛਾਤ ਦਾ ਸਿਲਸਿਲਾ ਬੰਦ ਕਰਨ ਵਾਸਤੇ ਇਕ ਥਾਂ ਕਿੱਤਿਆਂ ਨੂੰ ਬਦਲ ਲੈਣ ਦਾ ਸੁਝਾਅ ਵੀ ਦਿੱਤਾ

---

13. ਦਿਲਸ਼ਾਦ ਕਵੀ — ਅਛੂਤ ਕੁਮਾਰੀ ਤੇ ਹੋਰ ਕਹਾਣੀਆਂ (ਦੂਜੀ ਵਾਰ-1946), ਸਫ਼ਾ 14.

14. ਅਨਮੋਲ ਕਹਾਣੀਆਂ, (ਸੰ. ਤਰਲੋਚਨ ਸਿੰਘ), ਸਫ਼ਾ 121.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। — "ਨੀਵਾਂ ਤੇ ਅਛੂਤ ਤਾਂ ਕੋਈ ਹੈ ਹੀ ਨਹੀਂ, ਲੋੜ ਹੈ ਤਾਂ ਇਸ ਗੱਲ ਦੀ ਕਿ ਜੋ ਆਪ ਨੂੰ ਉੱਚੇ ਸਮਝਦੇ ਹਨ, ਉਹ ਆਪ ਨੀਚਾਂ ਦੀ ਕਿਰਤ ਕਰਨੀ ਸਿੱਖਣ।"[15]

ਸੰਤ ਸਿੰਘ ਸੇਖੋਂ ਦੀ ਕਹਾਣੀ 'ਪਾਤਾਲ ਦਾ ਬੰਦਾ' ਸਿੱਧ ਕਰਦੀ ਹੈ ਕਿ ਸਿਖ ਜੱਟ ਜੋ ਆਪ ਸ਼ਾਹੂਕਾਰਾਂ ਦੀ ਤੇ ਅੰਗਰੇਜ਼ਾਂ ਦੀ ਲੁੱਟ ਦਾ ਸ਼ਿਕਾਰ ਹਨ, ਪਿੰਡ ਦੀਆਂ ਨੀਵੀਂਆਂ ਜਾਤੀਆਂ ਨੂੰ ਆਪਣੇ ਬਰਾਬਰ ਦਾ ਦਰਜਾ ਦੇਣ ਲਈ ਤਿਆਰ ਨਹੀਂ ਹਨ। ਇਸੇ ਲਈ "ਨਾਈਆਂ ਝਿਊਰਾਂ ਤੇ ਤਰਖਾਣਾਂ ਲੁਹਾਰਾਂ ਵੀ ਇਹੋ ਜਿਹੀਆਂ ਕਮੇਟੀਆਂ ਬਣਾ ਲਈਆਂ ਤੇ ਕਈ ਵਾਰੀ ਅਸਾਨੂੰ ਉਹਨਾਂ 'ਤੇ ਬੜੀ ਖਿਝ ਆਉਂਦੀ ਪਰ ਕਾਕਸ ਤੇ ਕਰਤਾਰ ਸਿੰਘ ਨੇ ਮਨਾ ਲਿਆ ਕਿ ਅਸੀਂ ਆਜ਼ਾਦ ਤੇ ਖ਼ੁਦਦਾਰ ਹੋਣਾ ਚਾਹੁੰਦੇ ਹਾਂ, ਤਾਂ ਉਹਨਾਂ ਦਾ ਵੀ ਹੱਕ ਹੈ। ਮਿ: ਕਾਕਸ ਤੇ ਕਰਤਾਰ ਸਿੰਘ ਤਾਂ ਇਹ ਵੀ ਚਾਹੁੰਦੇ ਸਨ ਕਿ ਅਸੀਂ ਚੂਹੜਿਆਂ ਚਮਿਆਰਾਂ ਨਾਲ ਵੀ ਭਰੱਪਣ ਪੈਦਾ ਕਰੀਏ, ਪਰ ਇਹ ਕੁਝ ਵਧੇਰੇ ਜਿਹੀ ਗੱਲ ਸੀ।"[16]

ਅਜਿਹੀਆਂ ਅਨੇਕਾਂ ਹੋਰ ਮਿਸਾਲਾਂ ਮਿਲ ਸਕਦੀਆਂ ਹਨ ਜੋ ਮਨੁੱਖ ਨਾਲ ਬੇ-ਇਨਸਾਫ਼ੀ ਕਰਨ ਵਾਲੀਆਂ ਧਾਰਮਕ ਤੇ ਸਮਾਜਕ ਰਵਾਇਤਾਂ ਨੂੰ ਚੋਟ ਮਾਰ ਕੇ ਭਾਰਤ ਦੇ ਕਮਜ਼ੋਰ ਲੋਕਾਂ ਨੂੰ ਵੀ ਸਮਾਜਕ ਸ਼ਕਤੀ ਬਨਾਣ ਦਾ ਯਤਨ ਕਰਦੀਆਂ ਰਹੀਆਂ ਹਨ।

ਫ਼ਿਰਕੂ ਫ਼ਸਾਦ ਤੇ ਪੰਜਾਬੀ ਕਹਾਣੀ

ਹਿੰਦੁਸਤਾਨ ਵਿਚ ਜਿੱਥੇ ਛੂਤ ਛਾਤ ਜਿਹੀਆਂ ਘਟੀਆ ਰਸਮਾਂ ਸਮਾਜਕ ਰਿਸ਼ਤਿਆਂ ਵਿਚ ਦੁਫੇੜ ਪਾਈ ਰੱਖਦੀਆਂ ਸਨ, ਉਥੇ ਬਹੁਤ ਵਾਰ ਕੱਟੜ ਫ਼ਿਰਕਾ-ਪ੍ਰਸਤ ਲੋਕਾਂ ਦੀਆਂ ਮਾਮੂਲੀ ਗੱਲਾਂ ਪਿੱਛੇ ਕੀਤੇ ਫ਼ਿਰਕੂ ਫ਼ਸਾਦ ਵੀ ਰਾਸ਼ਟਰੀ ਏਕਤਾ ਤੇ ਰਾਸ਼ਟਰੀ ਸੰਘਰਸ਼ ਨੂੰ ਨੁਕਸਾਨ ਪੁਚਾਉਂਦੇ ਸਨ। ਪੰਜਾਬੀ ਕਹਾਣੀ ਨੇ ਇਸ ਰਾਸ਼ਟਰੀ ਸਮੱਸਿਆ ਵਲ ਧਿਆਨ ਦਿੱਤਾ। ਮਿਸਾਲ ਵਜੋਂ ਸੋਹਨ ਸਿੰਘ ਜੋਸ਼ ਦੀ ਕਹਾਣੀ 'ਸੱਚਾ ਬਲੀਦਾਨ' ਆਜ਼ਾਦੀ ਤੋਂ ਪਹਿਲਾਂ ਦੇ ਹਿੰਦੂਆਂ ਮੁਸਲਮਾਨਾਂ ਨੂੰ ਮਾਮੂਲੀ ਗੱਲ ਪਿੱਛੇ ਟਕਰਾਉਂਦਿਆਂ ਦਿਖਾਉਂਦੀ ਹੈ। ਘਟਨਾ ਅਨੁਸਾਰ ਹਿੰਦੂਆਂ ਦੀ ਬਾਰਾਤ ਬੈਂਡ ਵਾਜਿਆਂ ਨਾਲ ਇਕ ਮਸੀਤ ਅੱਗੋਂ ਦੀ ਲੰਘਦੀ ਹੈ। ਮੁਸਲਮਾਨਾਂ ਨੂੰ ਸ਼ਿਕਾਇਤ ਹੈ ਕਿ ਵਾਜੇ ਦੀ ਆਵਾਜ਼ ਨਮਾਜ਼ ਵਿਚ ਵਿਘਨ ਪਾਉਂਦੀ ਹੈ। ਇਸ ਲਈ ਉਹ ਇਸ ਨੂੰ ਬੰਦ ਕਰਨ ਲਈ ਕਹਿੰਦੇ ਹਨ। ਇਸੇ ਮਸਲੇ ਉਤੇ ਦੋਵੇਂ ਧਿਰਾਂ ਲੜਨ ਤੇ ਫ਼ਸਾਦ ਕਰਨ ਤੱਕ ਆ ਜਾਂਦੀਆਂ ਹਨ। ਇੱਨੇ ਵਿਚ ਰਾਸ਼ਟਰੀ ਖ਼ਿਆਲਾਂ ਵਾਲਾ ਇਕ ਨੌਜਵਾਨ ਦੋਹਾਂ ਧਿਰਾਂ ਦੀਆਂ ਕਿਰਪਾਨਾਂ

---

15. ਮਾਸਕ ਪੱਤਰ ਫੁਲਵਾੜੀ, (ਮਾਰਚ 1930), ਸਫ਼ਾ 17,18.

16. ਸੰਤ ਸਿੰਘ ਸੇਖੋਂ — ਸਮਾਚਾਰ, ਸਫ਼ਾ 69.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚਕਾਰ ਖੜਾ ਹੋ ਕੇ ਕਹਿੰਦਾ ਹੈ — "ਮੇਰੀ ਲੋਥ ਉਤੋਂ ਲੰਘ ਕੇ ਹੀ ਤੁਸੀਂ ਲੜ ਸਕੋਗੇ, ਮੈਂ ਤੁਹਾਨੂੰ ਜੀਉਂਦਿਆਂ ਨਹੀਂ ਲੜਨ ਦਿਆਂਗਾ।"[17] ਗੁਸੇ ਵਿਚ ਆਈਆਂ ਦੋਵੇਂ ਧਿਰਾਂ ਉਸ ਨੂੰ ਵਿਚੋਂ ਹਟ ਜਾਣ ਦੀ ਚਿਤਾਵਨੀ ਦਿੰਦੀਆਂ ਹਨ, ਪਰ ਜਦੋਂ ਉਹ ਨਹੀਂ ਹੱਟਦਾ, ਤਾਂ ਮਜ਼ਬੀ ਜਨੂੰਨੀਆਂ ਦੀਆਂ ਕਿਰਪਾਨਾਂ ਨੌਜਵਾਨ ਦੀ ਜਾਨ ਲੈ ਲੈਂਦੀਆਂ ਹਨ। ਪਰ ਨੌਜਵਾਨ ਦਾ ਰਾਸ਼ਟਰੀ ਏਕਤਾ ਦੀ ਖ਼ਾਤਰ ਦਿੱਤਾ ਬਲੀਦਾਨ ਉਦੋਂ ਸਾਰਥਕ ਹੋ ਜਾਂਦਾ ਹੈ, ਜਦੋਂ ਦੋਵੇਂ ਧਿਰਾਂ ਆਪਣੇ ਕੀਤੇ ਉਤੇ ਪਛਤਾਉਂਦੀਆਂ ਹਨ। ਕਹਾਣੀ ਵਿਚ ਪ੍ਰੇਮ ਸਿੰਘ ਦੇ ਦੋਸਤ ਪ੍ਰੇਮ ਸਿੰਘ ਦੀ ਕੁਰਬਾਨੀ ਦੀ ਤਾਰੀਫ਼ ਵੀ ਕਰ ਰਹੇ ਹਨ ਅਤੇ ਖ਼ੁਦ ਵੀ ਅਜਿਹੀ ਕੁਰਬਾਨੀ ਦੇਣ ਲਈ ਤਿਆਰ ਦਿਖਾਏ ਗਏ ਹਨ।

ਇਸੇ ਤਰ੍ਹਾਂ 'ਦੁਖੀ ਭਾਰਤ' ਨਾਂ ਹੇਠ ਛਪੀ ਦਲਜੀਤ ਕੌਰ ਦੀ ਕਹਾਣੀ ਵਿਚ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਅੰਦਰ ਏਕਤਾ ਦੀ ਚਾਹਵਾਨ 'ਭਾਰਤ ਮਾਤਾ' ਇਕ ਬੱਚੀ ਦੇ ਸੁਫ਼ਨੇ ਵਿਚ ਆ ਕੇ ਆਪਣਾ ਦੁੱਖ ਪ੍ਰਗਟ ਕਰਦੀ ਹੋਈ ਕਹਿੰਦੀ ਹੈ — "ਮੈਂ ਭਾਰਤ ਮਾਤਾ ਹਾਂ, ਜਿਸ ਦੇ ਨਾਮ ਤੋਂ ਕਦੇ ਕੁਲ ਸੰਸਾਰ ਜਾਣੂ ਸੀ ਅਤੇ ਮੇਰਾ ਨਾਮ ਫ਼ਖ਼ਰ ਨਾਲ ਲਿਆ ਜਾਂਦਾ ਸੀ। ਅੱਜ ਆਤਰ ਹਾਂ, ਦੀਨ ਹਾਂ, ਦੁੱਖੀ ਹਾਂ, ਨਿਰਬਲ ਹਾਂ, ਮੇਰੀ ਬੱਚੜੀ! ਦਿਨਾਂ ਦਾ ਗੇੜ ਹੈ... ਹਿੰਦੂ, ਸਿੱਖ, ਮੁਸਲਮਾਨ ਸਾਰੇ ਹੀ ਮੇਰੇ ਬੱਚੇ ਹਨ, ਮੈਂ ਕਦੀ ਨਹੀਂ ਚਾਹੁੰਦੀ ਜੋ ਨਿੱਤ ਨਿੱਕੀਆਂ ਗੱਲਾਂ ਤੇ ਡਾਂਗਾਂ ਫੜੀ ਫਿਰਨ।"[18]

ਸੰਤ ਸਿੰਘ ਸੇਖੋਂ ਦੀ ਕਹਾਣੀ "ਪਾਤਾਲ ਦਾ ਬੰਦਾ" ਵਿਚ ਮਜ਼ਬ ਨੂੰ ਰਾਸ਼ਟਰੀ ਏਕਤਾ ਦੇ ਰਾਹ ਵਿਚ ਰੁਕਾਵਟ ਦੱਸਦੇ ਹੋਏ ਇਕ ਪਾਤਰ ਕਹਿੰਦਾ ਹੈ — "...ਸ਼ਾਇਦ ਅਸੀਂ ਹਿੰਦੁਸਤਾਨੀ ਹੀ ਐਨੇ ਨਿਘਰੇ ਹੋਏ ਹਾਂ ਕਿ ਅਸੀਂ ਕਦੀ ਇਕ ਮਿਕ ਹੋ ਨਹੀਂ ਸਕਦੇ, ਜਿਤਨਾ ਚਿਰ ਅਸਾਡੇ ਤਰ੍ਹਾਂ ਤਰ੍ਹਾਂ ਦੇ ਮਜ਼ਬ ਨਹੀਂ ਮੁੱਕ ਜਾਂਦੇ।"[19]

ਇਵੇਂ ਹੀ 'ਦਸ ਮਿੰਟ ਬੱਚੇ ਨਾਲ' ਕਹਾਣੀ ਵਿਚ ਲੇਖਕ ਆਜ਼ਾਦੀ ਤੋਂ ਪਹਿਲਾਂ ਦੇ ਮਜ਼ਬੀ ਤਨਾਓ ਨੂੰ ਹੱਲ ਕਰਨ ਦਾ ਇਕ ਸੁਝਾਅ ਦਿੰਦਾ ਹੈ — "ਜੇ ਹਿੰਦੁਸਤਾਨ ਦੇ ਇਕ ਲੱਖ ਬੱਚਿਆਂ ਨੂੰ ਮਜ਼ਬੀ ਪਖਪਾਤ ਤੋਂ ਵੱਖਰਿਆਂ ਰੱਖ ਕੇ ਕੌਮੀ ਸਿੱਖਿਆ ਦਿੱਤੀ ਜਾਵੇ, ਤਾਂ ਸ਼ਾਇਦ ਛੇਤੀ ਹੀ ਹਿੰਦੁਸਤਾਨ ਦੀ ਕਿਸਮਤ ਪਲਟ ਜਾਵੇ।"[20] ਇਉਂ ਪੰਜਾਬੀ ਕਹਾਣੀਕਾਰਾਂ ਨੇ ਪੰਜਾਬੀਆਂ ਨੂੰ ਧਾਰਮਕ ਕਟੜਤਾ ਦੇ ਮਾਹੌਲ ਤੋਂ ਉਪਰ ਉਠਣ ਦਾ ਸੰਦੇਸ਼ ਦਿੱਤਾ।

---

17. ਮਾਸਕ ਪੱਤਰ **ਫੁਲਵਾੜੀ** (ਬਲੀਦਾਨ ਅੰਕ – ਪੋਹ 1992 ਸੰ.), ਸਫ਼ਾ 930.
18 ਮਾਸਕ ਪੱਤਰ **ਪ੍ਰੀਤਮ** (ਦਸੰਬਰ 1935 ਈ.), ਸਫ਼ਾ 86-90.
19. ਸੰਤ ਸਿੰਘ ਸੇਖੋਂ — **ਸਮਾਚਾਰ** (ਪਹਿਲੀ ਐਡੀਸ਼ਨ-1943), ਸਫ਼ਾ 68.
20. ਹਰਚਰਨ ਸਿੰਘ — **ਸਿੱਪੀਆਂ** (1943), ਸਫ਼ਾ 125.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਰੀ ਉਧਾਰ ਤੇ ਪੰਜਾਬੀ ਕਹਾਣੀ

ਭਾਰਤੀ ਨਾਰੀ ਸਾਡੇ ਰਾਸ਼ਟਰ ਦਾ ਇਕ ਹੋਰ ਅਜਿਹਾ ਕਮਜ਼ੋਰ ਅੰਗ ਸੀ ਜਿਸ ਨੂੰ ਸਮਾਜ-ਸੁਧਾਰਕਾਂ ਨੇ ਵਿਸ਼ੇਸ਼ ਤੌਰ 'ਤੇ ਗੌਲਿਆ। ਭਾਰਤੀ ਨਾਰੀ ਵੈਦਿਕ ਕਾਲ ਵਿਚ ਸਮਾਜ ਦਾ ਇਕ ਸਤਿਕਾਰ ਯੋਗ ਅੰਗ ਸੀ ਪਰ ਰਾਜਾਵਾਦੀ ਕਾਲ ਵਿਚ ਨਾਰੀ ਅਬਲਾ, ਕਮਜ਼ੋਰ ਤੇ ਪੁਰਖ ਦੀ ਸੰਪਤੀ ਬਣਾ ਦਿੱਤੀ ਗਈ। ਦਿਨੋ ਦਿਨ ਨਾਰੀ ਦਾ ਪਤਨ ਹੀ ਹੁੰਦਾ ਗਿਆ ਅਤੇ ਉਹ ਮਰਦ-ਪ੍ਰਧਾਨ ਸਮਾਜ ਵਿਚ ਆਪਣਾ ਮਹੱਤਵ ਗੁਆ ਬੈਠੀ। ਅੰਗਰੇਜ਼ੀ ਸ਼ਾਸਨ-ਕਾਲ ਦੇ ਸ਼ੁਰੂ ਵਿਚ ਬੰਗਾਲ ਤੋਂ ਰਾਜਾ ਰਾਮ ਮੋਹਨ ਰਾਏ ਜਿਹੇ ਸੁਧਾਰਵਾਦੀਆਂ ਨੇ ਨਾਰੀ ਨੂੰ ਰਾਸ਼ਟਰ ਦਾ ਮਹੱਤਵਪੂਰਨ ਭਾਗ ਬਨਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ। ਉਨ੍ਹਾਂ ਨਾ ਕੇਵਲ ਇਸਤਰੀ ਵਿਦਿਆ ਉਤੇ ਹੀ ਜ਼ੋਰ ਦਿੱਤਾ, ਸਗੋਂ ਇਸਤਰੀ ਨੂੰ ਸਮਾਜਕ ਬੰਧਨਾਂ ਤੋਂ ਆਜ਼ਾਦ ਕਰਨ ਦਾ ਵੀ ਉਪਰਾਲਾ ਕੀਤਾ। ਭਾਰਤੀ ਸਾਹਿਤ ਨੇ ਇਸ ਪੱਖ ਤੋਂ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਪੰਜਾਬੀ ਕਹਾਣੀ ਨੇ ਵੀ ਭਾਰਤੀ ਨਾਰੀ ਨੂੰ ਬਦਲਵੀਆਂ ਪ੍ਰਸਥਿਤੀਆਂ ਵਿਚ ਚਿਤਰਿਆ ਹੈ। ਮੁੱਢਲੇ ਪੰਜਾਬੀ ਕਹਾਣੀਕਾਰਾਂ ਨੇ ਆਦਰਸ਼ਵਾਦੀ ਢੰਗ ਨਾਲ ਔਰਤ ਨੂੰ ਬੜਾ 'ਸ਼ਕਤੀਸ਼ਾਲੀ' ਬਣਾ ਕੇ ਪੇਸ਼ ਕੀਤਾ। ਇਸ ਪੱਖ ਤੋਂ ਦਰਨ ਸਿੰਘ ਸ਼ਹੀਦ ਅਤੇ ਗੁਰਬਖਸ਼ ਸਿੰਘ 'ਪ੍ਰੀਤਲੜੀ' ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ।

ਚਰਨ ਸਿੰਘ ਸ਼ਹੀਦ ਦੇ 1933 ਈ: ਵਿਚ ਛਪੇ ਕਹਾਣੀ ਸੰਗ੍ਰਹਿ 'ਹੱਸਦੇ ਹੰਝੂ' ਵਿਚ ਅਜਿਹੀਆਂ ਚਾਰ ਕਹਾਣੀਆਂ।(ਇਸਤਰੀ ਸਭਾ, ਮਰਜ਼ੀ ਦਾ ਸਾਕ, ਜੋਸ਼ੀਲੀਆਂ ਸਹੇਲੀਆਂ, ਦੂਜੀ ਸ਼ਾਦੀ) ਹਨ, ਜੋ ਔਰਤ ਲਈ ਆਜ਼ਾਦੀ ਦਾ ਪੱਖ ਪੂਰਦੀਆਂ ਹਨ। 'ਇਸਤਰੀ ਸਭਾ' ਵਿਚ ਔਰਤਾਂ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਇਕ ਸਭਾ ਦੇ ਰੂਪ ਵਿਚ ਇਕੱਠੇ ਹੋਣ ਦੀਆਂ ਕੋਸ਼ਿਸ਼ਾਂ ਵਿਚ ਦਿਖਾਇਆ ਹੈ, ਭਾਵੇਂ ਪੁਰਾਣੇ ਵਿਚਾਰਾਂ ਵਾਲੀਆਂ ਇਸਤਰੀਆਂ ਇਸ ਇਕੱਠ ਨੂੰ ਸਫਲ ਨਹੀਂ ਹੋਣ ਦਿੰਦੀਆਂ। 'ਮਰਜ਼ੀ ਦਾ ਸਾਕ' ਵਿਚ ਲੜਕੀ ਲੜਕੇ ਦੇ ਗੁਣਾਂ ਔਗੁਣਾਂ ਨੂੰ ਪਰਖਦੀ ਹੋਈ ਯੋਗ ਵਰ ਨਾ ਹੋਣ ਤੇ ਖ਼ੁਦ ਇਕ ਲੜਕੇ ਨਾਲ ਸ਼ਾਦੀ ਕਰਾਣ ਤੋਂ ਇਨਕਾਰੀ ਹੁੰਦੀ ਹੈ। 'ਜੋਸ਼ੀਲੀਆਂ ਸਹੇਲੀਆਂ' ਵਿਚ ਭਵਿੱਖ ਤੋਂ ਪੂਰੀ ਤਰ੍ਹਾਂ ਸੁਚੇਤ ਹੋ ਚੁੱਕੀ ਇਕ ਪੜ੍ਹੀ ਲਿਖੀ ਲੜਕੀ ਕਹਿੰਦੀ ਹੈ — "ਮੈਂ ਤਾਂ ਆਪਣੀ ਮਾਂ ਨੂੰ ਸਾਫ਼ ਤੌਰ 'ਤੇ ਕਹਿ ਦਿਆਂਗੀ ਕਿ ਜੇ ਕੋਈ ਮਰਦ ਇਉਂ ਦੇਖਣ ਆਏ ਜਿਵੇਂ ਮਾਲ ਮੰਡੀ ਵਿਚ ਗਊਆਂ ਮਹੀਆਂ ਦੇਖੀਦੀਆਂ ਨੇ, ਤਾਂ ਮੈਂ ਉਹਦੀ ਉਹ ਗਤ ਬਣਾਵਾਂਗੀ ਜੋ ਸਾਰੀ ਉਮਰ ਯਾਦ ਕਰੂ।"[21]

---

21. ਚਰਨ ਸਿੰਘ ਸ਼ਹੀਦ — ਹੱਸਦੇ ਹੰਝੂ, ਸਫ਼ਾ 52.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਖ਼ਸ਼ ਸਿੰਘ ਨੇ ਸਾਰੀ ਉਮਰ ਇਸਤਰੀ ਪੁਰਖ ਦੇ ਪਿਆਰ ਅਤੇ ਔਰਤ ਦੀ ਆਜ਼ਾਦੀ ਦੀ ਚਰਚਾ ਕੀਤੀ ਹੈ। ਉਸ ਦਾ ਵਿਚਾਰ ਸੀ ਕਿ "ਹਿੰਦੁਸਤਾਨ ਦੀ ਆਜ਼ਾਦੀ ਉੱਨਾ ਚਿਰ ਇਕ ਦੁਰਾਡਾ ਸੁਪਨਾ ਸਮਝੋ ਜਿੰਨਾ ਚਿਰ ਕੁੜੀਆਂ ਨਿਡਰ ਹੋ ਕੇ ਬਹਾਦਰ ਸਾਥੀਆਂ ਵਾਂਗ ਮੁੰਡਿਆਂ ਦਾ ਸਾਥ ਨਹੀਂ ਦੇ ਸਕਦੀਆਂ।"[22] ਗੁਰਬਖ਼ਸ਼ ਸਿੰਘ ਦੀ ਕਹਾਣੀ 'ਗੌਰੀ ਤੇ ਭਗਵਾਨ ਬੁੱਧ' ਵਿਚ ਇਸਤਰੀ ਤੇ ਪੁਰਖ ਦੀ ਪ੍ਰੀਤ ਨੂੰ ਭਗਵਾਨ ਦੀ ਭਗਤੀ ਨਾਲੋਂ ਵੱਡਾ ਦਰਜਾ ਦਿੱਤਾ ਗਿਆ ਹੈ। ਗੌਰੀ ਤੇ ਉਸ ਦਾ ਪਤੀ ਮਹਾਤਮਾ ਬੁੱਧ ਬਾਰੇ ਇਕ ਨਾਟਕ ਦੇਖ ਕੇ ਘਰ ਆਉਂਦੇ ਹਨ। ਨਾਟਕ ਵਿਚ ਮਹਾਤਮਾ ਬੁੱਧ ਦੀ ਵਡਿਆਈ ਹੈ ਜੋ ਸੱਚ ਦੀ ਤਲਾਸ਼ ਵਿਚ ਪਤਨੀ ਤੇ ਬੱਚੇ ਛੱਡ ਕੇ ਜੰਗਲਾਂ ਵਿਚ ਗਿਆ। ਵਾਪਸੀ ਉਤੇ ਗੌਰੀ ਕਹਿੰਦੀ ਹੈ ਕਿ ਕੁਰਬਾਨੀ ਬੁੱਧ ਦੀ ਵੱਡੀ ਨਹੀਂ ਪਤਨੀ ਯਸ਼ੋਧਰਾ ਦੀ ਹੈ, ਜੋ ਪਤੀ ਤੋਂ ਵਿਛੋੜੇ ਦਾ ਦੁੱਖ ਜਰਦੀ ਰਹੀ ਤੇ ਪੁੱਤਰ ਵੀ ਪਾਲਦੀ ਰਹੀ।[23]

ਸੰਤ ਸਿੰਘ ਸੇਖੋਂ ਦੀ ਕਹਾਣੀ 'ਫ਼ਾਰਮੂਲੇ' ਦਾ ਇਕ ਪਾਤਰ ਰਾਸ਼ਟਰੀ ਜਦੋ-ਜਹਿਦ ਵਿਚ ਇਸਤਰੀਆਂ ਦੇ ਯੋਗਦਾਨ ਦੀ ਲੋੜ ਮਹਿਸੂਸ ਕਰਦਿਆਂ ਕਹਿੰਦਾ ਹੈ — "... ਲੈਨਿਨ ਨੇ ਕਿਹਾ ਹੈ ਕਿ ਇਕ ਲੋਕ ਲਹਿਰ ਦੀ ਸਫਲਤਾ ਲਈ ਇਹ ਜ਼ਰੂਰੀ ਹੈ ਹੈ ਕਿ ਉਸ ਵਿਚ ਇਸਤਰੀਆਂ ਵੀ ਸ਼ਾਮਲ ਹੋਣ।"[24] ਦਿਲਸ਼ਾਦ ਕਵੀ ਦੀ ਰਚਨਾ "ਕਮਲਾ ਤੇ ਨਰਗਸ" ਵਿਅੰਗਾਤਮਕ ਅੰਦਾਜ਼ ਵਿਚ ਔਰਤਾਂ ਨਾਲ ਮਰਦਾਂ ਵਲੋਂ ਕੀਤੀ ਜਾ ਰਹੀ ਬੇ-ਇਨਸਾਫ਼ੀ ਨੂੰ ਹੀ ਸਾਕਾਰ ਕਰਦੀ ਹੈ।[25]

ਗੁਰਬਖ਼ਸ਼ ਸਿੰਘ ਦੀ ਕਹਾਣੀ 'ਵੀਣਾ ਵਿਨੋਦ' ਜੋ 1940 ਤੋਂ ਪਹਿਲਾਂ ਲਿਖੀ ਗਈ, ਵਿਧਵਾ ਦੇ ਪੁਨਰ-ਵਿਆਹ ਦਾ ਵਿਚਾਰ ਬੜੇ ਜ਼ੋਰਦਾਰ ਢੰਗ ਨਾਲ ਪੇਸ਼ ਕਰਦੀ ਹੈ। ਵਲਾਇਤ ਤੋਂ ਪੜ੍ਹ ਕੇ ਆਇਆ ਵਿਨੋਦ ਅਮੀਰ ਘਰ ਦੀ ਆਪਣੀ ਮੰਗੇਤਰ ਨਾਲ ਵਿਆਹ ਕਰਾਉਣ ਤੋਂ ਇਨਕਾਰ ਕਰ ਕੇ ਇਕ ਜਵਾਨ ਵਿਧਵਾ ਵੀਣਾ ਨਾਲ ਪਿਆਰ ਕਰਦਾ ਹੈ, ਤੇ ਉਸ ਨਾਲ ਵਿਆਹ ਕਰਾਂਦਾ ਹੈ।[26] ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਰਚਨਾਵਾਂ ਮਿਲਦੀਆਂ ਹਨ ਜੋ ਔਰਤਾਂ ਨੂੰ ਸ੍ਵੈ-ਭਰੋਸਾ ਦੇ ਕੇ ਮਰਦਾਂ ਦੇ ਬਰਾਬਰ ਖੜਾ ਕਰਦੀਆਂ ਹਨ ਤਾਂ ਕਿ ਉਹ ਸਮਾਜਕ ਅਨਿਆਂ ਦਾ ਮੁਕਾਬਲਾ ਕਰਨ ਦੇ ਨਾਲ ਨਾਲ ਰਾਸ਼ਟਰੀ ਸਮੱਸਿਆਵਾਂ ਪ੍ਰਤੀ ਵੀ ਸੋਚ ਸਕਣ।

---

22. ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' — ਸਾਵੀਂ ਪੱਧਰੀ ਜ਼ਿੰਦਗੀ, ਸਫ਼ਾ 66.
23. ਗੁਰਬਖ਼ਸ਼ ਸਿਘ 'ਪ੍ਰੀਤ ਲੜੀ' — ਪ੍ਰੀਤ ਕਹਾਣੀਆਂ, (ਛੇਵਾਂ ਐਡੀਸ਼ਨ-1969), ਸਫ਼ਾ 35.
24. ਸੰਤ ਸਿੰਘ ਸੇਖੋਂ — ਸਮਾਚਾਰ (ਅਠਵਾਂ ਐਡੀਸ਼ਨ-1973), ਸਫ਼ਾ 145.
25. ਅਛੂਤ ਕੁਮਾਰੀ ਤੇ ਹੋਰ ਕਹਾਣੀਆਂ (ਦੂਜਾ ਐਡੀਸ਼ਨ-1946), ਸਫ਼ਾ 46.
26. ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' — ਵੀਣਾ ਵਿਨੋਦ ਤੇ ਹੋਰ ਕਹਾਣੀਆਂ, ਸਫ਼ਾ 9.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਰਥਕ ਚੇਤਨਾ ਤੇ ਪੰਜਾਬੀ ਕਹਾਣੀ

1917 ਈ: ਵਿਚ ਰੂਸ ਅੰਦਰ ਆਏ ਸਮਾਜਵਾਦੀ ਇਨਕਲਾਬ ਨੇ ਭਾਰਤ ਦੇ ਦੱਬੇ ਕੁਚਲੇ ਲੋਕਾਂ ਨੂੰ ਪ੍ਰੇਰਨਾ ਦਿੱਤੀ ਅਤੇ ਉਨ੍ਹਾਂ ਨੇ ਕਮਿਊਨਿਸਟਾਂ ਦੇ ਪ੍ਰਭਾਵ ਹੇਠ ਕਿਸਾਨ ਤੇ ਕਿਰਤੀ ਜੱਥੇਬੰਦੀਆਂ ਬਣਾ ਕੇ ਸਮਾਜ ਦੀਆਂ ਲੁੱਟੂ ਸ਼ਕਤੀਆਂ ਵਿਰੁੱਧ ਸੰਘਰਸ਼ ਸ਼ੁਰੂ ਕੀਤਾ । ਇੰਡੀਅਨ ਨੈਸ਼ਨਲ ਕਾਂਗਰਸ ਦੇ ਅੰਦਰ ਅਤੇ ਇਸ ਤੋਂ ਬਾਹਰ 'ਕਿਰਤੀ ਪਾਰਟੀ', 'ਸੋਸ਼ਲਿਸਟ ਪਾਰਟੀ' ਅਤੇ 'ਕਮਿਊਨਿਸਟ ਪਾਰਟੀ' ਹੋਂਦ ਵਿਚ ਆ ਗਈਆਂ, ਜੋ ਸੁਤੰਤਰਤਾ ਦੇ ਨਾਲ ਨਾਲ ਸਮਾਜਕ ਕ੍ਰਾਂਤੀ ਦੇ ਹੱਕ ਵਿਚ ਆਵਾਜ਼ ਉੱਚੀ ਕਰਨ ਲੱਗੀਆਂ ।

ਇਸੇ ਯੁੱਗ ਚੇਤਨਾ ਦੇ ਅਸਰ ਹੇਠ ਸਾਹਿਤਕਾਰਾਂ ਨੇ ਜਿਥੇ ਕਿਰਤੀ ਲੋਕਾਂ ਦੇ ਸੰਘਰਸ਼ ਦੀ ਹਮਾਇਤ ਕਰਨੀ ਸ਼ੁਰੂ ਕੀਤੀ, ਉਥੇ ਧਨੀ-ਸ਼੍ਰੇਣੀਆਂ ਦੀਆਂ ਜ਼ਿਆਦਤੀਆਂ ਨੂੰ ਵਿਅੰਗਾਤਮਕ ਅੰਦਾਜ਼ ਵਿਚ ਚਿਤਰਿਆ । ਕਦੇ ਕਦੇ ਇਨ੍ਹਾਂ ਲੇਖਕਾਂ ਨੇ ਗ਼ਰੀਬ ਕਿਰਤੀਆਂ ਦੇ ਸੰਘਰਸ਼ ਦਾ ਲਖਸ਼ 'ਸਮਾਜਵਾਦੀ ਸਮਾਜ' ਦੱਸਿਆ ਅਤੇ ਕਮਿਊਨਿਸਟਾਂ ਦੀ ਅਗਵਾਈ ਵਿਚ ਪੈਦਾ ਹੋ ਰਹੀ ਆਰਥਿਕ ਅਤੇ ਰਾਜਨੀਤਕ ਚੇਤਨਾ ਨੂੰ ਦਿਲਸਚਪੀ ਨਾਲ ਚਿਤਰਿਆ ।

ਇਸ ਵੰਨਗੀ ਦੀਆਂ ਪੰਜਾਬੀ ਕਹਾਣੀਆਂ ਦੀ ਪਹਿਲੀ ਮਿਸਾਲ 'ਪ੍ਰਮਾਤਮਾ ਦਾ ਡਰ' ਨਾਮ ਦੀ ਕਹਾਣੀ ਹੈ ਜੋ 1925 ਈ : ਵਿਚ ਛਪੀ । ਕਿਸੇ ਅਗਿਆਤ ਲੇਖਕ ਦੀ ਇਸ ਰਚਨਾ ਵਿਚ ਜ਼ਿਮੀਦਾਰ ਵਲੋਂ ਪਿੰਡ ਦੇ ਗ਼ਰੀਬ ਲੋਕਾਂ ਦੀ ਲੁਟ-ਖਸੁਟ ਕਰਨ ਤੇ ਪੁਲੀਸ ਦੀ ਮਦਦ ਨਾਲ ਉਨ੍ਹਾਂ ਉਤੇ ਬਿਨਾਂ ਕਸੂਰ ਜ਼ੁਲਮ ਹੁੰਦਾ ਦਿਖਾਇਆ ਹੈ । ਅਖ਼ੀਰ ਜ਼ਿਮੀਦਾਰ ਦੀ ਥਾਣੇਦਾਰ ਤੇ ਕਿਸੇ ਹੋਰ ਜ਼ਿਮੀਦਾਰ ਨਾਲ ਦੁਸ਼ਮਣੀ ਹੋ ਜਾਣ ਕਾਰਨ ਉਹ ਜੇਲ੍ਹ ਜਾਂਦਾ ਹੈ ਤੇ ਆਪਣੇ ਕੀਤੇ 'ਤੇ ਪਛਤਾਉਂਦਾ ਹੈ ।[27] ਇਉਂ ਕਹਾਣੀ ਨੂੰ ਆਦਰਸ਼ਕ ਮੋੜ ਦੇ ਕੇ ਲੇਖਕ ਨੇ ਜ਼ਿਮੀਦਾਰਾਂ ਨੂੰ ਸੁਚੇਤ ਕਰਨ ਦਾ ਯਤਨ ਕੀਤਾ ਹੈ ।

ਇਸੇ ਤਰ੍ਹਾਂ ਅਰਜਨ ਸਿੰਘ ਗੜਗੱਜ ਦੀ 1928 ਈ: ਵਿਚ ਛਪੀ ਰਚਨਾ 'ਗਰੀਬਾਂ ਨੂੰ ਸਤੌਣ ਦੇ ਸਿੱਟੇ' ਵਿਚ ਸਰਮਾਏਦਾਰ ਤੇ ਮਜ਼ਦੂਰਾਂ ਦੇ ਟਕਰਾਓ ਨੂੰ ਆਦਰਸ਼ਕ ਢੰਗ ਨਾਲ ਚਿਤਰਿਆ ਗਿਆ ਹੈ ।[28]

ਜੀਵਨ ਨਾਮ ਦੇ ਲੇਖਕ ਨੇ 'ਰਮਜ਼ਾਨ ਮੋਚੀ'[29] ਕਹਾਣੀ ਵਿਚ ਦਿਖਾਇਆ ਹੈ ਕਿ

---

27. ਮਾਸਕ ਪੱਤਰ ਫੁਲਵਾੜੀ (ਫ਼ਰਵਰੀ 1925 ਈ.), ਸਫ਼ਾ 12.
28. ਮਾਸਕ ਪੱਤਰ ਕਿਰਤੀ (ਫ਼ਰਵਰੀ 1928 ਈ.), ਸਫ਼ਾ 59.
29. ਮਾਸਕ ਪੱਤਰ ਪੰਜ ਦਰਿਆ (ਸਤੰਬਰ 1939 ਈ:), ਸਫ਼ਾ 34.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਮਜ਼ਾਨ ਆਪਣੇ ਸਖ਼ਤ ਬਿਮਾਰ ਪੁੱਤਰ ਦਾ ਮਹਿੰਗਾ ਤੇ ਚੰਗਾ ਇਲਾਜ ਨਹੀਂ ਕਰਵਾ ਸਕਦਾ । ਉਲਟਾ ਉਹ ਇਸ ਆਰਥਕ ਤੇ ਮਾਨਸਿਕ ਸੰਕਟ ਸਮੇਂ ਸਰਕਾਰੀ ਕੰਮਾਂ ਲਈ ਜ਼ੈਲਦਾਰ, ਨੰਬਰਦਾਰ ਤੇ ਦਫ਼ੇਦਾਰਾਂ ਦੇ ਹੁਕਮ ਮੰਨਣ 'ਤੇ ਮਜਬੂਰ ਹੈ । ਇਸੇ ਲੇਖਕ ਦੀ ਇਕ ਹੋਰ ਰਚਨਾ 'ਸ਼ਾਹਪੁਰ ਦਾ ਪੁੱਲ'[30] ਵਿਚ 1931-32 ਦੇ ਦੌਰ ਵਿਚ ਭਾਰਤੀ ਕਿਰਤੀਆਂ ਦੀ ਬੇਕਦਰੀ ਦਾ ਭਾਵਪੂਰਤ ਦ੍ਰਿਸ਼ ਹੈ । ਸ਼ਾਹਪੁਰ ਦੇ ਨਵੇਂ ਬਣੇ ਪੁਲ ਦੇ ਉਦਘਾਟਨ ਸਮੇਂ ਇਕੱਠੇ ਹੋਏ ਅਮੀਰ ਲੋਕਾਂ ਨੂੰ ਅੰਗਰੇਜ਼ ਚੀਫ਼ ਇੰਜਨੀਅਰ ਬੜੇ ਮਾਣ ਨਾਲ ਪੁਲ ਉਤੇ ਖ਼ਰਚ ਆਈ ਅਤੁਟ ਕਾਰੀਗਰੀ ਤੇ ਮਿਹਨਤ ਦਾ ਵੇਰਵਾ ਦੇ ਰਿਹਾ ਹੈ, ਪਰ ਜਿਸ ਪਠਾਣ ਦੇ ਦੋ ਪੁੱਤਰ ਪੁਲ ਬਣਾਉਂਦੇ ਜਾਨ ਗੁਆ ਬੈਠੇ ਹਨ ਅਤੇ ਜੋ ਪੁਲ ਦੇਖਣ ਆਏ ਹਰ ਇਕ ਰਾਹੀ ਨੂੰ ਦਸਦਾ ਹੈ ਕਿ "ਇਹ ਪੁਲ ਮੇਰੇ ਪੁੱਤਾਂ ਦੇ ਲਹੂ ਨਾਲ ਬਣਿਆਂ ਹੈ", ਨੂੰ ਪਾਗ਼ਲ ਆਖ ਕੇ ਧੱਕੇ ਦਿੱਤੇ ਜਾਂਦੇ ਹਨ ।

ਕੁਝ ਹੋਰ ਕਹਾਣੀਆਂ ਵੀ ਆਰਥਿਕ ਭਾਵਨਾਵਾਂ ਨੂੰ ਟੁੰਬਦੀਆਂ ਹਨ । ਮਿਸਾਲ ਵਜੋਂ 'ਮਹੀਂਵਾਲ'[31] ਨਾਮ ਹੇਠ 1942 ਵਿਚ ਲਿਖੀ ਗਈ ਕਹਾਣੀ ਵਿਚ ਰੇਲਵੇ ਇੰਜਣਾਂ ਵਿਚ ਕੋਲਾ ਪਾਉਣ ਵਾਲੇ ਮਜ਼ਦੂਰ ਨੂੰ ਅਤਿ ਗ਼ਰੀਬੀ ਦੀ ਸਥਿਤੀ ਵਿਚ ਰੇਲਵੇ ਇੰਜਣ ਹੇਠ ਹੀ ਆਤਮ-ਹਤਿਆ ਕਰਦੇ ਦਰਸਾਇਆ ਗਿਆ ਹੈ । ਉਪਿੰਦਰ ਨਾਥ ਅਸ਼ਕ ਦੀ ਰਚਨਾ 'ਤਿੰਨ ਸੌ ਚੌਵੀ' ਵਿਚਲਾ ਕੁਲੀ ਵੀ ਆਪਣੇ ਪ੍ਰੀਵਾਰ ਦੀਆਂ ਖ਼ਾਹਿਸ਼ਾਂ ਪੂਰੀਆਂ ਕਰਨ ਲਈ ਅੰਗਰੇਜ਼ ਯਾਤਰੀ ਦੇ 'ਇਨਾਮ' ਦੇ ਲਾਲਚ ਵਿਚ ਆ ਕੇ ਛੇ ਬੰਦਿਆਂ ਦੇ ਚੁੱਕਣ ਵਾਲਾ ਭਾਰ ਉਠਾ ਕੇ ਆਪਣੀ ਜਾਨ ਗੁਆ ਲੈਂਦਾ ਹੈ ।[32]

ਕੁਝ ਲੇਖਕਾਂ ਨੇ ਬੰਗਾਲ ਦੇ ਮਾਰੂ ਕਾਲ ਨੂੰ ਪਿਛੋਕੜ ਵਿਚ ਰਖ ਕੇ ਭਾਰਤੀ ਲੋਕਾਂ ਦੀ ਆਰਥਿਕ ਦੁਰਦਸ਼ਾ ਤੇ ਇਸ ਸਥਿਤੀ ਵਿਚ ਅੰਗਰੇਜ਼ਾਂ ਦੀ ਸਰਪ੍ਰਸਤੀ ਵਿਚ ਪਲ ਰਹੇ ਮਹਾਜਨਾਂ ਦੀ ਲੁਟ ਜਾਂ ਸਰਕਾਰੀ ਲਾ-ਪ੍ਰਵਾਹੀ ਨੂੰ ਰੂਪਮਾਨ ਕੀਤਾ ਹੈ । 1945 ਈ: ਵਿਚ ਛਪੀ ਨਵਤੇਜ ਸਿੰਘ ਦੀ ਕਹਾਣੀ 'ਖੇਮਾ ਤੇ ਰਘੂ' ਵਿਚ ਰਾਧੂ ਕਿਸਾਨ ਤੇ ਉਸ ਦੀ ਪਤਨੀ ਸ਼ਾਂਤੀ ਨੂੰ ਅਤਿ-ਗ਼ਰੀਬੀ ਤੇ ਭੁੱਖ ਦੀ ਹਾਲਤ ਵਿਚ ਆਪ ਹੱਲ ਅੱਗੇ ਲੱਗਣਾ ਪੈਂਦਾ ਹੈ । ਉਨ੍ਹਾਂ ਦਾ ਇਕੋ ਇਕ ਬਲਦ ਮਹਾਜਨ ਲੈ ਗਿਆ ਹੈ । ਭੁੱਖ ਨਾਲ ਨਿਢਾਲ ਪ੍ਰੀਵਾਰ ਇਕੋ ਇਕ ਪਰਨੇ ਨਾਲ ਲੜਕੀ ਤੇ ਮਾਂ ਦਾ ਸਰੀਰ ਢੱਕਣ ਉਤੇ ਮਜਬੂਰ ਹੈ । ਘਰ ਵਿਚ ਨੰਗੀ ਬੈਠੀ ਲੜਕੀ ਨੂੰ ਵੀ ਮਹਾਜਨ ਦਾ ਪੁੱਤਰ ਮੈਲੀ ਅੱਖ ਨਾਲ ਵੇਖਦਾ ਹੈ । ਕਹਾਣੀ ਵਿਚ ਲੋਕ ਦਰੱਖ਼ਤਾਂ ਦੇ ਪੱਤੇ ਉਬਾਲ ਕੇ ਖਾਂਦੇ ਦਰਸਾਏ ਹਨ ।[33]

---

30. ਮਾਸਕ ਪੱਤਰ **ਪੰਜ ਦਰਿਆ**, (ਅਕਤੂਬਰ 1939 ਈ.), ਸਫ਼ਾ 23.

31. ਸੁਰਜੀਤ ਸਿੰਘ ਸੇਠੀ — ਮਹੀਂਵਾਲ (1946), ਸਫ਼ਾ 20.

32. ਉਪਿੰਦਰ ਨਾਥ ਅਸ਼ਕ — ਵਾਵਰੋਲੇ (1941) ।

33. ਮਾਸਕ ਪੱਤਰ **ਪ੍ਰੀਤ ਲੜੀ** (ਜੁਲਾਈ 1945 ਈ.), ਸਫ਼ਾ 16.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਵਿੰਦਰ ਸਤਿਆਰਥੀ ਨੇ ਵੀ 1944 ਵਿਚ ਬੰਗਾਲ ਦੇ ਕਾਲ ਬਾਰੇ ਸੱਤ ਕਹਾਣੀਆਂ ਲਿਖੀਆਂ। ਉਸ ਦੀ 'ਸੋਨਾਗਾਚੀ' ਬੰਗਾਲ ਦੇ ਕਾਲ ਦਾ ਦਰਦਨਾਕ ਚਿੱਤਰ ਹੈ। ਲੇਖਕ ਦੱਸਦਾ ਹੈ ਕਿ ਕਾਲ ਦੌਰਾਨ ਪੇਟ ਭਰਨ ਲਈ ਕੁਝ ਚਾਵਲਾਂ ਦੀ ਖ਼ਾਤਰ ਅਨੇਕਾਂ ਹੀ ਔਰਤਾਂ ਨੂੰ ਵੇਸਵਾਵਾਂ ਬਣਨਾ ਪਿਆ। ਅਜਿਹੀ ਸਥਿਤੀ ਵਿਚ ਇਕ ਔਰਤ ਦੱਸਦੀ ਹੈ — "ਸਰਕਾਰ ਵੀ ਅੰਨ੍ਹੀ ਹੈ ਪਰ ਸਰਕਾਰ ਵੀ ਕਿਉਂ ਇਹ ਠੱਗ ਵਿੱਦਿਆ ਬੰਦ ਕਰੇ ? ਉਸ ਨੂੰ ਤਾਂ ਦੇਸ਼ ਦੀ ਰੱਖਿਆ ਲਈ ਧੰਨ ਦੀ ਲੋੜ ਹੈ। ਤੇ ਕੰਗਾਲ ਵੇਸਵਾਵਾਂ ਆਪਣੀ ਚਾਂਦਮਾਲਾ ਇਸੇ ਤਰ੍ਹਾਂ ਹੀ ਵੇਚਣਗੀਆਂ।"[34]

ਪਹਿਲੇ ਪਹਿਲੇ ਲੇਖਕਾਂ ਨੂੰ 'ਜਾਗੀਰਦਾਰੀ' ਤੇ 'ਸਰਮਾਏਦਾਰੀ' ਦੀ ਭੂਮਿਕਾ ਅਤੇ ਚਰਿੱਤਰ ਦੇ ਫ਼ਰਕ ਦੀ ਸਮਝ ਨਹੀਂ ਸੀ। ਇਹ ਸਭ ਨੂੰ 'ਅਮੀਰ' ਤੇ 'ਲੁਟੇਰੇ' ਸਮਝ ਕੇ ਇਕੋ ਤਰ੍ਹਾਂ ਪੇਸ਼ ਕਰੀ ਜਾਂਦੇ ਸਨ। 1934 ਵਿਚ 'ਹਮਦਰਦੀ ਦੀ ਠੋਕਰ' ਨਾਮ ਹੇਠ ਛਪੀ ਸ਼ਾਂਤੀ ਦੇਵੀ ਦੀ ਰਚਨਾ ਵਿਚ ਜਾਗੀਰਦਾਰ ਦੇ ਹਾਕਮਾਨਾ ਚਰਿੱਤਰ ਅਤੇ ਰਾਸ਼ਟਰੀ ਲਹਿਰ ਬਾਰੇ ਉਸ ਦੇ ਵਿਚਾਰਾਂ ਨੂੰ ਵਿਅੰਗਮਈ ਅੰਦਾਜ਼ ਵਿਚ ਇਉਂ ਪੇਸ਼ ਕੀਤਾ ਗਿਆ ਹੈ :— "ਸਵੈਧੀਨਤਾ ਦਾ ਖਿਆਲ ਆਉਂਦਿਆਂ ਹੀ ਉਨ੍ਹਾਂ (ਜਾਗੀਰਦਾਰ) ਦੇ ਦਿਲ ਵਿਚ ਹੋਰ ਹੋਰ ਵਿਚਾਰ ਫੁਰਨ ਲੱਗ ਪਏ। ਪਿਛਲੇ ਦਿਨਾਂ ਵਿਚ ਉਨ੍ਹਾਂ ਦੀ ਮਿਲ ਵਿਚ ਮਜ਼ੂਰਾਂ ਨੇ ਹੜਤਾਲ ਕਰ ਦਿੱਤੀ ਸੀ। ਉਨ੍ਹਾਂ ਦੀ ਮੰਗ ਸੀ ਕਿ ਸਾਡੇ ਕੰਮ ਕਰਨ ਦੇ ਘੰਟੇ ਘਟਾਏ ਜਾਣ। ਰਾਜਾ ਜੀ ਦੀ ਜ਼ਮੀਨ ਦੇ ਕਾਮੇ ਵੀ ਚਿਰਾਂ ਤੋਂ ਆਪਣੀ ਮਜ਼ੂਰੀ ਵਧਾਣ ਲਈ ਰੌਲਾ ਪਾ ਰਹੇ ਸਨ। ਉਪਰੋਕਤ ਸਾਰੀਆਂ ਵਿਚਾਰਾਂ ਨੇ ਉਨ੍ਹਾਂ ਦੇ ਚਿਤ ਨੂੰ ਹੋਰ ਖਿੰਡਾ ਦਿੱਤਾ, ਉਹ ਦਿਲ ਵਿਚ ਹੀ ਗਾਂਧੀ ਤੇ ਟਾਲਸਟਾਇ ਨੂੰ ਗਾਲ੍ਹਾਂ ਕੱਢ ਰਹੇ ਸਨ। ਉਨ੍ਹਾਂ ਦਿਲ ਵਿਚ ਫ਼ੈਸਲਾ ਕਰ ਲਿਆ ਸੀ ਕਿ ਘਰ ਪਹੁੰਚਣ ਸਾਰ ਹੀ ਵਾਇਸਰਾਏ ਨੂੰ ਆਰਡੀਨੈਂਸ ਜਾਰੀ ਕਰਨ 'ਤੇ ਵਧਾਈ ਦੀ ਚਿੱਠੀ ਭੇਜਾਂਗੇ ਤੇ ਨਾਲ ਹੀ ਕਾਂਗਰਸੀਆਂ ਨਾਲ ਸਖ਼ਤ ਸਲੂਕ ਕਰਣ ਦੀ ਸਲਾਹ ਦੇਵਾਂਗੇ।"[35] ਇਕ ਹੋਰ ਥਾਂ ਇਹ ਜਾਗੀਰਦਾਰ ਕਹਿੰਦਾ ਹੈ ਕਿ "ਇਨ੍ਹਾਂ ਮਜ਼ੂਰਾਂ ਨੇ ਤਾਂ ਸ਼ਾਇਦ ਸਮਝ ਛੱਡਿਆ ਹੈ ਕਿ ਹੁਣ ਤਾਂ ਇਨ੍ਹਾਂ ਦਾ ਹੀ ਰਾਜ ਆਉਣ ਵਾਲਾ ਹੈ। ਹਿੰਦੁਸਤਾਨ ਨੂੰ ਵੀ ਰੂਸ ਬਨਾਣਾ ਚਾਹੁੰਦੇ ਹਨ। ਸ਼ੁਕਰ ਹੈ ਅੰਗਰੇਜ਼ੀ ਸਰਕਾਰ ਦਾ ਕਿ ਅਜੇ ਮੁਲਕ ਵਿਚ ਚੈਨ ਹੈ।... ਅਸੀਂ ਲੋਕਾਂ ਨੂੰ ਤਾਂ ਇਹ ਕਿਸਾਨ ਮਜ਼ੂਰ ਕੱਚਿਆਂ ਹੀ ਖਾ ਜਾਣਗੇ। ਇਸ ਲਈ ਸਭ ਰਾਜਿਆਂ, ਮਹਾਂਰਾਜਿਆਂ ਤੇ ਜਾਗੀਰਦਾਰਾਂ ਨੂੰ ਇਸ ਸਵਰਾਜ ਦੀ ਤਹਿਰੀਕ ਦਾ ਵਿਰੋਧ ਕਰਨਾ ਚਾਹੀਦਾ ਹੈ।"[36] ਕਹਾਣੀ ਨੂੰ ਆਦਰਸ਼ਕ ਮੋੜ ਦੇ ਕੇ ਜਾਗੀਰਦਾਰ ਨੂੰ ਅਹਿਸਾਸ

---

34. ਦੇਵਿੰਦਰ ਸਤਿਆਰਥੀ — ਸੋਨਾਗਾਚੀ (1944)।
35. ਮਾਸਕ ਪੱਤਰ ਫੁਲਵਾੜੀ (ਫਗਣ-ਚੇਤਰ 1991 ਸੰ.), ਸਫ਼ਾ 371.
36. ਉਹੀ, (ਅੰਕ ਉਹੀ) ਸਫ਼ਾ, 372-73.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਾਇਆ ਗਿਆ ਹੈ ਕਿ ਜਿਹੜਾ ਕੰਮ ਧਨ ਤੇ ਤਾਕਤ ਨਾਲ ਨਹੀਂ ਕਰਾਇਆ ਜਾ ਸਕਦਾ, ਉਹ ਹਮਦਰਦੀ ਤੇ ਪਿਆਰ ਦੇ ਰਵੱਈਏ ਨਾਲ ਕਰਾਇਆ ਜਾ ਸਕਦਾ ਹੈ।

ਜੋਸ਼ਵਾ ਫ਼ਜ਼ਲਦੀਨ ਨੇ ਅਮੀਰ ਦੀ ਨਿੰਦਿਆ ਤੇ ਗ਼ਰੀਬ ਦੀ ਵੱਡਿਆਈ ਕਰਦਿਆਂ 'ਗ਼ਰੀਬ' ਕਹਾਣੀ ਵਿਚ ਗ਼ਰੀਬਾਂ ਨੂੰ ਰੱਬ ਦੇ ਪਿਆਰੇ ਦਰਸਾਇਆ ਹੈ।[37]

ਪੰਜਾਬ ਦੀਆਂ ਰਿਆਸਤਾਂ ਵਿਚ ਚੇਤਨ ਹੋਏ ਕਿਸਾਨਾਂ ਨੇ ਆਪਣੇ ਨਾਲ ਹੁੰਦੀ ਬੇ-ਇਨਸਾਫ਼ੀ ਤੇ ਲੁੱਟ-ਖਸੁਟ ਵਿਰੁਧ ਲਹਿਰ ਪੈਦਾ ਕੀਤੀ ਜਿਸ ਨੂੰ 'ਪ੍ਰਜਾ ਮੰਡਲ ਲਹਿਰ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਸੰਘਰਸ਼ ਕਰ ਰਹੇ ਕਿਸਾਨਾਂ ਦਾ ਸਮੱਰਥਨ ਕਰਨ ਦੇ ਲਈ ਡੀ. ਐਸ. ਲਾਇਲਪੁਰੀ ਨੇ 1939 ਈ: ਵਿਚ 'ਬਾਗ਼ੀ' ਨਾਮ ਦੀ ਕਹਾਣੀ ਲਿਖੀ। ਇਸ ਦਾ ਨਾਇਕ ਪੰਜਾਬ ਯੂਨੀਵਰਸਿਟੀ ਤੋਂ ਪੜ੍ਹਿਆ ਹੋਇਆ ਸੁਦੇਸ਼ ਹੈ, ਜੋ ਪੜ੍ਹ-ਲਿਖ ਕੇ ਨੌਕਰੀ ਕਰਨ ਦੀ ਥਾਂ ਕਿਸਾਨਾਂ ਦੀ ਅਗਵਾਈ ਕਰ ਕੇ ਰਾਜੇ ਨਾਲ ਟੱਕਰ ਲੈਂਦਾ ਹੈ। ਪੜ੍ਹੀ ਲਿਖੀ ਰਾਜਕੁਮਾਰੀ ਵੀ ਕਿਸਾਨਾਂ ਦੇ ਹੱਕਾਂ ਦਾ ਪੱਖ ਪੂਰਦੀ ਹੈ ਅਤੇ ਸੰਘਰਸ਼ ਵਿਚ ਉਨ੍ਹਾਂ ਦੀ ਮਦਦ ਵੀ ਕਰਦੀ ਹੈ। ਭਾਵੇਂ ਰਾਜਾ ਸੰਘਰਸ਼ ਕਰ ਰਹੇ ਲੋਕਾਂ ਨੂੰ 'ਬਾਗ਼ੀ' ਕਹਿੰਦਾ ਹੈ, ਪਰ ਰਾਜਕੁਮਾਰੀ ਦਾ ਕਹਿਣਾ ਹੈ — "ਇਨਸਾਫ਼ ਮੰਗਣ ਵਾਲਾ ਬਾਗ਼ੀ ਨਹੀਂ ਹੋ ਸਕਦਾ।"[38] ਜਦੋਂ ਸੁਦੇਸ਼ ਜਲੂਸ ਕੱਢਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ, ਤਾਂ ਰਾਜਕੁਮਾਰੀ ਖ਼ੁਦ ਕਿਸਾਨਾਂ ਦੀ ਅਗਵਾਈ ਕਰਦੀ ਹੈ ਤੇ ਜ਼ਖ਼ਮੀ ਹੋ ਜਾਂਦੀ ਹੈ। ਅਖ਼ੀਰ ਰਾਜੇ ਨੂੰ ਆਪਣੀ ਰਿਆਸਤ ਲੋਕਾਂ ਦੀ ਕੌਂਸਲ ਨੂੰ ਸੌਂਪਣੀ ਪੈਂਦੀ ਹੈ। ਕਹਾਣੀ ਦੇ ਇਹ ਆਦਰਸ਼ਵਾਦੀ ਪਾਤਰ ਨਾਟਕੀ ਢੰਗ ਨਾਲ ਸਮੇਂ ਦੇ ਸ਼ਾਸਕਾਂ ਨੂੰ ਉਨ੍ਹਾਂ ਦੇ ਹੋਣ ਵਾਲੇ ਹਸ਼ਰ ਦਾ ਸੰਕੇਤ ਦੇ ਜਾਂਦੇ ਹਨ। ਦੂਜੇ ਪਾਸੇ ਇਹ ਕਹਾਣੀ ਰਿਆਸਤੀ ਰਾਜਿਆਂ ਦੀ ਗ਼ੁਲਾਮੀ ਵਿਰੁਧ ਜੂਝ ਰਹੇ ਲੋਕਾਂ ਨੂੰ 'ਲੋਕਾਂ ਦੇ ਰਾਜ' ਦਾ ਸੁਪਨਾ ਦਿਖਾ ਕੇ ਸੰਘਰਸ਼ ਲਈ ਪ੍ਰੇਰਤ ਕਰਦੀ ਹੈ।

ਪਰ ਭਾਰਤੀ ਰਾਸ਼ਟਰ ਵਿਚ 'ਰਾਜਨੀਤੀ ਦੇ ਪਿੱਛੇ ਕੰਮ ਕਰਦੇ ਆਰਥਿਕ ਆਧਾਰਾਂ' ਬਾਰੇ ਪੈਦਾ ਹੋ ਰਹੀ ਚੇਤਨਾ ਜਿਸ ਲੇਖਕ ਦੀਆਂ ਕਹਾਣੀਆਂ ਵਿਚ ਸਭ ਤੋਂ ਵੱਧ ਯਥਾਰਥਵਾਦੀ ਰੂਪ ਵਿਚ ਪੇਸ਼ ਹੋਈ, ਉਹ ਸੰਤ ਸਿੰਘ ਸੇਖੋਂ ਸੀ, ਜਿਸ ਦੇ 1943 ਵਿਚ ਛਪੇ ਕਹਾਣੀ ਸੰਗ੍ਰਹਿ 'ਸਮਾਚਾਰ' ਵਿਚ 'ਕੀਟਾਂ ਅੰਦਰ ਕੀਟ', 'ਪਤਾਲ ਦਾ ਬੰਦਾ', 'ਆਸ ਦਾ ਜਨਮ' ਵਿਚਾਰਨ ਯੋਗ ਕਹਾਣੀਆਂ ਹਨ। ਇਹ ਕਹਾਣੀਆਂ 1936 ਤੋਂ 1943 ਈ: ਦੇ ਵਿਚਕਾਰ ਲਿਖੀਆਂ ਗਈਆਂ ਹਨ। 'ਕੀਟਾਂ ਅੰਦਰ ਕੀਟ' ਵਿਚ ਸ਼ਹਿਰ ਦਾ ਵਕੀਲ ਨੰਦ ਲਾਲ ਮਹੀਨੇ ਦੀ 30 ਤਾਰੀਖ਼ ਨੂੰ ਕਿਸੇ ਆਦਮੀ ਦੀ ਉਡੀਕ ਵਿਚ ਹੈ ਜੋ ਆਪਣਾ ਮੁਕੱਦਮਾ ਉਸ ਦੇ ਜ਼ਿਮੇ ਲਾ ਕੇ ਉਸ ਦੀ ਮਹੀਨੇ ਦੀ 90 ਰੁਪਏ ਦੀ ਆਮਦਨ

---

37. ਜੋਸ਼ਵਾ ਫ਼ਜ਼ਲਦੀਨ — ਅਦਬੀ ਅਫ਼ਸਾਨੇ (1933)।

38. ਮਾਸਕ ਪੱਤਰ ਪ੍ਰੀਤਮ (ਫ਼ਰਵਰੀ 1939 ਈ.), ਸਫ਼ਾ 33.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ 15 ਕੂ ਰੁਪਏ ਦਾ ਹੋਰ ਵਾਧਾ ਕਰ ਸਕੇ। ਦੂਜੇ ਸ਼ਬਦਾਂ ਵਿਚ ਸ਼ਹਿਰੀ ਮੱਧ-ਵਰਗ ਦਾ ਇਹ ਚਿੱਟ-ਕਪੜੀਆ ਵਕੀਲ ਪੇਂਡੂ ਕਿਰਸਾਣਾਂ ਦੀ ਆਮਦਨ ਲੁਟ ਕੇ ਆਪਣੀ ਖ਼ੁਸ਼ਹਾਲੀ ਵਿਚ ਵਾਧਾ ਕਰਨਾ ਚਾਹੁੰਦਾ ਹੈ। ਉਸ ਦੀ ਆਸ ਪੂਰੀ ਹੋ ਜਾਂਦੀ ਹੈ ਜਦੋਂ ਨੰਬਰਦਾਰ ਤੇਜਾ ਸਿੰਘ ਪਿੰਡ ਦੇ ਇਕ ਕਿਸਾਨ ਦੁੱਲੇ ਨੂੰ ਨਾਲ ਲੈ ਕੇ ਆ ਜਾਂਦਾ ਹੈ। ਦੁੱਲੇ ਦਾ ਪਿੰਡ ਦੇ 'ਸ਼ਾਹ' ਨਿਹਾਲੇ ਨਾਲ ਝਗੜਾ ਹੈ। ਦੁੱਲਾ ਥੋੜ੍ਹਾ ਥੋੜ੍ਹਾ ਕਰ ਕੇ ਨਿਹਾਲੇ ਸ਼ਾਹ ਤੋਂ ਕਰਜ਼ਾ ਲੈਂਦਾ ਰਿਹਾ ਹੈ, ਤੇ ਫੇਰ ਕਾਫ਼ੀ ਵੱਡੀ ਰਕਮ ਬਣ ਗਈ ਦੇਖ ਕੇ ਨਿਹਾਲੇ ਸ਼ਾਹ ਨੇ ਕਰਜ਼ੇ ਦੇ ਬਦਲੇ ਦੁੱਲੇ ਦੀ ਜ਼ਮੀਨ ਲੈਣ ਲਈ ਮੁਕੱਦਮਾ ਕਰ ਦਿੱਤਾ ਹੈ। ਹੁਣ ਉਹ ਇਸ ਮੁਕੱਦਮੇ ਵਿਚੋਂ ਬਚਣਾ ਚਾਹੁੰਦਾ ਹੈ। ਦੁੱਲੇ ਨੇ ਪਿੰਡ ਵਿਚ ਆਪਣੇ ਨਾਲ ਖੇਤੀ ਦੇ ਕੰਮ ਕਰਵਾਉਂਦੇ ਹਰੀਜਨ ਕਾਮੇ ਰਲੇ ਨੂੰ ਦੋ ਸੌ ਰੁਪਏ ਉਧਾਰ ਦਿੱਤੇ ਹੋਏ ਸਨ। ਗ਼ਰੀਬ ਰਲੇ ਤੋਂ ਉਧਾਰ ਮੋੜਿਆ ਨਾ ਗਿਆ, ਜਿਸ ਦੇ ਬਦਲੇ ਵਿਚ ਰਲਾ, ਉਸ ਦਾ ਬਾਰ੍ਹਾਂ ਸਾਲਾਂ ਦਾ ਮੁੰਡਾ ਤੇ ਪਤਨੀ ਦੁੱਲੇ ਦੇ ਖੇਤਾਂ ਵਿਚ ਦਿਨ ਰਾਤ ਹੱਡ ਭੰਨ ਕੇ ਮਿਹਨਤ ਕਰਦੇ ਹਨ। ਲੇਖਕ ਮਾਰਕਸ ਦਾ ਇਹ ਸਿਧਾਂਤ ਸਿੱਧ ਕਰਦਾ ਹੈ ਕਿ ਸ਼੍ਰੇਣੀ-ਸਮਾਜ ਵਿਚ ਧਨੀ ਸ਼੍ਰੇਣੀ ਗ਼ਰੀਬ ਸ਼੍ਰੇਣੀਆਂ ਨੂੰ ਲੁੱਟ ਕੇ ਖਾਂਦੀ ਹੈ।

'ਪਾਤਾਲ ਦਾ ਬੰਦਾ' ਅਤੇ 'ਆਸ ਦਾ ਜਨਮ' ਕਹਾਣੀਆਂ 1935-40 ਦੇ ਦਰਮਿਆਨ ਭਾਰਤੀ ਰਾਜਨੀਤੀ ਵਿਚ ਪੈਦਾ ਹੋਏ ਟਕਰਾਉਂਦੇ ਵਿਚਾਰਾਂ ਦਾ ਵਰਨਣ ਹੈ। ਰਾਸ਼ਟਰੀ ਰਾਜਨੀਤੀ ਵਿਚ ਜੋ ਲੋਕ ਸਮਾਜਵਾਦੀ ਜਾਂ ਕਮਿਊਨਿਸਟ ਨਹੀਂ ਸਨ, ਉਹ ਤਾਂ ਕਹਿੰਦੇ ਸਨ ਕਿ ਸਾਰੇ ਭਾਰਤੀਆਂ ਨੂੰ ਇਕ-ਮੁਠ ਹੋ ਕੇ ਸੁਤੰਤਰਤਾ ਸੰਗਰਾਮ ਚਲਾਉਣਾ ਚਾਹੀਦਾ ਹੈ, ਪਰ ਸਮਾਜਵਾਦੀ ਕਾਰਕੁਨ ਕਹਿੰਦੇ ਸਨ ਕਿ ਸਿਰਫ਼ ਸੁਤੰਤਰਤਾ ਲਈ ਹੀ ਨਹੀਂ ਲੜਨਾ ਚਾਹੀਦਾ ਸਗੋਂ ਮਜ਼ਦੂਰਾਂ ਅਤੇ ਕਿਸਾਨਾਂ ਦੀ ਹਕੂਮਤ ਕਾਇਮ ਕਰਨ ਲਈ ਵੀ ਲੜਨਾ ਚਾਹੀਦਾ ਹੈ।[39]

'ਪਾਤਾਲ ਦਾ ਬੰਦਾ' ਵਿਚ ਇਕ ਅਮਰੀਕੀ ਗੋਰਾ ਅਤੇ ਇਕ ਭਾਰਤੀ ਕਿਸਾਨ-ਸਭਾ ਸੰਗਠਤ ਕਰਦੇ ਹਨ। ਇਕ ਪਿੰਡ ਵਿਚ ਕਿਸਾਨ ਕਾਨਫ਼ਰੰਸ ਵੀ ਕਰਦੇ ਹਨ, ਜਿਸ ਨੂੰ ਦੇਖ ਕੇ ਅੰਗਰੇਜ਼ੀ ਸਰਕਾਰ ਦੀ ਪੁਲੀਸ ਇਨ੍ਹਾਂ ਵਿਰੁਧ ਕਾਰਵਾਈ ਕਰਦੀ ਹੈ। 'ਆਸ ਦਾ ਜਨਮ' ਵਿਚ 1937-38 ਦੀਆਂ ਚੋਣਾਂ ਦੌਰਾਨ ਕਿਸਾਨ-ਸਭਾ ਵਲੋਂ ਉਮੀਦਵਾਰ ਖੜੇ ਕੀਤੇ ਗਏ ਹਨ, ਜੋ ਵੱਡੇ ਸਰਦਾਰਾਂ ਦਾ ਮੁਕਾਬਲਾ ਕਰਦੇ ਹਨ। "ਹੁਣ ਸਭੇ

---

39. "ਜੇ ਤਾਂ ਲੇਖਕ ਦਾ ਸੰਦੇਸ਼ ਵਰਤਮਾਨ ਸ਼੍ਰੇਣੀ ਸਮਾਜ ਨੂੰ ਜਿਵੇਂ ਦਾ ਤਿਵੇਂ ਹੀ ਰੱਖਣ ਜਾਂ ਇਸ ਵਿਚ ਮਾਮੂਲੀ ਜਿਹੇ ਗਾਂਢੇ ਤੋਪੇ ਲਾ ਕੇ ਠੀਕ ਠਾਕ ਕਰਨ ਦਾ ਹੈ, ਤਾਂ ਉਹ ਪਿੱਛਾਂਹ-ਖਿਚੂ ਲਿਖਾਰੀ ਹੈ, ਪਰ ਜੇ ਉਸ ਦਾ ਸੰਦੇਸ਼ ਇਸ ਸ਼੍ਰੇਣੀ ਸਮਾਜ ਅੰਦਰ ਲੱਗੇ ਹੋਏ ਘੁਣਾਂ ਨੂੰ ਦੱਸਣ, ਇਸ ਦੇ ਹੌਲੀ ਹੌਲੀ ਟੁੱਟਣ ਅਤੇ ਪੁਰਾਣੇ ਸਮਾਜ ਦੀ ਕੁੱਖ ਵਿਚ ਨਵੇਂ ਸਮਾਜ ਦੇ ਪੈਦਾ ਹੋਣ ਦਾ ਹੈ, ਤਾਂ ਉਹ ਅੱਗੇ-ਵਧੂ ਲਿਖਾਰੀ ਹੈ।" — ਸੋਹਨ ਸਿੰਘ ਜੋਸ਼

— ਸਮਾਚਾਰ (ਮੁਖਬੰਧ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖਦੇ ਸਨ ਕਿ ਅੰਗਰੇਜ਼ ਰਾਜਸੀ ਤਾਕਤ ਹਿੰਦੁਸਤਾਨੀ ਜ਼ਿਮੀਦਾਰਾਂ ਤੇ ਸਰਮਾਏਦਾਰਾਂ ਨਾਲ ਵੰਡਣ ਲੱਗਾ ਸੀ; ਡਰਦਾ ਕਿਤੇ ਇਹ ਤਾਕਤ ਕਿਸਾਨਾਂ ਤੇ ਕਿਰਤੀਆਂ ਦੇ ਹੱਥਾਂ ਵਿਚ ਹੀ ਨਾ ਚਲੀ ਜਾਵੇ... ਇਹਨਾਂ ਲਈ ਸੋਸ਼ਲਿਜ਼ਮ ਕਿੱਡੇ ਮਹਾਨ ਭਾਵ ਵਾਲੀ ਗੱਲ ਸੀ। ਉਹ ਭਿਆਨਕ ਸ਼ਕਤੀ ਜੋ ਉਨ੍ਹਾਂ ਦੀ ਕਿਸਮਤ ਬਣ ਕੇ ਚੰਬੜੀ ਸੀ, ਸੋਸ਼ਲਿਜ਼ਮ ਸਾਮ੍ਹਣੇ ਨਾਕਾਰੀ ਹੋ ਜਾਵੇਗੀ। ਸ਼ਾਹੂਕਾਰ ਦੇ ਕਰਜ਼ੇ, ਜ਼ਿਮੀਦਾਰ ਦੀ ਬਟਾਈ, ਹੱਡ ਤੋੜ ਸਰਕਾਰੀ ਹਾਲਾ ਹੁਣ ਨਹੀਂ ਦੇਣੇ ਪੈਣਗੇ। ਹਰ ਇਕ ਕੋਲ ਗੁਜ਼ਾਰੇ ਜੋਗੀ ਭੋਇੰ, ਰਜਵੀਂ ਖਾਧ-ਖ਼ੁਰਾਕ, ਬੱਚਿਆਂ ਦੀ ਪੜ੍ਹਾਈ ਦਾ ਇੰਤਜ਼ਾਮ ਸਰਕਾਰ ਵਲੋਂ ਪੱਕਾ, ਉਨ੍ਹਾਂ ਦੇ ਵਿਆਹ ਵਲੋਂ ਵੀ ਬੇਫ਼ਿਕਰੀ। ਇਹ ਸਭ ਕੁਝ ਸੰਭਵ, ਜੇ ਵੋਟਾਂ ਸੋਸ਼ਲਿਸ਼ਟਾਂ ਨੂੰ ਦਿੱਤੀਆਂ ਜਾਣ।"[40] ਇਉਂ ਲੋਕਾਂ ਨੂੰ ਆਰਥਿਕ ਕਠਨਾਈਆਂ ਦਾ ਹੱਲ ਕਦੇ ਕਦੇ ਸਮਾਜਵਾਦ ਵਿਚ ਵੀ ਦਿੱਸਦਾ ਰਿਹਾ।

ਗਿ: ਹੀਰਾ ਸਿੰਘ ਦਰਦ ਦੀ 1938 ਈ: ਵਿਚ ਛਪੀ 'ਚੋਣਾਂ ਦੀ ਯਾਦ' ਨਾਮ ਦੀ ਕਹਾਣੀ ਦੇਸ਼-ਭਗਤਾਂ ਤੇ ਸਰਮਾਏਦਾਰਾਂ ਦੇ ਫ਼ਰਕ ਪ੍ਰਤੀ ਲੋਕਾਂ ਨੂੰ ਸੁਚੇਤ ਕਰਦੀ ਹੈ। ਚੋਣਾਂ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਪੰਜਾਬ ਅਸੰਬਲੀ ਦੀ ਚੋਣ ਵਿਚ ਤਿੰਨ ਉਮੀਦਵਾਰ ਮੁਕਾਬਲੇ ਉਤੇ ਖੜੇ ਹਨ। "ਇਕ ਖਾਲਸ ਸਰਕਾਰ-ਪੂਜ, ਖ਼ਤਾਬੀਆਂ ਤੇ ਪਿਛ੍ਹਾਂ ਖਿਚੂ, ਦੂਜਾ ਨਕਲੀ ਪੰਥ ਸੇਵਕ ਧਨਾਢ ਜੱਥੇਦਾਰ, ਤੇ ਤੀਜਾ ਗ਼ਰੀਬ ਦੇਸ਼-ਭਗਤ।" ਚੋਣਾਂ ਵਿਚ ਧਨਾਢ ਪੰਥ-ਸੇਵਕ ਧਰਮ ਦੀਆਂ ਕਸਮਾਂ ਖੁਆ ਕੇ ਸਭ ਤੋਂ ਵਧ ਵੋਟਾਂ ਲੈਣ ਵਿਚ ਸਫਲ ਹੋ ਜਾਂਦਾ ਹੈ। ਦਰਬਾਰ ਸਾਹਿਬ ਦੀ ਹਜ਼ੂਰੀ ਵਿਚ ਕੀਤੇ ਪ੍ਰਣ ਦਾ ਬੱਧਾ ਤੇ ਕੁਝ ਜੱਥੇਦਾਰ ਵਲੋਂ ਕੀਤੀ ਮਾਲੀ ਮਦਦ ਕਾਰਨ 'ਮੈਂ' ਪਾਤਰ ਦੇਸ਼-ਭਗਤ ਨੂੰ ਵੋਟ ਨਾ ਪਾ ਸਕਿਆ। ਚੋਣਾਂ ਵਿਚ ਦੇਸ਼-ਭਗਤ ਵਿਰੁਧ ਮਜਬੂਰਨ ਵੋਟਾਂ ਪਵਾ ਕੇ ਉਸ ਨੇ ਆਪਣੀ ਪਤਨੀ ਨੂੰ ਇੱਨਾ ਵੱਡਾ ਸਦਮਾ ਪਹੁੰਚਾਇਆ ਕਿ ਉਸ ਦੀ ਪਤਨੀ ਦੋ ਬੱਚਿਆਂ ਸਮੇਤ ਗੱਡੀ ਹੇਠ ਸਿਰ ਦੇ ਦਿੰਦੀ ਹੈ। ਇਉਂ ਨਾਟਕੀ ਜਿਹੀਆਂ ਘਟਨਾਵਾਂ ਰਾਹੀਂ ਲੇਖਕ ਉਸ ਨੂੰ ਗ਼ਲਤੀ ਦਾ ਅਹਿਸਾਸ ਕਰਾਉਂਦਾ ਹੈ — "ਅਗੋਂ ਤੋਂ ਕੁਝ ਹੋਵੇ, ਮੈਂ ਝੱਲੀ ਚੁਕ, ਸਰਕਾਰਪੂਜ ਜਾਂ ਸਰਮਾਏਦਾਰ ਦੀ ਮਦਦ ਨਹੀਂ ਕਰਾਂਗਾ।"[41]

ਇਉਂ ਹੀ 'ਲਹੂ ਰੰਗੀ ਸਾੜ੍ਹੀ'[42] ਕਹਾਣੀ ਆਜ਼ਾਦੀ ਤੋਂ ਪਹਿਲਾਂ ਚੋਣਾਂ ਵਿਚ ਕਾਂਗਰਸੀ ਉਮੀਦਵਾਰ ਦੀ ਸਰਮਾਏਦਾਰ ਨਾਲ ਟੱਕਰ ਦਿਖਾ ਕੇ ਕਾਂਗਰਸੀਆਂ ਦੀ ਦੇਸ਼-ਭਗਤੀ ਤੇ ਕੁਰਬਾਨੀਆਂ ਦਾ ਪੱਖ ਪੂਰਦੀ ਹੈ। ਕਰਤਾਰ ਸਿੰਘ ਦੁੱਗਲ ਦੇ ਪਹਿਲੇ

---

40. ਸੰਤ ਸਿਘ ਸੇਖੋਂ — ਸਮਾਚਾਰ, ਸਫ਼ਾ 90-91.

41. ਮਾਸਕ ਪੱਤਰ ਫੁਲਵਾੜੀ (ਜੁਲਾਈ 1938 ਈ.), ਸਫ਼ਾ 54.

42. ਕਰਤਾਰ ਸਿੰਘ ਸੂਰੀ — ਪ੍ਰਭਾਤ ਕਿਰਨਾਂ (1946) ਸਫ਼ਾ 69.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਗ੍ਰਹਿ 'ਸਵੇਰ ਸਾਰ' ਦੀ ਕਹਾਣੀ 'ਮਾਰਿਆ ਮੂਜ਼ੀ'[43] ਵਿਚ ਵੀ ਪੰਜਾਬ ਵਿਚ ਹੁਣੇ ਹੁਣੇ ਹੋਈਆਂ ਚੋਣਾਂ ਅਤੇ ਚੋਣਾਂ ਵਿਚ ਖੜੇ ਹੋਏ ਉਮੀਦਵਾਰਾਂ ਦੇ ਆਪਸੀ ਵਿਰੋਧ ਦੀ ਕੌੜੱਤਣ ਦਾ ਵਰਨਣ ਹੈ।

1947 ਈ: ਤੋਂ ਪਹਿਲਾਂ ਲਿਖੀਆਂ ਸੁਜਾਨ ਸਿੰਘ ਦੀਆਂ ਜਿਨ੍ਹਾਂ ਕਹਾਣੀਆਂ ਵਿਚ ਰਾਸ਼ਟਰੀ ਸੁਤੰਤਰਤਾ ਸੰਗਰਾਮ ਵਿਚ ਉਭਰੇ ਆਰਥਕ-ਸਮਾਜਕ ਪ੍ਰਸ਼ਨਾਂ ਦਾ ਜ਼ੋਰ ਨਾਲ ਵਰਨਣ ਹੋਇਆ, 'ਪ੍ਰਾਹੁਣਾ' ਉਨ੍ਹਾਂ ਵਿਚੋਂ ਸਿਰਕੱਢ ਹੈ। ਇਸ ਕਹਾਣੀ ਵਿਚ ਕਮਿਊਨਿਸਟ ਪਾਰਟੀ ਤੋਂ ਪ੍ਰਭਾਵਤ ਨੌਜਵਾਨ ਪਰਮਜੀਤ ਸਿੰਘ, ਜੋ ਆਪ ਸਰਦਾਰ ਮੇਹਰ ਸਿੰਘ ਦਾ ਪੁੱਤਰ ਹੈ, ਇਹ ਮਹਿਸੂਸ ਕਰ ਕੇ ਕਿ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੀ ਸਿੱਖੀ ਉਚ-ਨੀਚ ਤੇ ਧਨੀ-ਨਿਰਧਨ ਦੇ ਫ਼ਰਕ ਦਾ ਵਿਰੋਧ ਕਰਦੀ ਹੈ, ਪਿੰਡਾਂ ਵਿਚ 'ਬਰਾਬਰੀ' ਦਾ ਪ੍ਰਚਾਰ ਕਰ ਰਿਹਾ ਹੈ। ਇਕ ਰਾਤ ਉਹ ਓਪਰੇ ਜਿਹੇ ਪਰਵਾਰ ਦੇ ਘਰ ਚਲਾ ਜਾਂਦਾ ਹੈ। ਇਹ ਇਕ ਗ਼ਰੀਬ ਹਰੀਜਨ ਸਿੱਖ ਦਾ ਘਰ ਹੈ। ਘਰ ਦੇ ਮਾਲਕ ਸੰਤਾ ਸਿੰਘ ਨਾਲ ਗੱਲਾਂ ਕਰਦਿਆਂ ਪਰਮਜੀਤ ਭਾਰਤੀ ਸਮਾਜ ਦੀਆਂ ਗੁੰਝਲਦਾਰ ਸਮੱਸਿਆਵਾਂ ਉਭਾਰਦਾ ਹੈ ਜਿਨ੍ਹਾਂ ਨੂੰ ਉਭਾਰਨ ਲਈ ਕਹਾਣੀ ਲਿਖੀ ਗਈ ਹੈ। ਕਹਾਣੀ ਪਿੰਡ ਵਿਚਲੀ ਜਾਤ-ਬਰਾਦਰੀ ਤੇ ਉਚ-ਨੀਚ ਦੀ ਸਮੱਸਿਆ ਨੂੰ ਚਿਤਰ ਕੇ, ਇਸ ਦੇ ਕਾਰਨ ਪੈਦਾ ਹੋਏ ਤਨਾਓ ਨੂੰ ਸਾਕਾਰ ਕਰਦੀ ਹੈ। ਜ਼ਾਤੀ ਭਿੰਨ ਭੇਦਾਂ ਤੋਂ ਉਪਰ ਉੱਠ ਚੁੱਕੇ ਪਰਮਜੀਤ ਨੂੰ ਜ਼ੈਲਦਾਰ ਦੀ ਮੁਖਬਰੀ ਉਤੇ ਪੁਲੀਸ ਝੂਠੇ ਕੇਸ ਵਿਚ ਫੜ ਲੈਂਦੀ ਹੈ। ਉਸ ਦਾ ਦੋਸ਼ ਹੈ ਕਿ ਉਸ ਨੇ ਜ਼ੈਲਦਾਰ ਨੂੰ 'ਸਾਹਿਬ' ਕਹਿ ਕੇ ਕਿਉਂ ਨਹੀਂ ਬੁਲਾਇਆ ਤੇ ਇਕ ਗ਼ਰੀਬ ਸਿਖ ਨੂੰ 'ਸਿੰਘ' ਕਹਿ ਕੇ ਕਿਉਂ ਬੁਲਾਇਆ ਹੈ। ਕਹਾਣੀ ਵਿਚੋਂ ਇਸ਼ਾਰਾ ਮਿਲਦਾ ਹੈ ਕਿ ਨਵੇਂ ਕ੍ਰਾਂਤੀਕਾਰੀ ਵਿਚਾਰ ਨਵੀਂ ਪੀੜ੍ਹੀ ਨੂੰ ਪ੍ਰਭਾਵਤ ਕਰ ਰਹੇ ਹਨ, ਭਾਵੇਂ ਅੰਗਰੇਜ਼ ਸਰਕਾਰ ਤੇ ਧਨੀ ਸ਼੍ਰੇਣੀਆਂ ਇਨ੍ਹਾਂ ਦਾ ਵਿਰੋਧ ਕਰ ਰਹੀਆਂ ਹਨ।[44]

ਸੁਤੰਤਰਤਾ ਸੰਗਰਾਮ ਤੇ ਪੰਜਾਬੀ ਕਹਾਣੀ

ਬਦੇਸ਼ੀ ਸ਼ਾਸਕਾਂ ਵਿਰੁੱਧ ਕੀਤੇ ਜਾ ਰਹੇ ਰਾਸ਼ਟਰੀ ਸੰਘਰਸ਼ ਦਾ ਸਿੱਧਾ ਤੇ ਸਪੱਸ਼ਟ ਵਰਨਣ ਕਰ ਕੇ ਵੀ ਪੰਜਾਬੀ ਕਹਾਣੀਕਾਰਾਂ ਨੇ ਆਪਣੀ ਦੇਸ਼-ਭਗਤੀ ਤੇ ਨਿਡਰਤਾ ਦਾ ਸਬੂਤ ਦਿੱਤਾ ਹੈ। ਭਾਵੇਂ ਕੌਮੀ ਆਸ਼ੇ ਵਾਲਾ ਅਜਿਹਾ ਸਾਹਿਤ ਅਕਸਰ ਬਦੇਸ਼ੀ ਹਾਕਮਾਂ ਦੀ ਕਰੋਪੀ ਦਾ ਸ਼ਿਕਾਰ ਹੋ ਜਾਂਦਾ ਸੀ, ਫਿਰ ਵੀ ਅਜਿਹੀਆਂ ਕਹਾਣੀਆਂ ਦੀਆਂ ਕਾਫ਼ੀ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਲੇਖਕਾਂ ਨੇ ਇਕ ਪਾਸੇ ਅੰਗਰੇਜ਼ੀ

---

43. ਕਰਤਾਰ ਸਿੰਘ ਦੁੱਗਲ —· ਸਵੇਰ ਸਾਰ (1940), ਸਫ਼ਾ 102.

44. ਨਵੀਂ ਸਾਂਝ — (ਸੰ. ਮਹਿੰਦਰ ਸਿੰਘ), ਸਫ਼ਾ 140.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਕਾਰ ਦੇ ਜ਼ੁਲਮਾਂ ਨੂੰ ਨੰਗਾ ਕਰ ਕੇ ਹੱਕ-ਇਨਸਾਫ਼ ਦੀ ਮੰਗ ਕੀਤੀ, ਦੂਜ ਪਾਸੇ ਅੰਗਰੇਜ਼ਾਂ ਵਿਰੁਧ ਲੜ ਰਹੇ ਦੇਸ਼-ਭਗਤਾਂ ਦੇ ਕਾਰਨਾਮਿਆਂ ਤੇ ਕੁਰਬਾਨੀਆਂ ਨੂੰ ਸ਼ਰਧਾ-ਮਈ ਤੇ ਪ੍ਰਚਾਰਕ ਦ੍ਰਿਸ਼ਟੀ ਤੋਂ ਸਾਕਾਰ ਕਰ ਕੇ ਭਾਰਤੀ ਲੋਕਾਂ ਵਿਚ ਰਾਸ਼ਟਰੀ ਚੇਤਨਾ ਨੂੰ ਉਭਾਰਿਆ ।

ਪੰਜਾਬ ਵਿਚ ਰਾਸ਼ਟਰਵਾਦੀ ਲਹਿਰ ਦੇ ਉਭਾਰ ਦਾ ਮੁੱਢਲਾ ਸਮਾਂ ਇਸ ਸਦੀ ਦਾ ਦੂਸਰਾ ਤੇ ਤੀਸਰਾ ਦਹਾਕਾ ਸੀ। ਇਨ੍ਹਾਂ ਦੋ ਦਹਾਕਿਆਂ ਵਿਚ ਪੰਜਾਬ ਵਿਚ ਗ਼ਦਰ ਲਹਿਰ ਚਲੀ, ਅਕਾਲੀ ਮੋਰਚੇ ਲੱਗੇ, ਬੱਬਰ ਲਹਿਰ ਸਾਹਮਣੇ ਆਈ ਤੇ ਦੇਸ਼-ਵਿਆਪੀ ਕਾਂਗਰਸੀ ਲਹਿਰ ਦਾ ਵੀ ਜ਼ੋਰ ਰਿਹਾ । ਪੰਜਾਬੀ ਕਹਾਣੀ ਵਿਚ ਇਨ੍ਹਾਂ ਲੱਗ ਭੱਗ ਸਭ ਲਹਿਰਾਂ ਦਾ ਚਿਤਰਣ ਲੱਭਦਾ ਹੈ ।

ਪੰਜਾਬ ਦੀ 1914-15 ਦੀ ਗ਼ਦਰ ਲਹਿਰ ਸੁਤੰਤਰਤਾ ਸੰਗਰਾਮ ਦਾ ਇਕ ਮਹੱਤਵਪੂਰਨ ਕਾਂਡ ਸੀ। ਬਦੇਸ਼ੀਂ ਵਸੇ ਭਾਰਤੀਆਂ ਨੇ, ਖ਼ਾਸ ਤੌਰ 'ਤੇ ਪੰਜਾਬੀਆਂ ਨੇ, ਭਾਰਤ ਮਾਂ ਨੂੰ ਆਜ਼ਾਦ ਕਰਾਉਣ ਲਈ ਹਥਿਆਰਬੰਦ ਗ਼ਦਰ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਮੁਖ਼ਬਰਾਂ ਦੀ ਮਦਦ ਨਾਲ ਚੇਤੰਨ ਹੋਈ ਸਰਕਾਰ ਨੇ ਕਾਫ਼ੀ ਸਾਰੇ ਗ਼ਦਰੀਆਂ ਨੂੰ ਮੌਕੇ ਸਿਰ ਹੀ ਕਾਬੂ ਕਰ ਲਿਆ। ਇਨ੍ਹਾਂ ਗ਼ਦਰੀਆਂ ਨੂੰ ਦਬਾਉਣ ਜਾਂ ਖ਼ਤਮ ਕਰਨ ਲਈ ਵਿਸ਼ੇਸ਼ ਅਦਾਲਤਾਂ ਬਣਾ ਕੇ ਕੇਸ ਚਲਾਏ ਗਏ। ਇਤਿਹਾਸ ਵਿਚ ਇਨ੍ਹਾਂ ਕੇਸਾਂ ਨੂੰ "ਲਾਹੌਰ ਸਾਜ਼ਸ਼ ਕੇਸ" ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ । ਇਹ ਕੇਸ ਕੁਝ ਝੂਠੇ ਗਵਾਹਾਂ ਅਤੇ ਕੁਝ ਵਹਿਦਾ-ਮੁਆਫ਼ ਸਰਕਾਰੀ ਗਵਾਹ ਬਣ ਚੁੱਕੇ ਇਨਕਲਾਬੀਆਂ ਦੀ ਮਦਦ ਨਾਲ ਚਲਾਏ ਗਏ। ਅਜਿਹਾ ਪਹਿਲਾ ਮੁਕੱਦਮਾ ਅਪ੍ਰੈਲ 1915 ਨੂੰ 82 ਗ਼ਦਰੀਆਂ ਉਤੇ ਲਾਹੌਰ ਵਿਚ ਚਲਾਇਆ ਗਿਆ ਜਿਸ ਦੇ ਨਤੀਜੇ ਵਜੋਂ ਬਹੁਤ ਸਾਰੇ ਗ਼ਦਰੀਆਂ ਨੂੰ ਫਾਂਸੀ, ਉਮਰ-ਕੈਦ ਅਤੇ ਦੇਸ਼-ਨਿਕਾਲੇ ਦੀਆਂ ਸਜ਼ਾਵਾਂ ਮਿਲੀਆਂ।[45] ਅਜਿਹੇ ਕਈ ਹੋਰ ਕੇਸ ਲਾਹੌਰ ਵਿਚ ਗ਼ਦਾਰਾਂ ਦੀ ਮਦਦ ਨਾਲ ਇਨਕਲਾਬੀਆਂ 'ਤੇ ਚਲਾਏ ਗਏ।

ਗ਼ਦਰੀ ਦੇਸ਼-ਭਗਤਾਂ ਵਿਰੁਧ ਗਵਾਹੀਆਂ ਦੇਣ ਵਾਲੇ ਭਾਰਤੀਆਂ ਨੂੰ ਚੇਤੰਨ ਕਰਨ ਵਾਲੀ ਇਕ ਕਹਾਣੀ '1915 ਦੀ ਗੂੰਜ' ਲੱਭਦੀ ਹੈ । ਪ੍ਰਸਿੱਧ ਦੇਸ਼-ਭਗਤ ਮੁਣਸ਼ਾ ਸਿੰਘ ਦੁੱਖੀ ਦੀ ਇਹ ਰਚਨਾ 1915 ਈ: ਦੇ ਲਾਹੌਰ ਸਾਜ਼ਸ਼ ਕੇਸ ਵਿਚ ਫਸਾਏ ਗਏ ਇਕ ਨਿਰਦੋਸ਼ ਸਕੂਲੀ ਬੱਚੇ ਦੀ ਤੇ ਉਸ ਦੀ ਮਾਂ ਦੀ ਦੇਸ਼-ਭਗਤੀ ਨੂੰ ਆਦਰਸ਼ਵਾਦੀ ਢੰਗ ਨਾਲ ਸਾਕਾਰ ਕਰਦੀ ਹੈ। ਕੇਵਲ 12 ਸਾਲ ਦੀ ਉਮਰ ਦੇ ਇਕ ਬੱਚੇ ਨੂੰ ਜਦੋਂ ਪੁਲੀਸ ਮਾਰ ਕੁਟ ਕੇ ਗ਼ਦਰੀਆਂ ਦੇ ਖ਼ਿਲਾਫ਼ ਵਾਅਦਾ-ਮੁਆਫ਼ ਗਵਾਹ ਬਣਾ ਲੈਂਦੀ ਹੈ, ਤਾਂ ਉਸ ਦੀ ਬਹਾਦਰ ਤੇ ਅਣਖੀਲੀ ਮਾਂ ਆਪਣੇ ਬੱਚੇ ਦੀ ਹਰਕਤ 'ਤੇ ਸ਼ਰਮਸਾਰ ਹੁੰਦੀ ਹੈ। ਮਾਂ ਨੂੰ ਸਿੱਖ ਸ਼ਹੀਦਾਂ ਦੀਆਂ ਕੁਰਬਾਨੀਆਂ 'ਤੇ ਸਦਾ ਮਾਣ ਰਿਹਾ ਹੈ। ਬੱਚੇ ਨੂੰ ਧਰਮ ਤੋਂ ਡੋਲਦਾ ਦੇਖ ਕੇ ਉਹ

---

45. ਗੁਰਚਰਨ ਸਿੰਘ ਸਹਿੰਸਰਾ — ਗ਼ਦਰ ਪਾਰਟੀ ਦਾ ਇਤਿਹਾਸ (1969), ਸਫ਼ਾ 217.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇਲ੍ਹ ਵਿਚ ਕਿਸੇ ਬਹਾਨੇ ਨਾਲ ਬੱਚੇ ਨੂੰ ਮਿਲਣ ਜਾਂਦੀ ਹੈ ਤੇ ਬੱਚੇ ਨੂੰ ਗਵਾਹੀ ਨਾ ਦੇਣ ਲਈ ਮੁੜ ਦ੍ਰਿੜ੍ਹ ਕਰ ਆਉਂਦੀ ਹੈ । "ਮੁੜ ਅਜੇਹਾ ਧਰਮ 'ਤੇ ਦ੍ਰਿੜ ਹੋਇਆ ਜੋ ਪੁਲਸ ਵਾਹ ਲਾ ਥੱਕੀ, ਨਾ ਹੀ ਡੋਲਿਆ ਅਤੇ ਕੌਮ ਤੇ ਮੁਲਕ ਲਈ ਕੈਦ ਹੋ ਕੇ ਦੇਸ਼-ਭਗਤਾਂ ਦੀ ਲਿਸਟ ਵਿਚ ਸ਼ਾਮਲ ਹੋ ਸਦਾ ਲਈ ਯਾਦ ਕਾਇਮ ਕਰ ਗਿਆ ।"[46]

ਦਿਨੋ ਦਿਨ ਵੱਧ ਰਹੀਆਂ ਇਨਕਲਾਬੀ ਸਰਗਰਮੀਆਂ ਨੂੰ ਦੇਖ ਕੇ ਜਦੋਂ ਮਾਰਚ 1919 ਈ: ਵਿਚ ਅੰਗਰੇਜ਼ ਸਰਕਾਰ ਨੇ ਰੌਲਿਟ ਐਕਟ ਪਾਸ ਕਰ ਕੇ ਬਿਨਾਂ ਮੁਕੱਦਮਾ ਚਲਾਏ ਭਾਰਤੀਆਂ ਨੂੰ ਕੈਦ ਕਰ ਸਕਣ ਦਾ ਅਧਿਕਾਰ ਹਾਸਲ ਕਰ ਲਿਆ, ਤਾਂ ਇਸ ਦੇ ਰੋਸ ਵਜੋਂ ਗਾਂਧੀ ਜੀ ਦੀ ਅਗਵਾਈ ਵਿਚ ਭਾਰਤੀਆਂ ਵਲੋਂ ਹੜਤਾਲਾਂ ਮੁਜ਼ਾਹਰੇ ਸਮੁੱਚੇ ਦੇਸ਼ ਵਿਚ ਹੋਏ । ਇਸ ਸੰਬੰਧ ਵਿਚ ਅੰਮ੍ਰਿਤਸਰ ਵਿਚ ਵੀ ਹੜਤਾਲ ਹੋਈ। ਦੋ ਕਾਂਗਰਸੀ ਲੀਡਰਾਂ ਡਾ: ਕਿਚਲੂ ਤੇ ਡਾ: ਸਤਿਆਪਾਲ ਨੂੰ ਗ੍ਰਿਫ਼ਤਾਰ ਕਰ ਕੇ ਜਲਾਵਤਨੀ ਦੀ ਸਜ਼ਾ ਦੇ ਦਿੱਤੀ ਗਈ । ਇਸ ਨੇ ਅੰਮ੍ਰਿਤਸਰ ਸ਼ਹਿਰ ਵਿਚ ਤਨਾਓ ਪੈਦਾ ਕਰ ਦਿੱਤਾ ਅਤੇ ਕਈ ਹਿੰਸਾਤਮਕ ਘਟਨਾਵਾਂ ਵੀ ਵਾਪਰੀਆਂ । ਅਪ੍ਰੈਲ 1919 ਦੀ ਵਿਸਾਖੀ ਨੂੰ ਆਪਣੇ ਲੀਡਰਾਂ ਦੀ ਰਿਹਾਈ ਦੀ ਮੰਗ ਕਰਨ ਲਈ ਇਕ ਵੱਡਾ ਜਲਸਾ ਹੋਇਆ ਜਿਸ ਵਿਚ ਦਸ ਹਜ਼ਾਰ ਤੋਂ ਵੱਧ ਔਰਤਾਂ ਮਰਦਾਂ ਨੇ ਭਾਗ ਲਿਆ ।[47] ਇਸ ਤਨਾਓ ਭਰੀ ਸਥਿਤੀ ਵਿਚ ਜਰਨਲ ਡਾਇਰ ਨੇ ਸਿਪਾਹੀਆਂ ਦੀ ਧਾੜ ਲੈ ਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਉਦੋਂ ਤੱਕ ਚਲਦੀਆਂ ਰਹੀਆਂ, ਜਦੋਂ ਤੱਕ ਗੋਲੀਆਂ ਮੁੱਕ ਨਹੀਂ ਗਈਆਂ । ਨਤੀਜੇ ਵਜੋਂ ਦੋ ਹਜ਼ਾਰ ਦੇ ਕਰੀਬ ਲੋਕ ਮਾਰੇ ਗਏ ਅਤੇ ਜ਼ਖ਼ਮੀ ਹੋਏ । ਆਜ਼ਾਦੀ ਸੰਗਰਾਮ ਦੇ ਇਤਿਹਾਸ ਵਿਚ ਇਹ ਮਹਾਨ ਸਾਕਾ ਇਕ ਮੀਲ-ਪੱਥਰ ਸਿਧ ਹੋਇਆ । ਅਸਲੀ ਰੂਪ ਵਿਚ ਸੁਤੰਤਰਤਾ ਸੰਗਰਾਮ ਹੁਣ ਸ਼ੁਰੂ ਹੋਇਆ । ਇਸ ਗੋਲੀ ਕਾਂਡ ਨੇ ਉਹ ਰਾਸ਼ਟਰੀ ਚੇਤਨਾ ਪੈਦਾ ਕੀਤੀ, ਜੋ ਇਸ ਤੋਂ ਪਹਿਲਾਂ ਨਹੀਂ ਸੀ । ਪੰਜਾਬ ਵਿਚ 1920 ਈ: ਤੋਂ ਐਹੋ ਜਿਹਾ ਜਨਤਕ ਉਭਾਰ ਪੈਦਾ ਹੋਇਆ, ਜਿਸ ਨੇ ਪਹਿਲਾਂ ਪੰਜਾਬੀ ਪੱਤਰਕਾਰੀ ਵਿਚ ਤੇ ਫੇਰ ਪੰਜਾਬੀ ਸਾਹਿਤਕਾਰੀ ਵਿਚ ਨਵੀਆਂ ਸ਼ਕਤੀਆਂ ਤੇ ਪ੍ਰਵਿਰਤੀਆਂ ਪੈਦਾ ਕਰ ਦਿੱਤੀਆਂ । ਨਤੀਜੇ ਵਜੋਂ ਲੋਕ-ਚੇਤਨਾ ਨੂੰ ਟੁੰਬਣ ਵਾਲੀਆਂ ਕੁਝ ਦਰਦਨਾਕ ਪੰਜਾਬੀ ਕਹਾਣੀਆਂ ਵੀ ਸਿਰਜੀਆਂ ਗਈਆਂ ।

ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਨੂੰ ਰਾਸ਼ਟਰੀ ਨੁਕਤੇ ਤੋਂ ਸਾਕਾਰ ਕਰਨ ਵਾਲੀ ਇਕ ਕਹਾਣੀ 'ਮਾਂ ਦੀ ਮਮਤਾ' ਨਾਮ ਹੇਠ 1926 ਈ: ਵਿਚ ਪ੍ਰਕਾਸ਼ਤ ਹੋਈ ।[48] ਪ੍ਰਸਿੱਧ ਕੌਮੀ ਲੀਡਰ ਡਾ: ਸਤਿਆਪਾਲ ਦੀ ਇਹ ਰਚਨਾ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਅਤੇ

---

46. ਮਾਸਕ ਪੱਤਰ ਫੁਲਵਾੜੀ (ਵੈਸਾਖ 1982 ਸੰ.), ਸਫ਼ਾ 27.

47. ਗੰਡਾ ਸਿੰਘ (ਸੰ.) — ਪੰਜਾਬ, ਸਫ਼ਾ 215.

48. ਮਾਸਕ ਪੱਤਰ ਫੁਲਵਾੜੀ (ਵੈਸਾਖੀ ਨੰਬਰ, 1983 ਸੰ.), ਸਫ਼ਾ 448.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਤੋਂ ਪਹਿਲਾਂ ਦੇ ਗੰਭੀਰ ਹਾਲਾਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਾਕਾਰ ਕਰਦੀ ਹੈ। ਕਹਾਣੀ ਦੀ ਮੁਖ ਪਾਤਰ ਇਕ ਬਜ਼ੁਰਗ ਔਰਤ ਹੈ, ਜਿਸ ਦਾ ਪੁੱਤਰ 1919 ਦੀ ਵਿਸਾਖੀ ਦੇਖਣ ਗਿਆ ਜਲ੍ਹਿਆਂ ਵਾਲੇ ਬਾਗ਼ ਵਿਚ ਜਲਸਾ ਦੇਖਣ ਵੀ ਚਲਾ ਜਾਂਦਾ ਹੈ ਤੇ ਫਿਰ ਵਾਪਸ ਨਹੀਂ ਆਉਂਦਾ। ਮਾਈ ਪੁੱਤਰ ਦੀ ਤਲਾਸ਼ ਵਿਚ ਗਲੀਆਂ ਵਿਚ ਪਾਗ਼ਲਾਂ ਵਾਂਗ ਫਿਰਦੀ ਹੈ ਅਤੇ ਜਲ੍ਹਿਆਂ ਵਾਲੇ ਬਾਗ ਦੀਆਂ ਅਣ-ਗਿਣਤ ਲੋਥਾਂ ਵਿਚ ਬੇਅਰਥ ਤਲਾਸ਼ ਕਰਨ ਬਾਅਦ ਅਗਲੀ ਸਵੇਰ ਤੱਕ ਪੁੱਤਰ ਦੇ ਸਦਮੇ ਨਾਲ ਹੀ ਮਰ ਜਾਂਦੀ ਹੈ। ਸਵੇਰ ਵੇਲੇ ਜਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦਾਂ ਨਾਲ ਉਸ ਦਾ ਸਸਕਾਰ ਵੀ ਕਰ ਦਿੱਤਾ ਜਾਂਦਾ ਹੈ। ਕਹਾਣੀ ਦੇ ਪਿਛੋਕੜ ਵਿਚ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਤੋਂ ਪਹਿਲਾਂ ਦੀ ਸਥਿਤੀ ਦਾ ਬਿਓਰਾ ਵੀ ਮਿਲਦਾ ਹੈ। ਕਹਾਣੀ ਵਿਚੋਂ ਪਤਾ ਚਲਦਾ ਹੈ ਕਿ ਸਾਕੇ ਤੋਂ ਪਹਿਲਾਂ 1919 ਦੇ ਰਾਮ ਨੌਮੀ ਤਿਓਹਾਰ ਸਮੇਂ ਹਿੰਦੂਆਂ ਮੁਸਲਮਾਨਾਂ ਨੇ ਇਕੋ ਕਟੋਰੇ ਵਿਚੋਂ ਪਾਣੀ ਪੀ ਕੇ ਅਤੇ ਸਾਂਝਾ ਜਲੂਸ ਕੱਢ ਕੇ ਰਾਸ਼ਟਰੀ ਏਕਤਾ ਦਾ ਸਬੂਤ ਦਿੱਤਾ ਸੀ। ਇਸ ਦੇ ਬਿਨਾਂ ਸਾਕੇ ਦੇ ਪਿਛੋਕੜ ਵਿਚ ਦੋ ਦਿਨ ਪਹਿਲਾਂ ਕੁਝ ਅੰਗਰੇਜ਼ਾਂ ਤੇ ਹਿੰਦੁਸਤਾਨੀਆਂ ਦੇ ਮਾਰੇ ਜਾਣ ਦਾ ਵੀ ਜ਼ਿਕਰ ਕਹਾਣੀ ਵਿਚ ਆਇਆ ਹੈ। ਪੁੱਤਰ ਦੀ ਤਲਾਸ਼ ਵਿਚ ਨਿਕਲੀ ਮਾਈ ਲੇਖਕ ਨੂੰ ਮਿਲਦੀ ਹੈ ਅਤੇ ਜਲ੍ਹਿਆਂ ਵਾਲੇ ਬਾਗ਼ ਅੰਦਰਲੀ ਸਥਿਤੀ ਦਾ ਵੇਰਵਾ ਇਨ੍ਹਾਂ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਦਿੰਦੀ ਹੈ :—

> "ਮੈਂ ਓਥੇ ਜਾ ਕੇ ਡਿੱਠਾ। ਸੱਚਮੁੱਚ ਧਰਤੀ ਲਹੂ-ਲੁਹਾਨ। ਲੋਥਾਂ ਉਪਰ ਲੋਥਾਂ ਚੜ੍ਹੀਆਂ ਹੋਈਆਂ ਹਨ। ਕਿਸੇ ਦੇ ਸੀਨੇ ਵਿਚੋਂ ਗੋਲੀ ਪਾਰ ਹੋ ਗਈ ਹੈ। ਕਿਸੇ ਦੀ ਬਾਂਹ ਉੱਡ ਗਈ ਹੈ, ਕਿਸੇ ਦੀ ਖੋਪਰੀ ਟੁੱਟੀ ਪਈ ਹੈ। ਉਨ੍ਹਾਂ ਦੀਆਂ ਸ਼ਕਲਾਂ ਅਜੇਹੀਆਂ ਭਿਆਨਕ ਹਨ ਕਿ ਦੇਖ ਕੇ ਡਰ ਆਉਂਦਾ ਹੈ। ਕਈ ਸਿਸਕ ਰਹੇ ਹਨ। ਕਈ ਤੜਫ ਰਹੇ ਹਨ।..... ਮੈਂ ਸੁਣਿਆਂ ਕਿ ਅੱਧੀ ਰਾਤ ਤੱਕ ਇਥੇ ਸ਼ੋਰ ਮਚਿਆ ਰਿਹਾ ਸੀ — ਹਾਏ ਪਾਣੀ। ਹਾਏ ਪਾਣੀ। ਦੀਆਂ ਆਵਾਜ਼ਾਂ ਆ ਰਹੀਆਂ ਸਨ ਪਰ ਪਾਣੀ ਦਾ ਘੁੱਟ ਵੀ ਕਿਸੇ ਨੂੰ ਕਿਧਰੋਂ ਪ੍ਰਾਪਤ ਨਹੀਂ ਹੋਇਆ। ਸ਼ੋਕ। ਹਾਏ ਸ਼ੋਕ। ਇਹ ਕੀ ਭਾਣਾ ਵਰਤ ਗਿਆ।"[49]

ਭਾਈ ਧਨੀ ਰਾਮ (ਲਾਲਾ ਧਨੀ ਰਾਮ ਚਾਤ੍ਰਿਕ) ਨੇ ਵੀ 1925 ਈ: ਵਿਚ 'ਦੁੱਖਾਂ ਦੇ ਦਿਹਾੜੇ' ਨਾਮ ਦੀ ਕਹਾਣੀ ਲਿਖੀ ਜੋ 1919 ਦੀ ਵਿਸਾਖੀ ਤੋਂ ਬਾਅਦ ਲਗਾਏ ਗਏ ਮਾਰਸ਼ਲ-ਲਾਅ ਦੇ ਦਿਨਾਂ ਵਿਚ ਫੜੇ ਗਏ ਇਕ ਨਿਰਦੋਸ਼ ਭਾਰਤੀ ਪ੍ਰੀਵਾਰ ਦੀ ਦੁਖਾਂਤ ਭਰੀ ਸਥਿਤੀ ਨੂੰ ਸਾਕਾਰ ਕਰਦੀ ਹੈ। ਕਹਾਣੀ ਦੇ ਪਿਛੋਕੜ ਵਿਚ ਉਸ ਸਮੇਂ ਦੇ ਗੰਭੀਰ ਹਾਲਾਤ ਨੂੰ ਭਾਵਪੂਰਤ ਢੰਗ ਨਾਲ ਸਾਕਾਰ ਕਰਦਾ ਹੋਇਆ ਲੇਖਕ

---

49. ਮਾਸਕ ਪੱਤਰ ਫੁਲਵਾੜੀ (ਵੈਸਾਖੀ ਨੰਬਰ, 1983 ਸੰ.), ਸਫ਼ਾ 455.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੱਸਦਾ ਹੈ :—

"ਅੰਮ੍ਰਿਤਸਰ ਦੀ 1919 ਦੀ ਵਿਸਾਖੀ ਸਾਰੇ ਸੰਸਾਰੀਆਂ ਦੇ ਸੀਨਿਆਂ ਵਿਚ ਉਕਰੀ ਪਈ ਹੈ। ਇਸ ਦੀ ਨਿਸ਼ਾਨੀ ਜਲ੍ਹਿਆਂ ਵਾਲੇ ਬਾਗ਼ ਦਾ ਨਾਮ ਲੈਂਦਿਆਂ ਹੀ ਡਾਇਰ ਦਾ ਕਤਲਾਮ, ਮਾਰਸ਼ਲ-ਲਾਅ ਦੇ ਤਸੀਹੇ, ਢਿੱਡ ਭਾਰ ਚੱਲਣ ਦੀ ਬੇਪੱਤੀ, ਲੋਕਾਂ ਦੀ ਫੜੋ-ਫੜੀ, ਪੁਲਸ ਦੀ ਨਾਦਰਸ਼ਾਹੀ, ਪਰਜਾ ਦੀ ਹਫੜਾ-ਦਫੜੀ, ਵਿਧਵਾਵਾਂ ਤੇ ਅਨਾਥਾਂ ਦੀ ਹਾਹਾਕਾਰ, ਪੰਜਾਬ ਦੀ ਬਿਪਤਾ, ਸਾਰੇ ਭਾਰਤ ਵਰਸ਼ ਦੀ ਬੇਚੈਨੀ, ਲੀਡਰਾਂ ਦੀ ਭੱਜ ਦੌੜ, ਫੌਜੀ ਅਦਾਲਤਾਂ ਦੇ ਫਤਵੇ ਆਦਿ ਸਾਰੀਆਂ ਘਟਨਾਵਾਂ ਇਕ ਪਲਕ ਵਿਚ ਅੱਖਾਂ ਦੇ ਸਾਮ੍ਹਣੇ ਆ ਖਲੋਂਦੀਆਂ ਹਨ।[50]

ਅੰਗਰੇਜ਼ ਸਰਕਾਰ ਨੇ ਗ਼ਦਰ ਦੇ ਅਸਫਲ ਹੋਣ ਤੋਂ ਬਾਅਦ, ਗ਼ਦਰੀਆਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਅਤੇ ਜਲ੍ਹਿਆਂ ਵਾਲੇ ਬਾਗ਼ ਵਿਚ ਤਸ਼ੱਦਦ ਕਰ ਕੇ, ਲੋਕਾਂ ਨੂੰ ਡਰਾਉਣ ਅਤੇ ਦਬਾਉਣ ਦਾ ਯਤਨ ਕੀਤਾ। ਪਰ ਅੰਨ੍ਹਾ ਜ਼ੁਲਮ ਦੇਸ਼-ਭਗਤਾਂ ਨੂੰ ਦਬਾ ਨਾ ਸਕਿਆ। ਦੇਸ਼-ਭਗਤਾਂ ਦੇ ਹੌਸਲੇ ਉੱਚੇ ਰੱਖਣ ਲਈ ਕਹਾਣੀਕਾਰਾਂ ਨੇ ਵੀ ਯਤਨ ਕੀਤੇ। ਇਸ ਦੀ ਮਿਸਾਲ ਭਾਈ ਸੁਤੰਤਰ ਸਿੰਘ ਦੀ ਕਹਾਣੀ 'ਸ਼ਹੀਦ ਦਾ ਵਾਰਸ' ਹੈ ਜਿਸ ਦੇ ਮੁਖ ਪਾਤਰ ਦਰਸ਼ਨ ਨੂੰ ਆਪਣੇ ਦੇਸ਼-ਭਗਤ ਪਿਤਾ ਤੋਂ ਆਜ਼ਾਦੀ ਦੀ ਗੁੜ੍ਹਤੀ ਹੀ ਮਿਲੀ ਹੈ। ਉਸ ਦਾ ਪਿਤਾ ਉਨ੍ਹਾਂ ਗ਼ਦਰੀਆਂ ਵਿਚੋਂ ਸੀ, ਜੋ ਦੇਸ਼ ਆਜ਼ਾਦ ਕਰਾਉਣ ਲਈ ਅਮਰੀਕਾ ਤੋਂ ਆਏ ਸਨ। ਉਨ੍ਹਾਂ ਨੇ ਵਿਸ਼ਵ-ਯੁੱਧ ਦੇ ਸਮੇਂ ਭਾਰਤੀ ਫ਼ੌਜੀਆਂ ਨੂੰ ਅੰਗਰੇਜ਼ਾਂ ਨਾਲ ਟੱਕਰ ਲੈਣ ਲਈ ਪ੍ਰੇਰਿਆ, ਪਰ ਗ਼ਦਰ ਦੀ ਅਸਫਲਤਾ ਉਤੇ ਦੂਜੇ ਗ਼ਦਰੀਆਂ ਨਾਲ ਉਸ ਦਾ ਪਿਤਾ ਵੀ ਪਕੜਿਆ ਜਾਂਦਾ ਹੈ ਤੇ ਕਾਲੇ ਪਾਣੀ ਦੀ ਸਜ਼ਾ ਕੱਟਦਾ ਸ਼ਹੀਦ ਹੋ ਜਾਂਦਾ ਹੈ। ਉਸ ਦੇ ਪਿਤਾ ਨੇ ਜੇਲ੍ਹ ਵਿਚੋਂ ਹੀ ਆਪਣੇ ਪੁੱਤਰ ਨੂੰ ਹਦਾਇਤ ਕੀਤੀ ਸੀ ਕਿ "ਬਚੂ, ਜੇ ਜੀਵੀਂ ਤੇ ਆਜ਼ਾਦੀ ਲਈ, ਨਹੀਂ ਤਾਂ ਮੇਰਾ ਨਾ ਅਖਵਾਈਂ।" ਪਿਓ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਦਰਸ਼ਨ ਨੂੰ ਆਜ਼ਾਦੀ ਦਾ ਰੰਗ ਚੜ੍ਹਦਾ ਗਿਆ। "ਆਜ਼ਾਦੀ ਨਾਲ ਉਸ ਨੂੰ ਇਸ਼ਕ ਹੋ ਗਿਆ। ਜਿਥੇ ਰਾਜਸੀ ਦੀਵਾਨ ਹੁੰਦੇ, ਉਹ ਪੜ੍ਹਨ ਦਾ ਹਰਜ ਕਰ ਕੇ ਵੀ ਉਥੇ ਸੁਨਣ ਜਾਂਦਾ, ਆਜ਼ਾਦੀ ਦੇ ਪੁਸਤਕ ਪੜ੍ਹਦਾ, ਆਜ਼ਾਦੀ ਹਾਸਲ ਕਰਨ ਦੀਆਂ ਤਦਬੀਰਾਂ ਸੋਚਦਾ।" ਉਹ ਵਿਦਿਆਰਥੀ ਸਾਥੀਆਂ ਨੂੰ ਵੀ ਵੰਗਾਰਦਾ ਹੋਇਆ ਕਹਿੰਦਾ ਹੈ:— "ਆਓ, ਆਜ਼ਾਦੀ ਦੀ ਮੌਤੇ ਮਰੀਏ, ਮੁਲਕ ਤੁਹਾਨੂੰ ਉਡੀਕ ਰਿਹਾ ਹੈ, ਭਾਰਤ ਮਾਤਾ ਤੁਹਾਨੂੰ ਵਾਜਾਂ ਮਾਰ ਰਹੀ ਹੈ। ਉਠੋ ਆਪਣੀ ਮਾਂ ਦੀਆਂ ਬੇੜੀਆਂ ਕੱਟੀਏ। ਉਠੋ ਭਾਰਤ ਵਰਸ਼ ਆਜ਼ਾਦ ਕਰਵਾਈਏ।"[51] ਦਰਸ਼ਨ ਹਰ ਵਕਤ ਅੰਗਰੇਜ਼ੀ ਸਭਿਅਤਾ ਦੀ ਪ੍ਰਸੰਸਾ

---

50. ਮਾਸਕ ਪੱਤਰ ਫੁਲਵਾੜੀ (ਵੈਸਾਖੀ ਨੰਬਰ, 1983 ਸੰ.), ਸਫ਼ਾ 431.

51. ਉਹੀ, (ਮੱਘਰ-ਪੋਹ 1991 ਸੰ.), ਸਫ਼ਾ 123.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਵਾਲੇ ਵਿਦਿਆਰਥੀਆਂ ਨੂੰ ਨਿੰਦਦਾ ਹੈ। ਇਹੀ ਦਰਸ਼ਨ 1919 ਦੀ ਵਿਸਾਖੀ ਨੂੰ ਜਲ੍ਹਿਆਂ ਵਾਲੇ ਬਾਗ ਵਿਚ ਭਾਸ਼ਨ ਸੁਨਣ ਗਿਆ ਗੋਲੀਆਂ ਚੱਲਣ ਸਮੇਂ ਭੱਜਦੇ ਲੋਕਾਂ ਨੂੰ ਅਣਖੀ ਮੌਤ ਮਰਨ ਲਈ ਵੰਗਾਰਦਾ ਹੋਇਆ ਇਕ ਗੋਲੀ ਦੇ ਵਜਣ ਨਾਲ ਸ਼ਹੀਦੀ ਪਾ ਜਾਂਦਾ ਹੈ। ਇਉਂ ਕਹਾਣੀਕਾਰ ਸਾਮਰਾਜ ਦੇ ਜ਼ੁਲਮ ਦੇ ਬਾਵਜੂਦ ਆਜ਼ਾਦੀ ਦੀ ਜੋਤ ਸਦਾ ਜਗਦੇ ਰਹਿਣ ਦਾ ਸੰਕੇਤ ਦੇ ਕੇ ਵਿਦਿਆਰਥੀ ਵਰਗ ਵਿਚ ਆਜ਼ਾਦੀ ਦੀ ਚਿਣਗ ਜਗਾਉਣ ਦਾ ਯਤਨ ਕਰਦਾ ਹੈ।

ਅੰਗਰੇਜ਼ਾਂ ਦੇ ਦਿਨੋ ਦਿਨ ਵੱਧ ਰਹੇ ਜ਼ੁਲਮ ਤੇ ਬੇਇਨਸਾਫ਼ੀ ਨੂੰ ਦੇਖ ਕੇ 1920 ਵਿਚ ਹੀ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਨੇ 'ਨਾ-ਮਿਲਵਰਤਨ ਲਹਿਰ' ਸ਼ੁਰੂ ਕਰ ਦਿੱਤੀ। ਇਸ ਲਹਿਰ ਵਿਚ ਲੱਖਾਂ ਦੀ ਗਿਣਤੀ ਵਿਚ ਸਾਧਾਰਨ ਲੋਕਾਂ ਨੇ ਹਿੱਸਾ ਲੈ ਕੇ ਰਾਸ਼ਟਰੀ ਚੇਤਨਾ, ਏਕਤਾ ਤੇ ਸ਼ਕਤੀ ਦਾ ਸਬੂਤ ਦਿੱਤਾ। ਇਹ ਨਾ-ਮਿਲਵਰਤਨ ਲਹਿਰ ਅੱਗੋਂ ਰਾਸ਼ਟਰੀ ਅੰਦੋਲਨ ਦਾ ਮਹੱਤਵਪੂਰਨ ਅੰਗ ਬਣੀ ਰਹੀ। ਨਾ-ਮਿਲਵਰਤਨ ਲਹਿਰ ਦੀ ਸਫਲਤਾ ਨੇ ਕੁਝ ਪੰਜਾਬੀ ਕਹਾਣੀਕਾਰਾਂ ਨੂੰ ਵੀ ਪ੍ਰਭਾਵਿਤ ਕੀਤਾ ਅਤੇ ਉਨ੍ਹਾਂ ਇਸ ਲਹਿਰ ਸੰਬੰਧੀ ਰਾਸ਼ਟਰੀ ਨੁਕਤੇ ਤੋਂ ਕਹਾਣੀਆਂ ਲਿਖੀਆਂ।

ਇਸ ਵੰਨਗੀ ਦੀਆਂ ਕਹਾਣੀਆਂ ਦਾ ਪਹਿਲਾ ਨਮੂਨਾ 'ਸੱਚਾ ਦੇਸ਼-ਭਗਤ' ਨਾਮ ਦੀ ਰਚਨਾ ਹੈ, ਜੋ 1923 ਵਿਚ ਕਿਸੇ ਅਗਿਆਤ ਲੇਖਕ ਵਲੋਂ ਪ੍ਰਕਾਸ਼ਤ ਕਰਵਾਈ ਗਈ ਹੈ। ਇਹ ਆਦਰਸ਼ਵਾਦੀ ਕਹਾਣੀ ਵਿਚ ਇਕ ਧਨਾਢ ਨੌਜਵਾਨ ਨੂੰ ਨਾ-ਮਿਲਵਰਤਨ ਲਹਿਰ ਦੇ ਦਿਨਾਂ ਵਿਚ ਸਵਰਾਜ ਦੀ ਪ੍ਰਾਪਤੀ ਲਈ ਸੁਖ-ਰਹਿਣੀ ਜ਼ਿੰਦਗੀ ਨੂੰ ਛੱਡ ਕੇ ਦੇਸ਼-ਭਗਤ ਬਣਦਾ ਦਿਖਾਇਆ ਹੈ। ਕਹਾਣੀ ਦੱਸਦੀ ਹੈ ਕਿ "ਉਨ੍ਹਾਂ ਨਾ-ਮਿਲਵਰਤਨ ਕੀਤਾ, ਉਨ੍ਹਾਂ ਨੇ ਘਰ ਅੱਗੇ ਬਦੇਸ਼ੀ ਕਪੜੇ ਦੀ ਹੋਲੀ ਜਲਾਈ। ਆਪਨੇ ਧੂੰਆਂ-ਧਾਰ ਤਕਰੀਰਾਂ ਕੀਤੀਆਂ।" ਇਹੀ ਨੌਜਵਾਨ ਪਹਿਲਾਂ ਆਜ਼ਾਦੀ ਨੂੰ ਪਰਨਾਉਣ ਲਈ ਸ਼ਾਦੀ ਕਰਨ ਤੋਂ ਇਨਕਾਰ ਕਰਦਾ ਹੈ, ਪਰ ਜਦੋਂ ਸ਼ਾਦੀ ਹੋ ਹੀ ਜਾਦੀ ਹੈ, ਤਾਂ ਸ਼ਾਦੀ ਵਾਲੀ ਰਾਤ ਗ੍ਰਿਫ਼ਤਾਰੀ ਦੇ ਵਾਰੰਟ ਆ ਜਾਣ ਉਤੇ ਆਪਣੀ ਨਵ-ਵਿਆਹੀ ਪਤਨੀ ਨੂੰ ਛੱਡ ਕੇ ਖ਼ੁਸ਼ੀ ਖ਼ੁਸ਼ੀ ਪੁਲੀਸ ਨਾਲ ਜਾਂਦਾ ਹੈ। ਮੁਕੱਦਮੇ ਵਿਚ ਵੀ ਨਾ-ਮਿਲਵਰਤਨ ਰੱਖਦਾ ਹੋਇਆ ਕਿਸੇ ਸਵਾਲ ਦਾ ਨਾ ਉੱਤਰ ਦਿੰਦਾ ਹੈ ਤੇ ਨਾ ਬਿਆਨ। 6 ਮਹੀਨੇ ਦੀ ਕੈਦ ਕੱਟਣ ਗਏ ਦੇਸ਼-ਭਗਤ ਨੂੰ ਜੇਲ੍ਹ ਦੀ ਕਸ਼ਟਦਾਇਕ ਜ਼ਿੰਦਗੀ ਭੋਗਦਾ ਦੇਖ ਕੇ ਜਦੋਂ ਇਕ ਵਾਕਫ਼ਕਾਰ ਮੁਆਫ਼ੀ ਮੰਗ ਕੇ ਰਿਹਾਈ ਕਰਵਾ ਲੈਣ ਦੀ ਪ੍ਰੇਰਨਾ ਕਰਦਾ ਹੈ, ਤਾਂ ਉਸ ਦਾ ਜਵਾਬ ਹੈ -- "ਮੈਂ ਛੁਟਕਾਰਾ ਨਹੀਂ ਚਾਹੁੰਦਾ।"[52]

1923 ਵਿਚ ਡਾਕਟਰ ਬਲਵੰਤ ਸਿੰਘ ਪਾਠਕ ਦੀ ਰਚਨਾ 'ਦਿਖਲਾਵਾ' ਵੀ ਛਪੀ ਜੋ ਕਾਂਗਰਸ ਦੀ ਨਾ-ਮਿਲਵਰਤਨ ਲਹਿਰ ਦੀਆਂ ਸਰਗਰਮੀਆਂ ਨੂੰ ਰਾਸ਼ਟਰੀ ਮਨੋਰਥ ਤੋਂ

---

52. ਮਾਸਕ ਪੱਤਰ ਪ੍ਰੀਤਮ (ਫ਼ਰਵਰੀ 1923 ਈ.), ਸਫ਼ਾ 37.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਕਾਰ ਕਰਦੀ ਹੈ। ਕਹਾਣੀ ਵਿਚਲੇ ਕਾਂਗਰਸੀ ਵਲੰਟੀਅਰ ਬਦੇਸ਼ੀ ਕਪੜਿਆਂ ਦਾ ਵਪਾਰ ਕਰਨ ਵਾਲਿਆਂ ਦੀਆਂ ਦੁਕਾਨਾਂ ਅੱਗੇ ਧਰਨੇ ਦੇ ਕੇ ਤੇ ਨਾਹਰੇ ਲਗਾ ਕੇ ਦੁਕਾਨ-ਦਾਰਾਂ ਨੂੰ ਰਾਸ਼ਟਰ-ਵਿਰੋਧੀ ਸਰਗਰਮੀਆਂ ਨਾ ਕਰਨ ਲਈ ਮਜਬੂਰ ਕਰਦੇ ਹਨ। ਕਹਾਣੀ ਦੱਸਦੀ ਹੈ ਕਿ "ਪਿੰਡਾਂ ਵਿਚ ਕਾਂਗ੍ਰੇਸ ਕਮੇਟੀਆਂ, ਅਕਾਲੀ ਜੱਥੇ ਤੇ ਪੰਚਾਇਤਾਂ ਕੁਝ ਪੇਸ਼ ਨਹੀਂ ਜਾਣ ਦਿੰਦੀਆਂ ਸਨ।"[53]

ਨਾ-ਮਿਲਵਰਤਨ ਲਹਿਰ ਹੌਲੀ ਹੌਲੀ ਵਿਸ਼ਾਲ ਘੇਰੇ ਵਾਲੀ ਹੋ ਗਈ ਅਤੇ ਇਸ ਵਿਚ ਔਰਤਾਂ ਦਾ ਸਹਿਯੋਗ ਲਗਾਤਾਰ ਵਧਦਾ ਗਿਆ। ਗਿ: ਹੀਰਾ ਸਿੰਘ ਦਰਦ ਦੀ ਕਹਾਣੀ 'ਰੱਖੜੀਆਂ' ਦੀ ਗੋਮਤੀ ਵੀ ਨਾ-ਮਿਲਵਰਤਨ ਤੇ ਸਵਰਾਜ ਲਹਿਰ ਦੇ ਅਸਰ ਹੇਠ ਰਾਸ਼ਟਰੀ ਜੱਦੋ-ਜਹਿਦ ਵਿਚ ਜੁਟ ਜਾਂਦੀ ਹੈ। ਗੋਮਤੀ ਉਨ੍ਹਾਂ ਇਸਤਰੀਆਂ ਦੀ ਲੀਡਰ ਹੈ ਜੋ ਜਦੋ-ਜਹਿਦ ਦੌਰਾਨ ਸ਼ਰਾਬ ਦੀਆਂ ਦੁਕਾਨਾਂ ਅੱਗੇ 'ਪਿਕਟਿੰਗ' ਕਰਦਿਆਂ ਕੈਦ ਹੋ ਕੇ ਜੇਲ੍ਹ ਜਾਂਦੀਆਂ ਹਨ।[54]

ਇਉਂ ਗਾਂਧੀ ਅਤੇ ਕਾਂਗਰਸ ਵਲੋਂ ਚਲਾਈ ਗਈ ਨਾ-ਮਿਲਵਰਨ ਲਹਿਰ ਦੇ ਵੱਖ ਵੱਖ ਪਹਿਲੂਆਂ ਦਾ ਚਿਤਰਣ ਪੰਜਾਬੀ ਕਹਾਣੀ ਵਿਚ ਮਿਲਦਾ ਹੈ।

ਧਾਰਮਿਕ ਕੱਟੜਤਾ ਤੇ ਧਾਰਮਿਕ ਰਸਮਾਂ ਜਿਥੇ ਕੁਝ ਸਥਿਤੀਆਂ ਵਿਚ ਰਾਸ਼ਟਰੀ ਸੰਘਰਸ਼ ਨੂੰ ਕਮਜ਼ੋਰ ਕਰਦੀਆਂ ਹਨ, ਉਥੇ ਧਰਮ ਕਦੇ ਕਦੇ ਰਾਸ਼ਟਰੀ ਜਦੋ-ਜਹਿਦ ਲਈ ਵਰਦਾਨ ਵੀ ਬਣ ਜਾਂਦੇ ਹਨ। ਇਸ ਦੀ ਵਧੀਆ ਮਿਸਾਲ ਪੰਜਾਬ ਹੈ। ਇਸ ਸਦੀ ਦੇ ਮੁੱਢਲੇ ਕੁਝ ਦਹਾਕਿਆਂ ਵਿਚ ਪੰਜਾਬ ਅੰਦਰ ਰਾਸ਼ਟਰਵਾਦੀ ਲਹਿਰ ਨੂੰ ਤੀਬਰ ਕਰਨ ਦਾ ਮੁਖ ਕਾਰਨ ਧਰਮ ਤੇ ਬਦੇਸ਼ੀ ਰਾਜ ਸੱਤਾ ਵਿਚ ਪੈਦਾ ਹੋਇਆ ਟਕਰਾਓ ਸੀ। ਮਿਸਾਲ ਵਜੋਂ ਗੁਰਦਵਾਰਾ ਰਕਾਬਗੰਜ (ਦਿੱਲੀ) ਦੀ ਕੰਧ ਦਾ ਮਸਲਾ ਅਤੇ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਾਉਣ ਲਈ ਲੱਗੇ ਮੋਰਚੇ (ਅਕਾਲੀ ਲਹਿਰ) ਅਜਿਹੀਆਂ ਸਥਿਤੀਆਂ ਦੇ ਸੰਕੇਤ ਹਨ। ਪੰਜਾਬੀ ਕਹਾਣੀ ਨੇ ਧਾਰਮਿਕ ਮਸਲਿਆਂ ਨੂੰ ਲੈ ਕੇ ਵੀ ਰਾਸ਼ਟਰਵਾਦੀ ਕਹਾਣੀਆਂ ਲਿਖੀਆਂ।

ਜਦੋਂ ਪਹਿਲੇ ਵਿਸ਼ਵ-ਯੁੱਧ ਦੇ ਦੌਰਾਨ ਅੰਗਰੇਜ਼ੀ ਸਰਕਾਰ ਨੇ ਕ੍ਰਿਪਾਨ ਰੱਖਣ ਉਤੇ ਪਾਬੰਦੀ ਲਗਾ ਦਿੱਤੀ, ਤਾਂ ਲਾਲ ਸਿੰਘ 'ਕਮਲਾ ਅਕਾਲੀ' ਦੀ ਕਹਾਣੀ 'ਕਮਲਾ ਅਕਾਲੀ ਯਾ ਕ੍ਰਿਪਾਨ ਦਾ ਸੱਚਾ ਆਸ਼ਕ' 1916 ਈ: ਵਿਚ ਛਪੀ, ਜਿਸ ਵਿਚ ਇਹ ਸਾਬਤ ਕੀਤਾ ਗਿਆ ਕਿ ਸਿੱਖ ਕ੍ਰਿਪਾਨ ਤੋਂ ਬਿਨਾਂ ਨਹੀਂ ਰਹਿ ਸਕਦਾ। ਇਸ ਕਹਾਣੀ ਰਾਹੀਂ ਧਾਰਮਿਕ ਸੁਤੰਤਰਤਾ ਦੇ ਹੱਕ ਵਿਚ ਆਵਾਜ਼ ਉਠਾਈ ਗਈ ਹੈ। ਕਹਾਣੀ ਦੀ ਘਟਨਾ ਇਕ ਬਦੇਸ਼ੀ ਹਸਪਤਾਲ ਦੀ ਹੈ ਜਿਥੇ ਅੰਗਰੇਜ਼ ਅਫ਼ਸਰ ਅਤੇ ਡਾਕਟਰ ਜ਼ਖ਼ਮੀ ਸਿੱਖ ਫ਼ੌਜੀ ਦੀ ਕਿਸੇ

---

53. ਮਾਸਕ ਪੱਤਰ ਪ੍ਰੀਤਮ (16 ਫ਼ਰਵਰੀ 1923 ਈ.), ਸਫ਼ਾ 29

54. ਮਾਸਕ ਪੱਤਰ ਫੁਲਵਾੜੀ (ਸਤੰਬਰ 1938 ਈ:), ਸਫ਼ਾ 49.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਤਰੀਕੇ ਕ੍ਰਿਪਾਨ ਉਤਾਰਣ ਤੋਂ ਅਸਫਲ ਹੁੰਦੇ ਹਨ। ਇਹ ਕਹਾਣੀ 1916 ਈ: ਵਿਚ ਮਾਸਟਰ ਸੁੰਦਰ ਸਿੰਘ ਦੇ ਪੱਤਰ 'ਸੱਚਾ ਢੰਡੋਰਾ' ਵਿਚ ਪ੍ਰਕਾਸ਼ਤ ਹੋਈ ਤੇ ਪਿੱਛੋਂ ਇਹੀ ਕਹਾਣੀ ਇਕ ਟ੍ਰੈਕਟ ਰੂਪ ਵਿਚ ਵੀ ਪ੍ਰਕਾਸ਼ਤ ਹੋਈ।

ਧਰਮ ਤੇ ਰਾਜ ਸੱਤਾ ਦੇ ਟਕਰਾਓ ਨੇ 1920 ਵਿਚ ਅਕਾਲੀ ਪਾਰਟੀ ਹੋਂਦ ਵਿਚ ਲਿਆ ਦਿੱਤੀ। "ਲੜਾਈ ਅਸਲ ਵਿਚ ਬਦਕਾਰ, ਵਿਸ਼ੱਈ ਤੇ ਦੁਰਾਚਾਰੀ ਮਹੰਤਾਂ ਦੇ ਖ਼ਿਲਾਫ਼ ਸੀ, ਪਰ ਮਹੰਤ ਅੰਗਰੇਜ਼ ਦੇ ਪਿੱਠੂ ਤੇ ਹੱਥ-ਠੋਕੇ ਸਨ ਅਤੇ ਧਰਮ ਨੂੰ ਅੰਗਰੇਜ਼ੀ ਰਾਜ ਦੀ ਮਜ਼ਬੂਤੀ ਲਈ ਵਰਤਣ ਵਿਚ ਸਹਾਈ ਹੁੰਦੇ ਸਨ; ਇਸ ਲਈ ਅੰਗਰੇਜ਼ ਹਾਕਮ ਮਹੰਤਾਂ ਦੀ ਪਿੱਠ 'ਤੇ ਖਲੋ ਗਏ ਅਤੇ ਕਾਨੂੰਨ ਤੇ ਜਾਇਦਾਦ ਦੀ ਰੱਖਿਆ ਦੀ ਢੁੱਚਰ ਸਾਹਮਣੇ ਡਾਹ ਕੇ ਅਕਾਲੀ ਤਹਿਰੀਕ ਨੂੰ ਕੁਚਲਣ ਲੱਗੇ। ਸੁਭਾਵਿਕ ਸੀ ਮੋਰਚਿਆਂ ਦਾ ਮੂੰਹ ਅੰਗਰੇਜ਼ ਸਾਮਰਾਜ ਵਿਰੁੱਧ ਹੋ ਜਾਂਦਾ।"[55] ਇਓਂ 1920 ਤੋਂ 1925 ਈ: ਦੇ ਵਿਚਕਾਰ ਅਕਾਲੀਆਂ ਵਲੋਂ ਲਗਾਏ ਗਏ ਮੋਰਚੇ ਵੀ ਰਾਸ਼ਟਰੀ ਅੰਦੋਲਨ ਦਾ ਅੰਗ ਬਣ ਗਏ ਅਤੇ ਇਨ੍ਹਾਂ ਵਿਚ ਹਜ਼ਾਰਾਂ ਲੋਕਾਂ ਨੇ ਮਾਰਾਂ ਖਾ ਕੇ ਗ੍ਰਿਫ਼ਤਾਰੀਆਂ ਦਿੱਤੀਆਂ, ਸੈਂਕੜੇ ਸ਼ਹੀਦ ਹੋਏ ਅਤੇ ਅਨੇਕਾਂ ਲੋਕਾਂ ਨੂੰ ਮਾਲੀ ਨੁਕਸਾਨ ਵੀ ਪਹੁੰਚਿਆ। ਪੰਜਾਬ ਵਿਚ ਇਸ ਸ਼ਕਤੀ-ਸ਼ਾਲੀ ਲਹਿਰ ਨਾਲ ਵੱਡੀ ਪੱਧਰ 'ਤੇ ਲੋਕ-ਭਾਵਨਾਵਾਂ ਜੁੜੀਆਂ ਹੋਈਆਂ ਸਨ ਅਤੇ ਇਨ੍ਹਾਂ ਲੋਕ-ਭਾਵਨਾਵਾਂ ਨੂੰ ਟੁੰਬਣ ਲਈ ਕੁਝ ਕਹਾਣੀਆਂ ਵੀ ਰਚੀਆਂ ਗਈਆਂ। ਇਨ੍ਹਾਂ ਪੰਜਾਬੀ ਕਹਾਣੀਆਂ ਵਿਚ ਅਹਿੰਸਾ ਦੀ ਨੀਤੀ 'ਤੇ ਚੱਲਣ ਵਾਲੇ ਅਕਾਲੀਆਂ ਦੀ ਬਹਾਦਰੀ, ਕੁਰਬਾਨੀ ਤੇ ਕੌਮ-ਪ੍ਰਸਤੀ ਨੂੰ ਸ਼ਰਧਾ ਅਤੇ ਪ੍ਰਚਾਰ ਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ।

ਅਕਾਲੀ ਲਹਿਰ ਨੂੰ ਰਾਸ਼ਟਰੀ ਮਨੋਰਥ ਤੋਂ ਚਿਤਰਣ ਵਾਲੀਆਂ ਪੰਜਾਬੀ ਕਹਾਣੀਆਂ ਦੀ ਇਕ ਮਿਸਾਲ ਲਾਲ ਸਿੰਘ 'ਕਮਲਾ ਅਕਾਲੀ' ਦੀ ਰਚਨਾ 'ਗੁੰਮਨਾਮ ਯੋਧਾ' ਹੈ। ਕਹਾਣੀ ਦਾ ਨਾਇਕ ਬਾਬਾ ਵਿਵੇਕ ਸਿੰਘ ਹੈ ਜੋ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੁਣ ਦੇ ਸਰਕਾਰੀ ਕਦਮ ਵਿਰੁੱਧ ਲੱਗੇ ਮੋਰਚੇ ਵਿਚ ਕੈਦ ਹੋ ਕੇ ਜੇਲ੍ਹ ਜਾਂਦਾ ਹੈ। ਬਾਬਾ ਵਿਵੇਕ ਸਿੰਘ ਦਾ ਵਿਚਾਰ ਹੈ ਕਿ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਦਾ ਮਸਲਾ ਰਾਸ਼ਟਰੀ ਅੰਦੋਲਨ ਦਾ ਹੀ ਹਿੱਸਾ ਹੈ। ਉਹ ਇਕ ਨਿਹੰਗ ਦਾ ਭੇਸ ਧਾਰੀ ਫਿਰਦੇ ਸਰਕਾਰੀ ਜਸੂਸ ਨੂੰ ਕਹਿੰਦਾ ਹੈ:— "ਆਜ਼ਾਦ ਮੁਲਕਾਂ ਦੇ ਬੰਦੇ ਸ਼ੇਰਾਂ ਵਾਂਗ ਰਹਿੰਦੇ, ਬੋਲਦੇ ਤੇ ਚਲਦੇ ਹਨ, ਇਕੋ ਜਿਹੇ, ਕੋਈ ਨੀਵਾਂ ਨਹੀਂ, ਕੋਈ ਉੱਚਾ ਨਹੀਂ। ਓੜਕ ਨੂੰ ਜੇ ਪੰਜਾਬ ਵਿਚ ਵੀ ਅਜਿਹੇ ਦਿਨ ਲਿਆਉਣਾ ਲੋੜਦੇ ਹਾਂ, ਤਾਂ ਏਸ ਤਰ੍ਹਾਂ ਝੱਖ ਮਾਰਨ ਨਾਲ, ਜਿਸ ਨੂੰ ਤੂੰ ਰਾਜਨੀਤੀ ਆਖਦਾ ਹੈਂ, ਕਦੇ ਕੁਝ ਨਹੀਂ ਬਣੇਗਾ। ਦੁਨੀਆਂ ਵਿਚ ਭਲਾ ਬਿਨਾਂ ਮੁੱਲ ਦਿੱਤਿਆਂ ਭੀ ਕੁਝ ਲੱਭਦਾ ਹੈ? ਕਦੀ ਨਹੀਂ।"[56] ਬਾਬਾ ਵਿਵੇਕ ਸਿੰਘ

---

55. ਸੋਹਨ ਸਿੰਘ ਜੋਸ਼ — 'ਅਕਾਲੀ ਮੋਰਚਿਆਂ ਦਾ ਇਤਿਹਾਸ', (ਭੂਮਿਕਾ)।

56. ਮਾਸਕ ਪੱਤਰ ਫੁਲਵਾੜੀ (ਨਵੰਬਰ 1926 ਈ.), ਸਫ਼ਾ 38.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਪ੍ਰੇਰਨਾ ਨਾਲ ਨਿਹੰਗ-ਜਸੂਸ ਦੇਸ਼ ਨਾਲ ਗ਼ਦਾਰੀ ਛੱਡ ਦਿੰਦਾ ਹੈ ਅਤੇ ਇਕ ਮੁਸਲਮਾਨ ਔਰਤ ਨਾਲ ਸ਼ਾਦੀ ਕਰਦਾ ਹੈ। ਕਹਾਣੀ ਵਿਚ ਦਿਖਾਇਆ ਹੈ ਕਿ ਹਿੰਦੂ, ਸਿੱਖ ਤੇ ਮੁਸਲਮਾਨ ਸਭ ਧਾਰਮਿਕ ਵਿਤਕਰੇ ਭੁਲਾ ਕੇ ਧਾਰਮਿਕ ਤੇ ਰਾਜਨੀਤਕ ਸੁਤੰਤਰਤਾ ਲਈ ਸੰਘਰਸ਼ ਕਰਦੇ ਹਨ।

ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਤੋਂ ਬਾਅਦ 'ਗੁਰੂ ਕੇ ਬਾਗ਼' ਵਿਚ ਨਿਹੱਥੇ ਤੇ ਸ਼ਾਂਤ ਸਿੱਖਾਂ ਉਤੇ ਨੌਕਰਸ਼ਾਹੀ ਵਲੋਂ ਕੀਤੇ ਜਾ ਰਹੇ ਤਸ਼ੱਦਦ ਦੀ ਇੰਤਹਾ ਨੂੰ ਦੇਖ ਕੇ ਪੰਜਾਬੀ ਕਹਾਣੀਕਾਰਾਂ ਨੇ ਕੁਝ ਦਰਦਨਾਕ ਕਹਾਣੀਆਂ ਲਿਖੀਆਂ। ਇਸ ਵਿਸ਼ੇ ਉਤੇ 1926 ਈ: ਵਿਚ ਲਿਖੀਆਂ ਦੋ ਕਹਾਣੀਆਂ ਲੱਭਦੀਆਂ ਹਨ।

ਪਹਿਲੀ ਕਹਾਣੀ ਗਿ. ਹੀਰਾ ਸਿੰਘ ਦਰਦ ਦੀ ਰਚਨਾ 'ਸ਼ਹੀਦ ਦੀ ਅਮਾਨਤ' ਹੈ ਜਿਸ ਵਿਚ ਗੁਰੂ ਕੇ ਬਾਗ਼ ਦੇ ਮੋਰਚੇ ਤੇ ਪਿਛੋਂ ਜੈਤੋ ਦੇ ਮੋਰਚੇ ਸਮੇਂ ਸਿੱਖਾਂ ਵਿਚ ਧਰਮ ਦੀ ਖ਼ਾਤਰ ਜ਼ੁਲਮ ਸਹਿਣ ਤੇ ਕੁਰਬਾਨੀ ਦੇਣ ਦੇ ਜਜ਼ਬੇ ਦਾ ਜਜ਼ਬਾਤੀ ਵਰਨਣ ਹੈ। ਕਹਾਣੀ ਵਿਚ ਅਕਾਲੀਆਂ ਨੂੰ ਮਿਲੀਆਂ ਸਜ਼ਾਵਾਂ ਦਾ ਕਾਫ਼ੀ ਵੇਰਵਾ ਹੈ। ਮੁਖ ਪਾਤਰ ਜੈਤੋ ਦੇ ਮੋਰਚੇ ਉਤੇ ਜਾਣ ਤੋਂ ਪਹਿਲਾਂ ਇਹ ਅਰਦਾਸ ਕਰਦੇ ਹਨ ਕਿ "ਸਾਰੀ ਸਿੱਖ ਜਾਤੀ ਹੰਕਾਰ ਛੱਡ ਕੇ ਭਰਾ ਬਣ ਜਾਣ, ਸਗੋਂ 'ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ' ਦਾ ਝੰਡਾ ਜੱਗ 'ਤੇ ਝੁਲਾਣ।"[57] ਇਉਂ ਲੇਖਕ ਸਿੱਖਾਂ ਦੀ ਆਪਸੀ ਏਕਤਾ ਤੇ ਨਾਲ ਨਾਲ ਸਭ ਲੋਕਾਂ ਨੂੰ ਇਕ ਜਾਤ ਸਮਝਣ ਦਾ ਸੰਦੇਸ਼ ਵੀ ਦੇ ਦਿੰਦਾ ਹੈ। ਸ਼ਹੀਦੀ ਜੱਥੇ ਨਾਲ ਜਾਣ ਸਮੇਂ ਪਾਤਰ ਅਰਦਾਸ ਕਰਦਿਆਂ ਇਹ ਵੀ ਦੁਆ ਕਰਦੇ ਹਨ ਕਿ "ਅਸੀਂ ਤਿੰਨੋਂ ਹੀ ਮੁੜਕੇ ਜੀਉਂਦੇ ਵਾਪਸ ਨਾ ਆਈਏ।"

ਧਨੀ ਰਾਮ ਚਾਤ੍ਰਿਕ ਨੇ ਵੀ 'ਦੁੱਖਾਂ ਦੇ ਦਿਹਾੜੇ' ਲਿਖ ਕੇ ਮਾਂ ਪੁੱਤਰ ਦੀ ਗੱਲ-ਬਾਤ ਰਾਹੀਂ ਗੁਰੂ ਕੇ ਬਾਗ਼ ਵਿਚ ਕੀਤੇ ਗਏ ਜ਼ੁਲਮ ਦਾ ਵੇਰਵਾ ਦਿੱਤਾ ਹੈ। ਕਹਾਣੀ ਵਿਚ ਇਕ ਬੱਚਾ ਮਾਂ ਤੋਂ ਪੁੱਛਦਾ ਹੈ — "ਮਾਂ ਅੱਜ ਦਰਬਾਰ ਸਾਹਿਬ ਬੜੇ ਅਕਾਲੀ ਆਏ ਹਨ। ਗੁਰੂ ਕੇ ਬਾਗ ਬੀ. ਟੀ. ਬੜਾ ਮਾਰਦਾ ਹੈ। ਮਾਂ ਬੀ. ਟੀ. ਦਾ ਕਿਸੇ ਕੀ ਲਿਆ ? ਏਹ ਸਾਹਿਬ ਲੋਕ ਮਾਰਨ ਵਾਸਤੇ ਹੀ ਬਣੇ ਹਨ ?" ਅੱਗੋਂ ਮਾਂ ਜਵਾਬ ਦਿੰਦੀ ਹੈ — "ਹਾਂ ਕਾਕਾ, ਅਕਾਲੀਆਂ ਦਾ ਬਾਗ਼ ਫੱਟੜਾਂ ਨਾਲ ਭਰ ਗਿਆ ਹੈ। ਪ੍ਰਮੇਸ਼ਰ ਕਿਰਪਾ ਕਰੇ, ਬੀ. ਟੀ. ਨੂੰ ਖਬਰੇ ਕੀ ਵਗ ਗਈ ਹੈ ?"[58]

ਸਾਮਰਾਜੀ ਅਨਿਆਂ ਦੇ ਪਿਛੋਕੜ ਵਿਚ ਅਕਾਲੀਆਂ ਦੀ ਬਹਾਦਰੀ ਨੂੰ ਚਿਤਰਣ ਵਾਲੀ ਇਕ ਹੋਰ ਕਹਾਣੀ ਅਵਤਾਰ ਸਿੰਘ ਆਜ਼ਾਦ ਦੀ ਰਚਨਾ 'ਸ਼ਹੀਦੀ ਆਦਰਸ਼' ਹੈ। 1929 ਵਿਚ ਰਚੀ ਗਈ ਇਹ ਕਹਾਣੀ 'ਗੁਰੂ ਕੇ ਬਾਗ਼' ਨਾਲ ਸੰਬੰਧਤ ਜਦੋਜਹਿਦ

---

57. ਮਾਸਕ ਪੱਤਰ ਫੁਲਵਾੜੀ ਮੱਘਰ-ਪੋਹ 1984 ਸੰ.), ਸਫ਼ਾ 162,

58. ਉਹੀ, (ਵੈਸਾਖੀ ਨੰਬਰ, 1983 ਸੰ.), ਸਫ਼ਾ 435.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਵਿਸਥਾਰ ਨਾਲ ਰੂਪਮਾਨ ਕਰਦੀ ਹੈ। ਕਹਾਣੀ ਦਾ ਮੁਖ ਪਾਤਰ ਚੰਨਣ ਸਿੰਘ ਨੌਜਵਾਨ ਹੈ, ਜੋ ਪਿਤਾ ਦੇ ਮਨ੍ਹਾਂ ਕਰਨ ਦੇ ਬਾਵਜੂਦ ਗੁਰੂ ਕੇ ਬਾਗ ਵਿਚ ਜਾਣ ਵਾਲੇ ਜੱਥੇ ਦੀ ਅਗਵਾਈ ਕਰਦਾ ਹੈ, ਪੰਜ ਵਾਰ ਸਖ਼ਤ ਮਾਰ ਖਾਣ ਤੋਂ ਬਾਅਦ ਬੇਹੋਸ਼ ਹੋ ਜਾਂਦਾ ਹੈ, ਜੇਲ੍ਹ ਵਿਚ ਵੀ ਤਸੀਹੇ ਸਹਿੰਦਾ ਹੈ ਤੇ ਅਖ਼ੀਰ ਸ਼ਹੀਦੀ ਪਾ ਜਾਂਦਾ ਹੈ। ਕਹਾਣੀ ਵਿਚ ਅਕਾਲੀ ਕੈਦੀਆਂ ਨੂੰ ਰਾਵਲਪਿੰਡੀ ਲਿਜਾ ਰਹੀ ਰੇਲ ਗੱਡੀ ਨੂੰ ਸਿੱਖ ਸੰਗਤਾਂ ਵਲੋਂ ਹਸਨ ਅਬਦਾਲ ਸਟੇਸ਼ਨ ਦੀ ਰੇਲ-ਲਾਈਨ ਵਿਚ ਬੈਠ ਕੇ ਜਬਰੀ ਰੋਕਣ ਵਾਲੀ ਇਤਿਹਾਸਕ ਘਟਨਾ ਦਾ ਵੀ ਵੇਰਵਾ ਦਿੱਤਾ ਗਿਆ ਹੈ। ਇਕ ਹੋਰ ਘਟਨਾ ਅਨੁਸਾਰ ਇਕ ਪਾਤਰ ਮਾਰ ਖਾਂਦਿਆਂ 5-6 ਸਿਪਾਹੀਆਂ ਦਾ ਬਹਾਦਰੀ ਨਾਲ ਮੁਕਾਬਲਾ ਕਰ ਕੇ ਉਨ੍ਹਾਂ ਦੀਆਂ ਡਾਗਾਂ ਖੋਹ ਲੈਂਦਾ ਹੈ ਤੇ ਬੀ. ਟੀ. ਪਾਸ ਲੈ ਜਾ ਕੇ ਕਹਿੰਦਾ ਹੈ ਕਿ ਸਾਨੂੰ ਕਮਜ਼ੋਰ ਨਾ ਸਮਝੀਂ, ਅਸੀਂ ਤਾਂ ਸਿਰਫ਼ ਆਗੂਆਂ ਦੇ ਕਹੇ 'ਤੇ ਹੀ ਮਾਰ ਖਾ ਰਹੇ ਹਾਂ। ਇਉਂ ਕਹਾਣੀਕਾਰ ਅਕਾਲੀ ਮੋਰਚਿਆਂ ਦੇ ਸਮੇਂ ਪੰਥਕ ਏਕਤਾ, ਜੋਸ਼ ਤੇ ਕੁਰਬਾਨੀਆਂ ਨੂੰ ਸਾਕਾਰ ਕਰ ਕੇ ਧਾਰਮਿਕ ਤੇ ਰਾਜਸੀ ਭਾਵਨਾਵਾਂ ਨੂੰ ਟੁੰਬਦਾ ਹੈ।

ਅੰਗਰੇਜ਼ੀ ਸਰਕਾਰ ਮੋਰਚਿਆਂ ਵਿਚ ਸ਼ਰਧਾ ਨਾਲ ਜਾ ਰਹੇ ਪੇਂਡੂ ਲੋਕਾਂ ਉਤੇ ਆਪਣੇ ਅਧਿਕਾਰੀਆਂ ਰਾਹੀਂ ਕਿਵੇਂ ਦਬਾਓ ਪਾ ਰਹੀ ਸੀ, ਇਸ ਦਾ ਵਰਨਣ 'ਵਿਚੇ ਹੋਵੇ ਮੁਕਤ'[59] ਕਹਾਣੀ ਦੇ ਨੰਬਰਦਾਰ ਵਲੋਂ ਪਿੰਡ ਵਾਸੀਆਂ ਨੂੰ ਬੋਲੇ ਇਨ੍ਹਾਂ ਬੋਲਾਂ ਤੋਂ ਮਿਲਦਾ ਹੈ ਕਿ "ਸਾਰੇ ਜ਼ਿਲੇ ਦੇ ਨੰਬਰਦਾਰਾਂ ਨੂੰ ਹੁਕਮ ਹੋ ਗਿਆ ਏ ਕਿ ਆਪਣੇ ਪਿੰਡ ਦੇ ਮੁਰੱਬਿਆਂ ਵਾਲਿਆਂ ਨੂੰ ਇਤਲਾਹ ਕਰ ਦੇਣ ਕਿ ਜੋ ਵੀ ਮੁਰੱਬੇ ਵਾਲਾ ਜੱਥੇ ਵਿਚ ਜਾਏਗਾ, ਉਸ ਦਾ ਮੁਰੱਬਾ ਜ਼ਬਤ।" ਕਹਾਣੀ ਵਿਚ ਦਿਖਾਇਆ ਗਿਆ ਹੈ ਕਿ ਸਰਕਾਰੀ ਧਮਕੀਆਂ ਦੇ ਬਾਵਜੂਦ ਲੋਕ ਸ਼ਰਧਾ ਨਾਲ ਮੋਰਚਿਆ ਵਿਚ ਜਾਂਦੇ ਹਨ ਤੇ ਕੁਰਬਾਨੀਆਂ ਵੀ ਕਰਦੇ ਹਨ।

ਕੇਸਰ ਸਿੰਘ ਦੀ ਕਹਾਣੀ 'ਕੇਸ'[60] ਅਤੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਦੀ ਕਹਾਣੀ '24 ਸੇਰ' ਵੀ ਅਕਾਲੀ ਮੋਰਚਿਆਂ ਸੰਬੰਧੀ ਕੁਝ ਹੋਰ ਤੱਥ ਪ੍ਰਗਟ ਕਰਨ ਵਾਲੀਆਂ ਕਹਾਣੀਆਂ ਹਨ। '24 ਸੇਰ' ਦਾ ਨੰਦ ਸਿੰਘ ਵੀ ਅਕਾਲੀ ਮੋਰਚਿਆਂ ਵਿਚ ਜੇਲ੍ਹ ਜਾਂਦਾ ਹੈ ਅਤੇ ਜੇਲ੍ਹ ਵਿਚ ਦਿੱਤੀ ਗਈ ਮੁਸ਼ੱਕਤ ਦੀ ਸਜ਼ਾ ਤੋਂ ਵਧ ਸਜ਼ਾ ਖ਼ੁਸ਼ੀ ਨਾਲ ਭੁਗਤ ਕੇ ਅੰਗਰੇਜ਼ੀ ਜੇਲ੍ਹ-ਪ੍ਰਬੰਧ ਦਾ ਵੀ ਮਜ਼ਾਕ ਉਡਾਉਂਦਾ ਹੈ।[61]

1931 ਈ: ਵਿਚ ਸਰਦੂਲ ਸਿੰਘ ਕਵੀਸ਼ਰ ਦੀ ਰਚਨਾ 'ਕੈਦੀ ਦਾ ਗੁਰਪੁਰਬ' ਛਪੀ ਜੋ ਅੰਗਰੇਜ਼ੀ ਸਰਕਾਰ ਦੇ ਅਨਿਆਂ ਦਾ ਇਕ ਹੋਰ ਸਬੂਤ ਪੇਸ਼ ਕਰਦੀ ਹੈ। ਕਹਾਣੀ

---

59. ਬੀਰ ਸਿੰਘ (ਪ੍ਰੋ.) — 'ਮੁਲਕ ਮਾਹੀ ਦਾ ਵੱਸੇ' (1944) ਸਫ਼ਾ 114.

60. ਮਾਸਕ ਪੱਤਰ ਫੁਲਵਾੜੀ (ਵੈਸਾਖੀ ਨੰਬਰ, 1983 ਸੰ.), ਸਫ਼ਾ 446.

61. ਗਿਆਨੀ ਗੁਰਮੁਖ ਸਿੰਘ ਮੁਸਾਫ਼ਰ — 'ਵੱਖਰੀ ਦੁਨੀਆਂ', (1945) ਸਫ਼ਾ 12.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਮੁਖ ਪਾਤਰ ਨੰਬਰਦਾਰ ਦੇ ਕਹਿਣ ਉਤੇ ਵੀ ਕਾਂਗਰਸੀ ਵਲੰਟੀਅਰਾਂ ਦੇ ਖਿਲਾਫ਼ ਗਵਾਹੀ ਨਹੀਂ ਦਿੰਦਾ, ਜਿਸ ਦੇ ਬਦਲੇ ਵਿਚ ਉਸ ਨੂੰ ਸਰਕਾਰ ਵਿਰੁਧ ਬਾਗੀਆਨਾ ਤਕਰੀਰ ਦੇਣ ਦਾ ਝੂਠਾ ਮੁਕੱਦਮਾ ਬਣਾ ਕੇ ਇਕ ਸਾਲ ਕੈਦ ਕਰਵਾ ਦਿੱਤਾ ਜਾਂਦਾ ਹੈ। ਕਹਾਣੀ ਵਿਚ ਉਸ ਦੀ ਪਤਨੀ ਤੇ ਪੁੱਤਰ ਦੀ ਆਰਥਕ ਮੰਦ-ਹਾਲੀ ਅਤੇ ਜੇਲ੍ਹ ਵਿਚ ਮਾਂ-ਪੁੱਤਰ ਨਾਲ ਪੁਲਸੀਆਂ ਵਲੋਂ ਕੀਤੇ ਗਏ ਦੁਰ-ਵਿਵਹਾਰ ਦਾ ਵੀ ਵਰਨਣ ਹੈ। ਬਾਪ ਦੇ ਪੈਰਾਂ ਵਿਚ ਬੇੜੀਆਂ ਪਈਆਂ ਦੇਖ ਕੇ ਜਦੋਂ ਬੱਚਾ ਡਰ ਜਾਂਦਾ ਹੈ, ਤਾਂ ਪਿਤਾ ਕਹਿੰਦਾ ਹੈ — "ਪੁੱਤਰ, ਬੇੜੀਆਂ ਤੋਂ ਡਰੀਦਾ ਨਹੀਂ, ਇਹ ਤਾਂ ਦੇਸ਼-ਭਗਤਾਂ ਦਾ ਗਹਿਣਾ ਹੈ, ਵੇਖ ਕਹੀ ਸੋਹਣੀ ਵਾਜ ਆਉਂਦੀ ਹੈ।"[62]

ਸਰਦੂਲ ਸਿੰਘ ਕਵੀਸ਼ਰ ਦੀ ਇਕ ਹੋਰ ਆਦਰਸ਼ਵਾਦੀ ਕਹਾਣੀ 'ਮੈਂ ਇਨ੍ਹਾਂ ਹੱਥਾਂ ਨਾਲ ਆਪਣੇ ਪੁੱਤਰ ਦਾ ਗਲ ਘੁੱਟ ਦਿਆਂਗੀ' ਸੰਨ 1934 ਵਿਚ ਛਪੀ। ਇਸ ਰਚਨਾ ਦਾ ਵਿਸ਼ਾ ਇਕ ਅਜਿਹੇ ਦੇਸ਼-ਭਗਤ ਪ੍ਰੀਵਾਰ ਨਾਲ ਸੰਬੰਧਤ ਹੈ, ਜਿਸ ਦਾ ਇਕ ਲੜਕਾ ਸੰਤਾਂ ਵਲੋਂ ਦਿੱਤੀ ਗਈ ਦੇਸ਼-ਭਗਤੀ ਦੀ ਅਸੀਸ ਨਾਲ ਹੀ ਪੈਦਾ ਹੋਇਆ ਸੀ ਅਤੇ ਵੱਡਾ ਹੋ ਕੇ ਉਹੀ ਲੜਕਾ "ਕੰਧਾਂ ਉਤੇ ਪੁਲੀਟੀਕਲ ਇਸ਼ਤਿਹਾਰ ਲਾਂਦਾ ਫੜਿਆ ਗਿਆ ਸੀ ਤੇ ਸਜ਼ਾ ਸਤ ਸਾਲ ਕਾਲਾ ਪਾਣੀ ਦੀ ਹੋਈ ਸੀ।" ਕਹਾਣੀ ਦੀ ਮੁੱਢਲੀ ਘਟਨਾ ਰੇਲਵੇ ਸਟੇਸ਼ਨ ਨਾਲ ਸੰਬੰਧਤ ਹੈ ਜਿਥੇ ਇਕ ਰੇਲ-ਗੱਡੀ ਰਾਜਸੀ ਕੈਦੀਆਂ ਨਾਲ ਭਰੀ ਖੜੀ ਹੈ। ਇਨ੍ਹਾਂ ਕੈਦੀਆ ਨੂੰ 10 ਤੋਂ 50 ਸਾਲ ਤਕ ਦੀਆਂ ਸਜ਼ਾਵਾਂ ਦੇ ਕੇ ਕਾਲੇ ਪਾਣੀ ਦੀ ਜੇਲ੍ਹ ਲਿਜਾਇਆ ਜਾ ਰਿਹਾ ਹੈ। ਸਟੇਸ਼ਨ ਉਤੇ ਕੈਦੀਆਂ ਦੇ ਰਿਸ਼ਤੇਦਾਰ ਉਨ੍ਹਾਂ ਨੂੰ ਮਿਲਣ ਲਈ ਉਤਾਵਲੇ ਖੜੇ ਹਨ, ਪਰ ਪੁਲੀਸ ਨੇੜੇ ਨਹੀਂ ਲੱਗਣ ਦੇ ਰਹੀ। ਕਹਾਣੀ ਦੇ ਨੌਜਵਾਨ ਨਾਇਕ ਸਰੈਣ ਸਿੰਘ ਦੀ ਮਾਂ ਤੇ ਪਤਨੀ ਵੀ ਇਸ ਯਤਨ ਵਿਚ ਅਸਫਲ ਰਹਿੰਦੀਆਂ ਹਨ। ਕਹਾਣੀ ਦੀਆਂ ਬਾਕੀ ਘਟਨਾਵਾਂ ਇਸ ਦੇਸ਼-ਭਗਤ ਦੀ ਬੁੱਢੀ ਮਾਂ ਤੇ ਜਵਾਨ ਪਤਨੀ ਨਾਲ ਹੁੰਦੀਆਂ ਬੇਇਨਸਾਫੀਆਂ ਨੂੰ ਸਾਕਾਰ ਕਰਦੀਆਂ ਹਨ। ਕਹਾਣੀ 'ਚੋਂ ਪਤਾ ਚਲਦਾ ਹੈ ਕਿ ਸਰੈਣ ਸਿੰਘ ਦੀ ਜ਼ਮੀਨ ਉਸ ਦੇ ਕੈਦ ਹੋਣ ਬਾਅਦ ਸ਼ਰੀਕਾਂ ਨੇ ਸਾਂਭ ਲਈ ਹੈ। ਨੰਬਰਦਾਰ, ਪਟਵਾਰੀ ਤੇ ਤਸੀਲਦਾਰ ਅੱਗੇ ਬੇਅਰਥ ਫਰਿਆਦਾਂ ਕਰਨ ਬਾਅਦ ਜਦੋਂ ਮਾਈ ਅਦਾਲਤ ਦਾ ਦਰਵਾਜ਼ਾ ਖਟਖਟਾਂਦੀ ਹੈ, ਤਾਂ ਅੱਗੋਂ ਜੱਜ ਅਰਜ਼ੀ ਖ਼ਾਰਜ ਕਰਦਾ ਹੋਇਆ ਕਹਿੰਦਾ ਹੈ — "ਔਰਤ ਲੋਗੋਂ ਕੋ ਬੋਲੋ ਕਿ ਗਾਂਧੀ ਕੇ ਪਾਸ ਜਾਨਾ ਮਾਂਗੇ, ਵੋਹ ਇਨਕੋ ਜ਼ਮੀਨ ਦੇਗਾ। ਕੋਈ ਹੈ ? ਇਨਕੋ ਨਿਕਾਲ ਦੋ।" ਇਸ ਤੋਂ ਬਆਦ ਉਨ੍ਹਾਂ ਦੇ ਘਰ ਚੋਰੀ ਹੁੰਦੀ ਹੈ (ਜਾਂ ਕਰਵਾਈ ਜਾਂਦੀ ਹੈ)। ਇਸ ਮਾਮਲੇ ਵਿਚ ਮਦਦ ਮੰਗਣ ਗਈ ਮਾਈ ਨੂੰ ਨੰਬਰਦਾਰ ਤੇ ਚੌਕੀਦਾਰ ਧਮਕਾਂਦੇ ਹਨ ਅਤੇ ਪਿੱਛੋਂ ਥਾਣੇਦਾਰ ਵੀ ਰੀਪੋਰਟ ਲਿਖਣ ਤੋਂ ਇਨਕਾਰੀ ਹੁੰਦਾ ਹੋਇਆ ਕਹਿੰਦਾ ਹੈ — "ਥਾਣੇ ਕਾਂਗਰਸੀਆਂ ਦੇ ਰਿਸ਼ਤੇ-

---

62. ਮਾਸਕ ਪੱਤਰ ਫੁਲਵਾੜੀ (ਅਪ੍ਰੈਲ 1931 ਈ.), ਸਫ਼ਾ 448.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾਰਾਂ ਵਾਸਤੇ ਨਹੀਂ ਬਣਾਏ ਗਏ।" ਨੰਬਰਦਾਰ ਕੁਝ ਲਾਲਚ ਦੇ ਕੇ, ਮਾਈ ਨੂੰ ਆਪਣੇ ਪੁੱਤਰ ਨੂੰ ਝੂਠੀ ਗਵਾਹੀ ਦੇਣ ਵਾਸਤੇ ਰਜ਼ਾਮੰਦ ਕਰਨ ਲਈ ਸਲਾਹ ਦੇਂਦਾ ਹੈ, ਪਰ ਦੇਸ਼-ਭਗਤ ਦੀ ਮਾਂ ਕਹਿੰਦੀ ਹੈ — "ਮੈਂ ਤਾਂ ਚਾਹੁੰਦੀ ਹਾਂ ਮੇਰੇ ਦੇਸ਼ ਦੇ ਸਾਰੇ ਬੱਚੇ ਉਸ ਦੇ ਵਰਗੇ ਹੋਣ।"[63] ਕਹਾਣੀ ਵਿਚ ਦਿਖਾਇਆ ਹੈ ਕਿ ਸਰੈਣ ਸਿੰਘ ਉਤੇ ਜੇਲ੍ਹ ਦੇ ਹਾਕਮ ਗਵਾਹੀ ਦੇਣ ਦੀ ਖ਼ਾਤਰ ਸਖ਼ਤੀ ਕਰਦੇ ਹਨ ਪਰ ਉਹ ਆਪਣਾ ਸੀਸ ਭਾਰਤ ਮਾਤਾ ਨੂੰ ਅਰਪਣ ਕਰਨ ਦੀ ਤਿਆਰੀ ਵਿਚ ਹੈ।

'ਮਹੀਂਵਾਲ' ਨਾਮ ਦੀ ਕਹਾਣੀ ਨੌਜਵਾਨਾਂ ਨੂੰ ਰਾਸ਼ਟਰੀ ਚੇਤਨਾ ਦੇਣ ਲਈ ਨਾਟਕੀ ਢੰਗ ਨਾਲ ਘਰੋਂ ਨੱਠੇ ਆਸ਼ਕਾਂ ਨੂੰ ਇਕ ਕਾਂਗਰਸੀ ਜਲਸਾ ਸੁਣਦੇ ਦਰਸਾਉਂਦੀ ਹੈ, ਜਿਸ ਵਿਚ ਇਕ ਨੇਤਾ ਬੋਲ ਰਿਹਾ ਹੈ — "ਨੌਜਵਾਨੋ। ਤੁਸੀਂ ਦੇਸ਼ ਦੀ ਅਮਾਨਤ ਹੋ, ਪਰ ਐ ਹਿੰਦੁਸਤਾਨੀ ਭਰਾਵੋ; ਤੁਸੀਂ ਆਪਣੇ ਅਸਲੀ ਮੰਤਵ ਨੂੰ ਛੱਡ ਕੇ ਪਿਆਰ ਤੇ ਦੁਨਿਆਵੀ ਇਸ਼ਕ ਦੇ ਸੁਪਨੇ ਦੇਖਦੇ ਹੋ। ਨੌਜਵਾਨੋ! ਸਾਡਾ ਨਿਸ਼ਾਨਾ ਦੇਸ਼ ਦੀ ਆਜ਼ਾਦੀ ਹੋਣਾ ਚਾਹੀਦਾ ਹੈ। ਉਹੋ ਸਾਡੀ ਹੀਰ ਹੈ ਤੇ ਉਹੋ ਸੋਹਣੀ ਜਿਸ ਨੂੰ ਵਿਆਹੁਣ ਲਈ ਸਾਨੂੰ ਆਪਣੀਆਂ ਜਾਨਾਂ ਵੀ ਕੁਰਬਾਨ ਕਰਨੀਆਂ ਪੈਣ ਤਾਂ ਸਾਡੇ ਚੰਗੇ ਭਾਗ ਹਨ।"[64] ਇਸ ਰਾਸ਼ਟਰੀ ਸੰਦੇਸ਼ ਦਾ ਅਸਰ ਉਨ੍ਹਾਂ ਪ੍ਰੇਮੀਆਂ ਉਤੇ ਹੁੰਦਾ ਹੈ ਤੇ ਉਹ ਰਾਸ਼ਟਰੀ ਕਾਰਜਾਂ ਵਿਚ ਜੁਟ ਜਾਂਦੇ ਹਨ। ਮਹੀਂਵਾਲ ਨਾਮ ਦਾ ਪ੍ਰੇਮੀ ਜਲਸਿਆਂ ਵਿਚ ਜੋਸ਼ੀਲੀਆਂ ਤਕਰੀਰਾਂ ਕਰਨ ਲੱਗ ਪੈਂਦਾ ਹੈ। ਜਲਸਿਆਂ ਵਿਚ ਲੋਕਾਂ ਨੂੰ ਲਾਠੀਆਂ ਖਾਂਦਿਆਂ ਤੇ ਕੁਰਬਾਨੀਆਂ ਦਿੰਦਿਆਂ ਦਿਖਾ ਕੇ ਲੇਖਕ ਨੇ ਕੌਮੀ ਕਦਰਾਂ-ਕੀਮਤਾਂ ਨੂੰ ਪ੍ਰਚਾਰਿਆ ਹੈ।

ਗਿ: ਹੀਰਾ ਸਿੰਘ ਦਰਦ ਦੀ ਕਹਾਣੀ 'ਬਦਲੀ ਹੋਈ ਦੁਨੀਆ' ਇਕ ਹੋਰ ਰਾਸ਼ਟਰ-ਵਾਦੀ ਭਾਵਨਾ ਵਾਲੀ ਕਹਾਣੀ ਹੈ। ਇਹ ਕਹਾਣੀ ਇਕ ਅਜਿਹੇ ਦੇਸ਼-ਭਗਤ ਦੀ ਦੇਸ਼-ਭਗਤੀ ਤੇ ਕੁਰਬਾਨੀ ਦਾ ਪ੍ਰਗਟਾਵਾ ਕਰਦੀ ਹੈ ਜਿਹੜਾ ਰਾਸ਼ਟਰੀ ਸਰਗਰਮੀਆਂ ਬਦਲੇ 20 ਸਾਲਾਂ ਦੀ ਕੈਦ ਕੱਟਣ ਬਾਅਦ ਆਪਣੀ ਰਿਹਾਈ ਦੀ ਖ਼ਬਰ ਸੁਣ ਕੇ ਵੀ ਖ਼ੁਸ਼ ਨਹੀਂ ਹੁੰਦਾ, ਕਿਉਂਕਿ ਉਸ ਨੇ ਪ੍ਰਣ ਕੀਤਾ ਹੈ ਕਿ "ਜਦ ਤੀਕਣ ਦੇਸ਼ ਆਜ਼ਾਦ ਨਹੀਂ ਹੋ ਜਾਂਦਾ, ਮੈਂ ਜੇਲ੍ਹ ਤੋਂ ਬਾਹਰ ਨਹੀਂ ਜਾਣਾ।"[65] ਨਾ-ਮਿਲਵਰਤਨ ਲਹਿਰ ਵਿਚ ਬਦੇਸ਼ੀ ਕਪੜੇ ਦੀਆਂ ਦੁਕਾਨਾਂ ਅੱਗੇ 'ਪਿਕਟਿੰਗ' ਕਰਦਿਆਂ ਸੈਂਕੜੇ ਕੌਮੀ ਸੇਵਕਾਂ ਨਾਲ ਕੈਦ ਹੋ ਕੇ ਆਇਆ ਇਹ ਦੇਸ਼-ਭਗਤ ਜਦੋਂ ਦਰੋਗ਼ੇ ਤੋਂ ਇਹ ਸੁਣਦਾ ਹੈ ਕਿ ਹੁਣ ਬਾਹਰ ਦੁਨੀਆਂ ਬਦਲ ਚੁੱਕੀ ਹੈ ਤੇ 'ਸਰਕਾਰ ਨੇ ਹੁਣ ਸੂਬਿਆਂ ਨੂੰ ਵੀ ਆਜ਼ਾਦੀ ਦੇਣ ਦਾ ਐਲਾਨ ਕਰ

---

63. ਮਾਸਕ ਪੱਤਰ ਫੁਲਵਾੜੀ (ਮੱਘਰ-ਪੋਹ 1991 ਸੰਮਤ), ਸਫ਼ਾ 126.

64. ਸੁਰਜੀਤ ਸਿੰਘ ਸੇਠੀ — ਮਹੀਂਵਾਲ, ਸਫ਼ਾ 23.

65. ਮਾਸਕ ਪੱਤਰ ਫੁਲਵਾੜੀ (ਪੋਹ-ਮਾਘ 1991 ਸੰਮਤ), ਸਫ਼ਾ 169.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤਾ ਹੈ' ਤਾਂ ਉਹ ਰਿਹਾਈ ਲਈ ਰਜ਼ਾਮੰਦ ਹੋ ਜਾਂਦਾ ਹੈ। ਰਿਹਾ ਹੋ ਕੇ ਬੰਤਾ ਸਿੰਘ ਆਪਣੇ ਇਕ ਦੋਸਤ ਨੂੰ ਮਿਲਣ ਜਾਂਦਾ ਹੈ ਤੇ ਪਿੰਡ ਜਾ ਕੇ ਦੇਖਦਾ ਹੈ ਕਿ ਉਸ ਦੀ ਕੈਦ ਦੌਰਾਨ 'ਦੁਨੀਆਂ ਜ਼ਰੂਰ ਬਦਲੀ ਹੈ' ਪਰ ਇਹ ਤਬਦੀਲੀ ਵਧੇਰੇ ਮੰਦ-ਹਾਲੀ ਤੇ ਗਿਰਾਵਟ ਦੀ ਨਿਸ਼ਾਨੀ ਹੈ। ਕਹਾਣੀ ਵਿਚ ਦਿਖਾਇਆ ਗਿਆ ਹੈ ਕਿ ਦਿਨੋ-ਦਿਨ ਲੋਕਾਂ ਦੀ ਆਰਥਕ ਹਾਲਤ ਗਿਰ ਰਹੀ ਹੈ ਤੇ ਨੌਕਰਸ਼ਾਹੀ ਦੇ ਜ਼ੁਲਮ ਤੇ ਅਨਿਆਂ ਕਾਰਨ ਉਹ ਰਾਸ਼ਟਰੀ ਸੰਘਰਸ਼ ਨਾਲ ਜਾ ਜੁੜੇ ਹਨ।

ਪਿੱਛੇ ਦਿੱਤੀਆਂ ਕਹਾਣੀਆਂ ਨਾਲੋਂ ਵਧੇਰੇ ਯਥਾਰਥਵਾਦੀ ਕਹਾਣੀ ਸੰਤ ਸਿੰਘ ਸੇਖੋਂ ਦੀ 'ਪਾਤਾਲ ਦਾ ਬੰਦਾ' ਹੈ, ਜਿਸ ਦਾ ਜ਼ਿਕਰ ਪਿੱਛੇ ਕਿਸੇ ਹੋਰ ਪ੍ਰਸੰਗ ਵਿਚ ਕਰ ਚੁੱਕੇ ਹਾਂ। ਇਹ ਕਹਾਣੀ ਦੱਸਦੀ ਹੈ ਕਿ ਜਦੋਂ ਪਿੰਡਾਂ ਦੇ ਕਿਰਸਾਣ ਇਕ ਅਮਰੀਕਨ ਮਿ: ਕਾਕਸ ਦੀ ਪ੍ਰੇਰਨਾ ਨਾਲ ਕਿਸਾਨ-ਸਭਾ ਬਣਾ ਲੈਂਦੇ ਹਨ, ਤੇ ਕਿਸਾਨ ਕਾਨਫ਼ਰੰਸ ਕਰਦੇ ਹਨ, ਜਿਸ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਵੀ ਆਉਂਦੇ ਹਨ, ਤਾਂ ਕਿਸਾਨਾਂ ਦੇ ਮਨਾਂ ਵਿਚੋਂ ਥਾਣੇਦਾਰਾਂ ਦਾ ਤੇ ਹੋਰ ਸਰਕਾਰੀ ਬੰਦਿਆਂ ਦਾ ਭੈ ਹੱਟ ਗਿਆ ਹੈ। ਪਰ ਅਜੇ ਨਾ ਆਜ਼ਾਦੀ ਆਈ ਹੈ, ਨਾ ਪ੍ਰਬੰਧ ਬਦਲਿਆ ਹੈ, ਸੋ ਕਾਨਫ਼ਰੰਸ ਤੋਂ ਉਪਰੰਤ ਪੁਲਸ ਸਖ਼ਤੀ ਕਰਦੀ ਹੈ। "ਕਰਤਾਰ ਸਿੰਘ ਤੇ ਮੈਂ ਗ੍ਰਿਫ਼ਤਾਰ ਹੋ ਗਏ, ਮਿ: ਕਾਕਸ ਨੂੰ ਸੂਬੇ ਵਿਚੋਂ ਚਲੇ ਜਾਣ ਦਾ ਹੁਕਮ ਮਿਲ ਗਿਆ। ਆਸਾਡੇ ਬੁੱਢਿਆਂ ਦੀਆਂ ਦਾੜ੍ਹੀਆਂ ਖੋਹੀਆਂ ਗਈਆਂ। ਅਸਾਡੇ ਘਰੀਂ ਜਾ ਕੇ ਪੁਲਸ ਵਾਲਿਆਂ ਜਨਾਨੀਆਂ ਦੀ ਹੱਤਕ ਕੀਤੀ ਤੇ ਜਵਾਨ ਮੁੰਡਿਆਂ ਨੂੰ ਕੁੱਟਿਆ ਗਿਆ।..... ਅਸਾਂ ਜ਼ਮਾਨਤਾਂ ਦੇ ਦਿੱਤੀਆਂ, ਪਰ ਅਸਾਡੇ ਪਿੰਡ ਵਿਚ ਜੋ ਚੌਕੀ ਬਠਾਈ ਗਈ ਹੈ, ਇਹ ਬਹੁਤ ਧੱਕਾ ਹੈ।"[66] ਇਹ ਕਹਾਣੀ ਸਿੱਧ ਕਰਦੀ ਹੈ ਕਿ ਸੁਤੰਤਰਤਾ ਸੰਗਰਾਮ ਵਿਚ ਜਾਗਰਤੀ ਤੇ ਸੰਗਠਨ ਲੋਕਾਂ ਦਾ ਭੈ ਘਟਾਂਦੇ ਸਨ; ਉਨ੍ਹਾਂ ਦੇ ਮਨਾਂ ਵਿਚ ਆਜ਼ਾਦੀ ਲਈ ਉਤਸ਼ਾਹ ਪੈਦਾ ਹੋ ਜਾਂਦਾ ਸੀ, ਪਰ ਮੁੜਕੇ ਫੇਰ ਸਖ਼ਤੀਆਂ ਦੇਖ ਕੇ ਉਹ ਕਈ ਵਾਰ ਡੋਲ ਜਾਂਦੇ ਸਨ।

ਕਿਤੇ ਕਿਤੇ ਪੰਜਾਬੀ ਕਹਾਣੀ ਵਿਚ ਉਨ੍ਹਾਂ ਸੰਗਰਾਮੀਆਂ ਦਾ ਵੀ ਚਿਤਰਣ ਹੋਇਆ ਹੈ, ਜੋ ਅਹਿੰਸਾ ਦੀ ਥਾਂ ਹਿੰਸਾ ਰਾਹੀਂ ਦੇਸ਼ ਦੀ ਸੁਤੰਤਰਤਾ ਲਿਆਉਣਾ ਚਾਹੁੰਦੇ ਸਨ। ਇਨ੍ਹਾਂ ਦੇਸ਼-ਭਗਤਾਂ ਦੀ ਬਹਾਦਰੀ ਤੇ ਕੁਰਬਾਨੀਆਂ ਦੇ ਨਾਲ ਨਾਲ ਇਨ੍ਹਾਂ ਦੇ ਆਦਰਸ਼ਾਂ ਦਾ ਜ਼ਿਕਰ ਵੀ ਕੁਝ ਪੰਜਾਬੀ ਕਹਾਣੀਆਂ ਵਿਚ ਲੱਭਦਾ ਹੈ।

ਗਿ. ਹੀਰਾ ਸਿੰਘ ਦਰਦ ਦੀ ਇਕ ਲੰਬੀ ਕਹਾਣੀ 'ਰੱਖੜੀਆਂ' ਆਜ਼ਾਦੀ ਲਈ ਸੰਘਰਸ਼ ਕਰ ਰਹੇ ਇਨਕਲਾਬੀ ਦੇਸ਼-ਭਗਤਾਂ ਦੇ ਆਦਰਸ਼ਾਂ ਨੂੰ ਭਾਵੁਕ ਅੰਦਾਜ਼ ਵਿਚ ਪੇਸ਼ ਕਰਦੀ ਹੈ। ਕਹਾਣੀ ਵਿਚ ਕ੍ਰਾਂਤੀ ਕੁਮਾਰੀ ਨਾਮ ਦੀ ਇਕ ਇਨਕਲਾਬੀ ਔਰਤ ਇਨ-ਕਲਾਬੀਆਂ ਦੇ ਆਦਰਸ਼ਾਂ ਦਾ ਪ੍ਰਚਾਰ ਕਰਦੀ ਹੋਈ ਕਹਿੰਦੀ ਹੈ — "ਅਸੀਂ ਲੋਕ ਮਨੁੱਖਤਾ

---

66. ਸੰਤ ਸਿੰਘ ਸੇਖੋਂ —- ਸਮਾਚਾਰ (1943), ਸਫ਼ਾ 74-75.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਪੂਰਾ ਸਤਿਕਾਰ ਕਰਦੇ ਹਾਂ, ਪਰ ਅਨਿਆਇ, ਜ਼ੁਲਮ ਅਤੇ ਸਮਾਜਕ ਰਾਕਸ਼ਾਂ ਦੇ ਕੱਟੜ ਵੈਰੀ ਹਾਂ।'' ਕਹਾਣੀਕਾਰ ਕ੍ਰਾਂਤੀਕਾਰੀਆਂ ਦੀ ਬਹਾਦਰੀ ਤੇ ਹੌਸਲੇ ਦੀ ਮਿਸਾਲ ਪੇਸ਼ ਕਰਦਾ ਹੋਇਆ ਇਨਸਪੈਕਟਰ ਸਾਹਮਣੇ ਇਸ ਇਨਕਲਾਬੀ ਔਰਤ ਤੋਂ ਕਹਾਉਂਦਾ ਹੈ — ''ਮੈਂ ਆਪਣੇ ਜ਼ਿੰਮੇ ਲੱਗਾ ਸਾਰਾ ਕੰਮ ਪੂਰਾ ਕਰ ਚੁੱਕੀ ਹਾਂ, ਹੁਣ ਮੈਨੂੰ ਨੱਸਣ ਦਾ ਹੁਕਮ ਨਹੀਂ, ਮੈਂ ਗ੍ਰਿਫ਼ਤਾਰੀ ਲਈ ਬਿਲਕੁਲ ਤਿਆਰ ਹਾਂ..... ਚਲੋ ਇਨਸਪੈਕਟਰ ਸਾਹਿਬ, ਹੁਣ ਮੈਂ ਨਾ ਕੇਵਲ ਕੈਦ ਹੋਣ ਬਲਕੇ ਫਾਂਸੀ ਤੱਕ ਲਟਕਣ ਨੂੰ ਤਿਆਰ ਹਾਂ।'[67]

ਇਵੇਂ ਹੀ 1929 ਈ: ਵਿਚ 'ਦੇਸ਼-ਭਗਤ' (ਲੇਖਕ ਅਗਿਆਤ) ਨਾਮ ਹੇਠ ਛਪੀ ਕਹਾਣੀ ਵਿਚ ਦੇਸ਼ ਲਈ ਹਥਿਆਰ ਚੁੱਕਣ, ਦੇਸ਼-ਧਰੋਹੀਆਂ ਦਾ ਖ਼ਾਤਮਾ ਕਰਨ ਤੇ ਫਾਂਸੀ 'ਤੇ ਚੜ੍ਹ ਜਾਣ ਵਾਲਿਆਂ ਪ੍ਰਤੀ ਸ਼ਰਧਾ ਪ੍ਰਗਟ ਕੀਤੀ ਗਈ ਹੈ। ਕਹਾਣੀ ਵਿਚਲੇ ਵੇਰਵੇ ਦੇ ਅਨੁਸਾਰ ''ਜ਼ਾਲਮਾਂ ਨੇ ਦੇਸ਼-ਭਗਤ ਨੂੰ ਤੋਪ ਨਾਲ ਉਚਾ ਦਿੱਤਾ ਤੇ ਦੇਵਤਿਆਂ ਨੇ ਦੇਸ਼-ਭਗਤ ਦਾ ਜ਼ੱਰਾ ਜ਼ੱਰਾ ਵੀ ਚੁੱਕ ਲਿਆ।''[68] ਕਹਾਣੀ ਵਿਚ ''ਮਾਤਾ ਕੀ ਜੈ ਹੋ, ਦੇਸ਼-ਭਗਤ ਕੀ ਜੈ ਹੋ'' ਜਿਹੇ ਨਾਅਰੇ ਵੀ ਲਗਾਏ ਗਏ ਹਨ।

ਸੁਤੰਤਰਤਾ ਲਹਿਰ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਭਾਰਤੀ ਸੁਤੰਤਰਤਾ ਦੇ ਸੰਘਰਸ਼ ਨੂੰ ਤੀਬਰ ਕਰਨ ਲਈ ਕੁਝ ਬਦੇਸ਼ੀ ਲੋਕ ਵੀ ਮਦਦ ਕਰਦੇ ਰਹੇ ਸਨ। ਪਿੱਛੇ ਵਿਚਾਰੀ ਗਈ ਸੰਤ ਸਿੰਘ ਸੇਖੋਂ ਦੀ ਕਹਾਣੀ 'ਪਾਤਾਲ ਦਾ ਬੰਦਾ' ਵਿਚ ਕਾਕਸ ਨਾਂ ਦੇ ਇਕ ਅਮਰੀਕੀ ਨੂੰ ਪੰਜਾਬ ਦੇ ਪਿੰਡਾਂ ਵਿਚ ਰਾਸ਼ਟਰੀ ਤੇ ਸਮਾਜਵਾਦੀ ਕਦਰਾਂ-ਕੀਮਤਾਂ ਦਾ ਪ੍ਰਚਾਰ ਕਰਦੇ ਦਰਸਾਇਆ ਗਿਆ ਹੈ।

ਇਸੇ ਤਰ੍ਹਾਂ ਮੁਣਸ਼ਾ ਸਿੰਘ ਦੁਖੀ ਦੀ ਕਹਾਣੀ 'ਸ਼ਹੀਦਾਂ ਦੇ ਦਰਸ਼ਨ' ਵਿਚ ਵੀ ਇਕ ਅਮਰੀਕਨ ਬਜ਼ੁਰਗ ਔਰਤ, ਜਿਸ ਦੇ ਸਾਰੇ ਪ੍ਰੀਵਾਰ ਤੇ ਰਿਸ਼ਤੇਦਾਰਾਂ ਨੇ ਆਪਣੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ, ਬਦੇਸ਼ਾਂ ਵਿਚ ਗਏ ਭਾਰਤੀਆਂ ਨੂੰ ਦੇਸ਼-ਭਗਤੀ ਤੇ ਕੁਰਬਾਨੀ ਲਈ ਵੰਗਾਰਦੀ ਹੋਈ ਕਹਿੰਦੀ ਹੈ — ''ਜੇ ਦੇਸ਼ ਆਜ਼ਾਦ ਕਰਨਾ ਜੇ, ਜੇ ਸੁਤੰਤਰਤਾ ਦੇਵੀ ਨੂੰ ਵਰਨਾ ਜੇ, ਜੇ ਕੌਮ ਨੂੰ, ਮੁਰਦੀ ਕੌਮ ਨੂੰ, ਜੀਂਉਦਿਆਂ ਕਰਨਾ ਜੇ, ਤਾਂ ਦੇਸ਼ ਜਾਓ; ਸਿਰਾਂ 'ਤੇ ਕੱਫ਼ਨ ਬੰਨ੍ਹ ਕੇ ਦੇਸ਼ ਜਾਓ ਤੇ ਘਰ ਘਰ, ਦਰ ਦਰ ਤੇ ਹਰ ਹਰ ਬੁੱਢੇ ਬੱਚੇ ਪਾਸ ਜਾ ਕੇ ਸਵਤੰਤਰਤਾ ਦਾ ਪ੍ਰਚਾਰ ਕਰ ਕੇ ਸੁੱਤੇ ਦੇਸ਼ ਨੂੰ ਜਗਾਓ। ਆਪ ਕਸ਼ਟ ਝੱਲੋ ਤੇ ਲੋਕਾਂ ਨੂੰ ਬਚਾਓ; ਇਕੱਲੇ ਇਕੱਲੇ ਕੋਲ ਹੋਕਾ ਦੇ ਕੇ ਆਜ਼ਾਦੀ ਦਾ ਨਾਦ ਵਜਾਓ, ਹੁਸ਼ਿਆਰ ਕਰੋ, ਆਪ ਮਰੋ ਤੇ ਵੀਰਾਂ ਨੂੰ ਜਵਾਓ, ਆਪ ਗਲਾਂ ਵਿਚ ਰੱਸੀਆਂ ਪਾ ਕੇ ਦੇਸ਼-ਪਰਤੰਤ੍ਰਤਾ ਦੇ ਬੰਨ੍ਹਣ ਕੱਟੋ, ਬੇਖ਼ੌਫ਼ ਹੋ ਕੇ ਇਸ ਜੀਵਨ ਸੰਗਰਾਮ ਵਿਚ ਕੁੱਦ

---

67. ਗਿਆਨੀ ਹੀਰਾ ਸਿੰਘ ਦਰਦ — ਪੰਜਾਬੀ ਸੱਧਰਾਂ (1940), ਸਫ਼ਾ 102.
68. ਮਾਸਕ ਪੱਤਰ ਕਿਰਤੀ (ਮਾਰਚ 1929 ਈ.), ਸਫ਼ਾ 38.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਉ ਤੇ ਡੁੱਬਦੇ ਕੌਮੀ ਜਹਾਜ਼ ਦੇ ਮਲਾਹ ਬਣ ਕੇ ਬਚਾਓ..... ।"[69] ਇਉਂ ਕਹਾਣੀਕਾਰ ਬਦੇਸ਼ਾਂ ਵਿਚ ਵੱਸਦੇ ਭਾਰਤੀਆਂ ਅੰਦਰ ਕੌਮੀ ਭਾਵਨਾਵਾਂ ਸੁਰਜੀਤ ਕਰਨ ਦਾ ਯਤਨ ਕਰਦਾ ਹੈ ।

ਸ਼ਵਾਰਥੀ ਲੋਕ ਤੇ ਪੰਜਾਬੀ ਕਹਾਣੀ

ਭਖ਼ੇ ਹੋਏ ਸੁਤੰਤਰਤਾ ਸੰਗਰਾਮ ਵਿਚ ਜਿਹੜੇ ਭਾਰਤੀ ਕਿਨਾਰੇ ਖੜ੍ਹੇ ਸਨ, ਜਾਂ ਆਪਣਾ ਸਵਾਰਥ ਸਿੱਧ ਕਰ ਕੇ ਰਾਸ਼ਟਰੀ ਆਜ਼ਾਦੀ ਦੇ ਰਾਹ ਵਿਚ ਰੁਕਾਵਟ ਬਣ ਰਹੇ ਸਨ, ਪੰਜਾਬੀ ਕਹਾਣੀਕਾਰ ਉਨ੍ਹਾਂ ਦਾ ਤ੍ਰਿਸਕਾਰ-ਭਰਿਆ ਵਰਨਣ ਵੀ ਲਗਾਤਾਰ ਕਰਦੇ ਰਹੇ ਹਨ ।

ਮਿਸਾਲ ਵਜੋਂ ਬਲਵੰਤ ਸਿੰਘ ਪਾਠਕ ਦੀ ਕਹਾਣੀ 'ਦਿਖਲਾਵਾ' ਵਿਚ ਲਾਲਾ ਹੀਰਾ ਲਾਲ ਦੇ ਸਵਾਰਥੀ ਤੇ ਦੇਸ਼-ਧ੍ਰੋਹੀ ਚਰਿੱਤਰ ਨੂੰ ਉਘਾੜਿਆ ਗਿਆ ਹੈ । ਉਹ 'ਨਾ-ਮਿਲਵਰਤਨ ਲਹਿਰ' ਦੇ ਦਿਨਾਂ ਵਿਚ ਨਾ ਕੇਵਲ ਬਦੇਸ਼ੀ ਕਪੜੇ ਦਾ ਹੀ ਵਪਾਰ ਕਰਦਾ ਹੈ, ਸਗੋਂ ਅਜਿਹੇ ਵਪਾਰੀਆਂ ਦਾ ਨੇਤਾ ਬਣ ਕੇ ਕਾਂਗਰਸੀ ਅੰਦੋਲਨ ਦਾ ਵਿਰੋਧ ਕਰਦਾ ਹੈ । ਜਦੋਂ ਕਾਂਗਰਸੀ ਵਲੰਟੀਅਰ ਉਹਦੀ ਦੁਕਾਨ ਅੱਗੇ ਕਈ ਦਿਨ ਧਰਨੇ ਦੇ ਕੇ ਤੇ ਨਾਅਰੇ ਲਗਾ ਕੇ ਉਸ ਦੇ ਵਪਾਰ ਦਾ ਕਾਫ਼ੀ ਨੁਕਸਾਨ ਕਰ ਦਿੰਦੇ ਹਨ, ਤਾਂ ਉਹ ਕਾਂਗਰਸੀ ਵਰਕਰਾਂ ਨਾਲ ਲਿਖਤੀ ਇਕਰਾਰ ਕਰ ਲੈਂਦਾ ਹੈ ਕਿ ਉਹ ਬਦੇਸ਼ੀ ਕੱਪੜਾ ਨਹੀਂ ਵੇਚੇਗਾ । ਕਾਂਗਰਸੀ ਵਲੰਟੀਅਰਾਂ ਦੇ ਚਲੇ ਜਾਣ ਬਾਅਦ ਲਾਲਾ ਫਿਰ ਬਦੇਸ਼ੀ ਕੱਪੜਾ ਵੇਚਣ ਲੱਗਦਾ ਹੈ। ਕਹਾਣੀ ਵਿਚ ਦੱਸਿਆ ਗਿਆ ਹੈ ਕਿ "ਉਹ ਸਰਕਾਰ ਦੇ ਖ਼ੈਰਖ਼ਾਹ ਸਨ । ਸਾਹਿਬ ਬਹਾਦਰਾਂ ਨੂੰ ਮੌਕੇ ਮੌਕੇ 'ਤੇ ਡਾਲੀਆਂ, ਨਜ਼ਰਾਂ ਦਿੰਦੇ ਰਹਿੰਦੇ ਸਨ । ਪੁਲਸ ਨਾਲ ਵੀ ਦੋਸਤੀ ਸੀ । ਮਿਉਂਸਪੈਲਿਟੀ ਦੇ ਮੈਂਬਰ ਵੀ ਸਨ । ਕਾਂਗਰਸ ਦੇ ਬਿਉ-ਪਾਰਕ ਹੁਕਮਾਂ ਦਾ ਵਿਰੋਧ ਕਰ ਕੇ ਉਹ 'ਵਫ਼ਾਦਾਰ ਸਭਾ' ਦੇ ਖ਼ਜ਼ਾਨਚੀ ਬਣ ਬੈਠੇ ।"[70] ਲਾਲਾ ਜੀ ਨੂੰ ਇਹ ਵੀ ਵਿਸ਼ਵਾਸ ਹੈ ਕਿ ਕਾਂਗਰਸੀ ਇਕਰਾਰਨਾਮੇ 'ਤੇ ਦਸਖ਼ਤ ਕਰ ਕੇ ਉਨ੍ਹਾਂ ਜਿਹੜਾ ਨੌਕਰਸ਼ਾਹੀ ਨੂੰ ਨਾਰਾਜ਼ ਕਰ ਲਿਆ ਹੈ, ਉਸ ਨੂੰ ਉਹ ਮਾਇਆ ਦੇ ਜ਼ੋਰ ਨਾਲ ਫਿਰ ਠੀਕ ਕਰ ਲੈਣਗੇ ।

ਗਿ: ਗੁਰਮਖ ਸਿੰਘ ਮੁਸਾਫ਼ਰ ਦੀ ਕਹਾਣੀ 'ਫੱਤਿਆ ਫੱਤ ਫੱਤ'[71] ਵਿਚ ਅੰਗਰੇਜ਼ੀ ਰਾਜ ਦੇ ਸਮੇਂ ਝੂਠੀਆਂ ਗਵਾਹੀਆਂ ਦੇਣ ਵਾਲੇ ਫੱਤੇ ਦੇ ਅਚਾਨਕ ਜੇਲ੍ਹ ਚਲੇ ਜਾਣ

---

69. ਮਾਸਕ ਪੱਤਰ ਕਿਰਤੀ (ਅਪ੍ਰੈਲ 1927 ਈ.), ਸਫ਼ਾ 50.

70. ਮਾਸਕ ਪੱਤਰ ਪ੍ਰੀਤਮ (16 ਫ਼ਰਵਰੀ 1923 ਈ.), ਸਫ਼ਾ 29.

71. ਗਿਆਨੀ ਗੁਰਮੁਖ ਸਿੰਘ ਮੁਸਾਫ਼ਰ — ਵੱਖਰੀ ਦੁਨੀਆਂ, ਸਫ਼ਾ 48.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੇਂ, ਕੈਦੀਆਂ ਵਲੋਂ ਉਹਦੇ ਨਾਲ ਇੱਨਾ ਦੂਰ-ਵਿਵਹਾਰ ਹੁੰਦਾ ਹੈ ਕਿ ਉਹ ਆਪਣੇ ਕੀਤੇ ਉਤੇ ਪਛਤਾਉਂਦਾ ਹੈ।

ਨਰਿੰਦਰ ਸਿੰਘ ਸੋਚ ਦੀ ਰਚਨਾ 'ਕੈਦੀ' ਦਾ ਮੁੱਖ ਪਾਤਰ ਜਦ ਨੰਬਰਦਾਰ ਦੀ ਧਮਕੀ ਦੇ ਪ੍ਰਭਾਵ ਹੇਠ ਆ ਕੇ ਬੰਬ ਰੱਖਣ ਵਾਲੇ ਦੇਸ਼-ਭਗਤ ਦੇ ਖ਼ਿਲਾਫ਼ ਝੂਠੀ ਗਵਾਹੀ ਦੇਣ ਲਈ ਰਜ਼ਾਮੰਦ ਹੋ ਜਾਂਦਾ ਹੈ, ਤਾਂ ਸੁਫ਼ਨੇ ਵਿਚ ਉਸ ਦਾ ਪਿਤਾ ਉਸ ਨੂੰ ਸੁਚੇਤ ਕਰਦਾ ਹੋਇਆ ਕਹਿੰਦਾ ਹੈ — "ਜੇ ਤੂੰ ਵਤਨ ਦਾ ਕੁਝ ਨਹੀਂ ਸਵਾਰ ਸਕਦਾ, ਤਦ ਵਾਸਤਾ ਈ ਰੱਬ ਦਾ, ਕੁਝ ਵਗਾੜੀਂ ਨਾ।"[72]

ਦੇਸ਼-ਧ੍ਰੋਹੀਆਂ ਤੇ ਸਵਾਰਥੀਆਂ ਨੂੰ ਸਜ਼ਾਵਾਂ ਦਿੱਤੇ ਜਾਣ ਦਾ ਜ਼ਿਕਰ ਵੀ ਕੁਝ ਕਹਾਣੀਆਂ ਵਿਚ ਮਿਲਦਾ ਹੈ। 'ਦੇਸ਼-ਧ੍ਰੋਹ ਦੀ ਸਜ਼ਾ' (ਲੇਖਕ ਅਗਿਆਤ) ਇਕ ਹੋਰ ਅਜਿਹੀ ਕਹਾਣੀ ਹੈ ਜਿਸ ਵਿਚ ਅਠਾਰਵੀਂ ਸਦੀ ਦੇ ਆਰੰਭਕ ਦਹਾਕਿਆਂ ਦੇ ਮੁਗ਼ਲ ਬਾਦਸ਼ਾਹ ਫ਼ਰਖ਼ਸੀਅਰ ਦੇ ਜ਼ਮਾਨੇ ਨੂੰ ਪਿੱਛੋਕੜ ਵਿਚ ਰੱਖ ਕੇ ਦੇਸ਼ ਨਾਲ ਗ਼ਦਾਰੀ ਕਰਨ ਵਾਲਿਆਂ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ ਕੀਤਾ ਗਿਆ ਹੈ। ਕਹਾਣੀ ਦਾ ਮੁੱਖ ਪਾਤਰ ਘਸੀਟਾ ਰਾਮ ਹੈ ਜਿਸ ਨੇ ਸਵਾਰਥ ਕਾਰਨ ਅਨੇਕਾਂ ਦੇਸ਼-ਭਗਤਾਂ ਨੂੰ ਮਰਵਾਇਆ ਜਾਂ ਫਸਾਇਆ। ਦੇਸ਼-ਭਗਤਾਂ ਦੀ ਪ੍ਰੇਰਨਾ ਨਾਲ ਜਦੋਂ ਘਸੀਟਾ ਰਾਮ ਦੀ ਪਤਨੀ ਆਪਣੇ ਪਤੀ ਦੀਆਂ ਦੇਸ਼-ਵਿਰੋਧੀ ਕਾਰਵਾਈਆਂ ਤੋਂ ਜਾਣੂ ਹੋ ਜਾਂਦੀ ਹੈ, ਤਾਂ ਉਹ ਵੀ ਪਤੀ ਨੂੰ ਛੱਡ ਕੇ ਦੇਸ਼-ਭਗਤਾਂ ਨਾਲ ਜਾ ਰਲਦੀ ਹੈ। ਜਦੋਂ ਦੇਸ਼-ਭਗਤਾਂ ਦਾ ਜੱਥਾ ਦੇਸ਼-ਧ੍ਰੋਹ ਦਾ ਬਦਲਾ ਲੈਣ ਲਈ ਘਸੀਟਾ ਰਾਮ ਨੂੰ ਮਾਰਨ ਦੀ ਯੋਜਨਾ ਬਣਾ ਲੈਂਦਾ ਹੈ, ਤਾਂ ਘਸੀਟਾ ਰਾਮ ਦੀ ਪਤਨੀ ਸ਼ੀਲਾ ਇਹ ਕੰਮ ਆਪਣੇ ਜ਼ਿੱਮੇ ਲੈ ਲੈਂਦੀ ਹੈ। ਉਹ ਇਕ ਨੌਜਵਾਨ ਦਾ ਭੇਸ ਧਾਰ ਕੇ ਆਪਣੇ ਪਤੀ ਨੂੰ ਛੁਰੇ ਨਾਲ ਮਾਰ ਦਿੰਦੀ ਹੈ। ਪਿੱਛੋਂ ਫ਼ਰਖ਼ਸੀਅਰ ਬਾਦਸ਼ਾਹ ਦੇ ਸਿਪਾਹੀਆਂ ਵਲੋਂ ਗੋਲੀਆਂ ਨਾਲ ਉਡਾ ਦਿੱਤੀ ਜਾਂਦੀ ਹੈ। ਮਰਨ ਤੋਂ ਪਹਿਲਾਂ ਸ਼ੀਲਾ ਕਹਿੰਦੀ ਹੈ:— "ਮੈਂ ਇਕ ਦੇਸ਼ਘਾਤੀ ਦਾ ਕਤਲ ਕੀਤਾ ਹੈ। ਮੈਂ ਕੌਮ ਤੇ ਦੇਸ਼ ਦੀ ਖਾਤਰ ਆਪਣੀ ਜਿੰਦ ਦੇਣ ਨੂੰ ਤਿਆਰ ਹਾਂ, ਇਕ ਵਾਰ ਨਹੀਂ, ਹਜ਼ਾਰ ਵਾਰ ਮੈਂ ਆਜ਼ਾਦੀ ਲਈ ਖ਼ੂਨ ਦੀ ਹੋਲੀ ਖੇਡਣ ਨੂੰ ਤਿਆਰ ਹਾਂ।"[73]

ਪਾਂਧੀ ਦੀ ਰਚਨਾ "ਸੱਚੀ ਉਦਾਰਤਾ" ਇਕ ਲੰਬੀ ਰਾਸ਼ਟਰਵਾਦੀ ਕਹਾਣੀ ਹੈ। ਇਸ ਵਿਚ ਇਕ ਅਜਿਹੇ ਦੇਸ਼-ਭਗਤ ਪ੍ਰਤੀ ਸ਼ਰਧਾ ਪ੍ਰਗਟ ਕੀਤੀ ਗਈ ਹੈ ਜਿਸ ਨੇ ਇਕ ਸਰਦਾਰ ਬੈਰਿਸਟਰ ਨੂੰ ਕਤਲ ਕੀਤਾ, ਕਿਉਂਕਿ ਉਸ ਨੇ ਰਾਸ਼ਟਰਵਾਦੀਆਂ ਦੇ ਖ਼ਿਲਾਫ਼ "ਪੁਲੀਸ ਨੂੰ ਝੂਠੀਆਂ ਗਵਾਹੀਆਂ ਵਿਚ ਸਹਾਇਤਾ ਕੀਤੀ, ਨਿਰਦਯਤਾ ਅਤੇ

---

72. ਮਾਸਕ ਪੱਤਰ **ਪੰਜ ਦਰਿਆ** (ਦਸੰਬਰ 1939 ਈ.), ਸਫ਼ਾ 20.

73. ਮਾਸਕ ਪੱਤਰ **ਕਿਰਤੀ** (ਜਨਵਰੀ 1928 ਈ.), ਸਫ਼ਾ 32.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੇਦਰਦੀ ਨਾਲ ਨਿਰਦੋਸ਼ ਅਰ ਬਹੁਤ ਕਰਕੇ ਗ੍ਰੀਬ ਨੌਜਵਾਨਾਂ ਨੂੰ ਤਬਾਹ ਕੀਤਾ ।... ਇਨ੍ਹਾਂ ਗ੍ਰੀਬਾਂ ਦਾ ਕੇਵਲ ਇੱਨਾ ਕਸੂਰ ਸੀ ਕਿ ਉਹ ਭਾਰਤ ਦੇ ਸੱਚੇ ਮਿੱਤਰ ਸਨ। ਆਪਣਾ ਸਾਰਾ ਸਮਾਂ ਹੀ ਜਨਤਾ ਦੀ ਵਿਦਯਾ ਅਥਵਾ ਸੇਵਾ ਵਿਚ ਬਤੀਤ ਕਰਦੇ ਸਨ। ਆਪ ਫਾਕੇ ਕਟਦੇ ਸਨ ਪਰ ਰਈਅਤ ਉਪਰ ਪੁਲੀਸ ਕਰਮਚਾਰੀਆਂ ਅਰ ਸਰਕਾਰੀ ਚਾਟੜਿਆਂ ਦੀਆਂ ਸਖਤੀਆਂ ਨਹੀਂ ਹੋਣ ਦਿੰਦੇ ।"[74] ਇਸ ਕਾਤਲ ਨੌਜਵਾਨ ਤੋਂ ਬੈਰਿਸਟਰ ਦੀ ਮੌਤ ਦਾ ਬਦਲਾ ਲੈਣ ਤੁਰੀ ਪਤਨੀ ਨੂੰ ਜਦੋਂ ਪਤੀ ਦੀਆਂ ਰਾਸ਼ਟਰ-ਵਿਰੋਧੀ ਸਰਗਰਮੀਆਂ ਦਾ ਪਤਾ ਚਲਦਾ ਹੈ, ਤਾਂ ਉਹ ਕਹਿੰਦੀ ਹੈ — "ਮੈਂ ਇਕ ਸੱਚੀ ਭਾਰਤ ਪੁੱਤਰੀ ਦੇ ਫ਼ਰਜ਼ ਨੂੰ ਅਨੁਭਵ ਕਰ ਕੇ ਤੁਹਾਨੂੰ ਮੁਆਫ਼ ਕਰਦੀ ਹਾਂ।"

'ਰੱਖੜੀਆਂ'[75] ਕਹਾਣੀ ਵਿਚ ਦੇਸ਼-ਭਗਤਾਂ ਉਤੇ ਜ਼ੁਲਮ ਕਰਨ ਵਾਲੇ ਭਾਰਤੀ ਦਰੋਗ਼ੇ ਨੂੰ ਕ੍ਰਾਂਤੀ ਕੁਮਾਰੀ ਨਾਮ ਦੀ ਇਨਕਲਾਬੀ ਔਰਤ ਸਿੱਖਿਆ ਤੇ ਚੇਤਾਵਨੀ ਦਿੰਦੀ ਹੈ ਕਿ "ਜੇ ਤੁਸੀਂ ਤਰਸ ਤੇ ਖਿਮਾਂ ਦੇ ਨਾਲ ਨਾਲ ਆਪਣਾ ਜੀਵਨ ਢਾਲ ਲਵੋਂਗੇ ਤਾਂ ਤੁਹਾਡਾ ਕੋਈ ਵਾਲ ਵੀ ਵਿੰਗਾ ਨਹੀਂ ਕਰਦਾ ।" ਕਹਾਣੀ ਦੇ ਅਖ਼ੀਰ ਵਿਚ ਨਾਟਕੀ ਢੰਗ ਨਾਲ ਦਰੋਗ਼ੇ ਨੂੰ ਇਨ੍ਹਾਂ ਇਨਕਲਾਬੀਆਂ ਦਾ ਹਮਦਰਦ ਬਣਾਇਆ ਗਿਆ ਹੈ ।

ਇਉਂ ਕੌਮੀ ਗ਼ਦਾਰਾਂ ਦੀਆਂ ਰਾਸ਼ਟਰ-ਵਿਰੋਧੀ ਸਰਗਰਮੀਆਂ ਨੂੰ ਨਿੰਦਦਿਆਂ, ਪੰਜਾਬੀ ਕਹਾਣੀ ਨੇ ਉਨ੍ਹਾਂ ਜੋਸ਼ੀਲੇ ਰਾਸ਼ਟਰਵਾਦੀਆਂ ਦੀ ਸ਼ਲਾਘਾ ਕੀਤੀ ਹੈ ਜੋ ਅਜਿਹੇ ਕੌਮੀ ਦੁਸ਼ਮਣਾਂ ਨੂੰ ਜਾਨੋ ਮਾਰ ਦੇਣ ਤੱਕ ਜਾਂਦੇ ਹਨ।

ਕਿਸੇ ਵੀ ਲੋਕ-ਲਹਿਰ ਨੂੰ ਉਤਸ਼ਾਹਤ ਕਰਨ ਵਿਚ ਉਸ ਰਾਸ਼ਟਰ ਦੀ ਪੱਤਰ-ਕਾਰੀ ਦਾ ਵੱਡਾ ਯੋਗਦਾਨ ਹੁੰਦਾ ਹੈ । ਭਾਰਤੀ ਪੱਤਰਕਾਰੀ ਨੇ ਵੀ ਰਾਸ਼ਟਰੀ ਸੰਘਰਸ਼ ਨੂੰ ਭਾਰਤ ਦੇ ਕੋਨੇ ਕੋਨੇ ਵਿਚ ਪਹੁੰਚਾਇਆ। ਪਰ ਇਸ ਦੇ ਨਾਲ ਹੀ ਇਸ ਖੇਤਰ ਵਿਚ ਕੁਝ ਅਜਿਹੇ ਪੱਤਰਕਾਰ ਵੀ ਸਨ ਜੋ ਸਰਮਾਏਦਾਰਾਂ ਅਤੇ ਸਰਕਾਰ ਦੇ ਝੋਲੀ-ਚੁੱਕ ਸਨ। ਅਜਿਹੇ ਪੱਤਰਕਾਰ ਕੌਮੀ ਲਹਿਰ ਨੂੰ ਕਾਫ਼ੀ ਵੱਡਾ ਧੱਕਾ ਪਹੁੰਚਾਉਂਦੇ ਸਨ। ਅਜਿਹੇ ਰਾਸ਼ਟਰੀ ਗ਼ਦਾਰਾਂ ਵਲ ਵੀ ਪੰਜਾਬੀ ਕਹਾਣੀਕਾਰ ਧਿਆਨ ਦਿੰਦੇ ਰਹੇ।

ਗਿ: ਹੀਰਾ ਸਿੰਘ ਦਰਦ ਜੋ ਆਪ ਇਕ ਦੇਸ਼-ਭਗਤ ਪੱਤਰਕਾਰ ਸਨ, ਨੇ 'ਗ਼ਦਾਰ'[76] ਕਹਾਣੀ ਲਿਖੀ, ਜਿਸ ਵਿਚ ਰਾਸ਼ਟਰੀ ਸੰਘਰਸ਼ ਦੇ ਰਾਹ ਵਿਚ ਰੋੜੇ

---

74. ਮਾਸਕ ਪੱਤਰ ਫੁਲਵਾੜੀ (ਜੂਨ 1929 ਈ.), ਸਫ਼ਾ 30-31.

75. ਗਿਆਨੀ ਹੀਰਾ ਸਿੰਘ ਦਰਦ — ਪੰਜਾਬੀ ਸੱਧਰਾਂ, ਸਫ਼ਾ 77.

76. ਮਾਸਕ ਪੱਤਰ ਫੁਲਵਾੜੀ (ਸਾਵਣ-ਭਾਦਰੋਂ 1991 ਸੰ.), ਸਫ਼ਾ 748.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਟਕਾਉਣ ਵਾਲੀ ਪੱਤਰਕਾਰੀ ਨੂੰ ਵਿਅੰਗਾਤਮਕ ਅੰਦਾਜ਼ ਵਿਚ ਉਘਾੜਿਆ ਗਿਆ ਹੈ। ਕਹਾਣੀ ਵਿਚ ਇਕ ਪਾਸੇ ਅਜੀਤ ਸਿੰਘ ਪੱਤਰਕਾਰ ਹੈ ਜੋ ਰਾਸ਼ਟਰੀ ਜਦੋਂ-ਜਹਿਦ ਦਾ ਜ਼ੋਰਦਾਰ ਸਮਰਥਨ ਕਰ ਕੇ ਜੇਲ੍ਹ ਜਾਂਦਾ ਹੈ ਤੇ ਵਾਪਸ ਆ ਕੇ ਲੋਕਾਂ ਦੇ ਸਤਿਕਾਰ ਦਾ ਪਾਤਰ ਬਣਦਾ ਹੈ, ਤੇ ਦੂਜੇ ਪਾਸੇ ਪ੍ਰਲੋਕ ਨਾਥ ਜਿਹਾ ਪੱਤਰਕਾਰ ਹੈ ਜਿਹੜਾ ਆਪਣੇ 'ਵਫ਼ਾਦਾਰ' ਨਾਂ ਦੇ ਪਰਚੇ ਵਿਚ ਆਪਣੇ ਦੇਸ਼ ਅਤੇ ਦੇਸ਼-ਭਗਤਾਂ ਨਾਲ ਬੇਵਫ਼ਾਈ ਕਰਦਾ ਹੈ। ਕਹਾਣੀ ਵਿਚ ਇਸ ਪੱਤਰਕਾਰ ਦਾ ਮਜ਼ਾਕ ਉਡਾਇਆ ਗਿਆ ਹੈ। ਇਕ ਪਾਤਰ ਦਸਦਾ ਹੈ — "ਜਿਵੇਂ ਕੌਮੀ ਸੇਵਾ ਦੇ ਮੈਦਾਨ ਵਿਚ ਅਜੀਤ ਹੁਰਾਂ ਦੀ ਕੁਰਬਾਨੀ ਲਾਸਾਨੀ ਹੈ, ਇਸੇ ਤਰ੍ਹਾਂ ਗਾਲ੍ਹਾਂ ਕੱਢਣ ਵਿਚ ਤੇ ਖੁਸ਼ਾਮਦ ਕਰਨ ਵਿਚ ਪ੍ਰਲੋਕ ਲਾਸਾਨੀ ਹੈ। ਸਾਰੇ ਹੱਸ ਪਏ।"

ਸਰਮੁੱਖ ਸਿੰਘ ਅਮੋਲ ਦੀ ਰਚਨਾ 'ਮੇਰਾ ਅਜਾਇਬ ਘਰ' ਦੇ ਪਿਛੋਕੜ ਵਿਚ ਇਕ ਅਜਿਹੇ ਸੰਪਾਦਕ ਦੀ ਗੱਲ ਕੀਤੀ ਗਈ ਹੈ ਜਿਸ 'ਤੇ ਪ੍ਰੈੱਸ-ਐਕਟ ਅਧੀਨ ਮੁਕੱਦਮਾ ਬਣਾਇਆ ਗਿਆ ਹੈ। ਕੁਝ ਸਾਲਾਂ ਦੀ ਕੈਦ ਕਟਦਿਆਂ ਬੀਮਾਰੀ ਦੀ ਹਾਲਤ ਵਿਚ ਸੰਪਾਦਕ ਦੀ ਮੌਤ ਹੋ ਜਾਂਦੀ ਹੈ। ਸੰਪਾਦਕ ਦੀ ਦੁੱਖੀ ਪਰ ਦੇਸ਼-ਭਗਤ ਪਤਨੀ ਨੇ ਪਤੀ ਦੀ ਕਲਮ ਆਪਣੇ ਪੁੱਤਰ ਦੇ ਵੱਡੇ ਹੋਣ ਤੱਕ ਲਈ ਸਾਂਭ ਰਖੀ ਹੈ। ਉਸ ਦਾ ਕਹਿਣਾ ਹੈ — "ਜਦੋਂ ਮੇਰਾ ਗੋਪਾਲ ਕਿਸੇ ਆਜ਼ਾਦ ਅਖ਼ਬਾਰ ਦਾ ਐਡੀਟਰ ਬਣੇਗਾ, ਤਾਂ ਇਹ ਕਲਮਦਾਨ ਉਸ ਦੇ ਮੇਜ਼ 'ਤੇ ਸਜੇਗਾ ਤੇ ਉਸ ਨੂੰ ਪਿਉ ਦੀ ਨਿਰਪੱਖ ਤੇ ਨਿਧੱੜਕ ਰਾਏ ਦਾ ਚੇਤਾ ਕਰਾਉਂਦਾ ਰਹੇਗਾ।"[77]

ਜੇਲ੍ਹ-ਜੀਵਨ ਅਤੇ ਪੰਜਾਬੀ ਕਹਾਣੀ

ਕੁਝ ਇਕ ਪੰਜਾਬੀ ਲੇਖਕਾਂ ਨੇ ਸਾਮਰਾਜੀ ਅਨਿਆਂ ਦਾ ਤੀਬਰ ਅਹਿਸਾਸ ਪੈਦਾ ਕਰਨ ਲਈ ਜੇਲ੍ਹਾਂ ਅੰਦਰਲੀ ਨਿਰਦਈ ਦੁਨੀਆਂ ਨੂੰ ਕਹਾਣੀਆਂ ਵਿਚ ਪ੍ਰਗਟਾਇਆ। ਉਨ੍ਹਾਂ ਨੇ ਗ਼ੁਲਾਮ ਭਾਰਤ ਦੀਆਂ ਜੇਲ੍ਹਾਂ ਵਿਚ ਰਾਜਸੀ ਤੇ ਅਖ਼ਲਾਕੀ ਕੈਦੀਆਂ ਨਾਲ ਹੁੰਦੇ ਜ਼ੁਲਮ ਤੇ ਬੇਇਨਸਾਫ਼ੀ ਦਾ ਬਾਰੀਕ ਵਿਵਰਣ ਦੇ ਕੇ ਭਾਰਤੀਆਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਇਆ। ਇਸ ਨੁਕਤੇ ਤੋਂ ਸਭ ਤੋਂ ਵੱਧ ਕੰਮ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਨੇ ਕੀਤਾ, ਜਿਸ ਨੇ ਸੁਤੰਤਰਤਾ ਸੰਗਰਾਮ ਦੇ ਦੌਰਾਨ ਕਾਫ਼ੀ ਕੈਦ ਭੁਗਤੀ ਅਤੇ ਆਪਣੇ ਜੇਲ੍ਹ-ਜੀਵਨ ਦੌਰਾਨ ਹੋਏ ਅਨੁਭਵ ਦੇ ਆਧਾਰ 'ਤੇ ਜੇਲ੍ਹਾਂ ਅੰਦਰਲੀ ਬੇਇਨਸਾਫ਼ ਦੁਨੀਆਂ ਵਿਚੋਂ ਘਟਨਾਵਾਂ ਲੈ ਕੇ 'ਵੱਖਰੀ ਦੁਨੀਆਂ' ਨਾਮ ਦਾ ਮੁਕੰਮਲ ਕਹਾਣੀ ਸੰਗ੍ਰਿਹ ਪ੍ਰਕਾਸ਼ਤ ਕਰਵਾਇਆ।

---

77. ਸ. ਸ. ਅਮੋਲ — ਰੋਂਦੀ ਦੁਨੀਆਂ (1945), ਸਫ਼ਾ 11.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਵੱਖਰੀ ਦੁਨੀਆਂ' ਦੀਆਂ ਸਾਰੀਆਂ ਕਹਾਣੀਆਂ ਜੇਲ੍ਹ-ਜੀਵਨ ਦੇ ਦੁਖਾਂਤ ਅਨੁਭਵ ਨੂੰ ਸਾਕਾਰ ਕਰਦੀਆਂ ਹਨ। 'ਸੱਭ ਹੱਛਾ'[78] ਵਿਚਲਾ ਜਲਾਲ ਆਪਣੇ ਵਿਆਹ ਸਮੇਂ ਸਰਕਾਰੀ ਟਾਹਲੀ ਕੱਟਣ ਦੇ ਦੋਸ਼ ਵਿਚ ਛੇ ਮਹੀਨੇ ਲਈ ਕੈਦ ਹੁੰਦਾ ਹੈ ਅਤੇ ਕੈਦ ਦੇ ਸਮੇਂ ਵਿਚ ਮੁਸ਼ੱਕਤ ਕਰਦਾ ਕਰਦਾ ਬਿਮਾਰ ਹੋ ਜਾਂਦਾ ਹੈ। ਕੈਦੀਆਂ ਤੋਂ ਲਾ-ਪ੍ਰਵਾਹ ਡਾਕਟਰਾਂ ਦੀ ਅਣਗਹਿਲੀ ਦਾ ਸ਼ਿਕਾਰ ਹੋ ਕੇ ਇਕ ਦਿਨ ਅਜਾਂਈ ਮੌਤ ਮਾਰਿਆ ਜਾਂਦਾ ਹੈ। 'ਸੱਭ ਹੱਛਾ' ਸਿਰਲੇਖ ਵੀ ਜੇਲ੍ਹ-ਪ੍ਰਬੰਧ ਉਤੇ ਵਿਅੰਗ ਕਰਦਾ ਹੈ, ਜਿਥੇ ਕੈਦੀ ਦੀ ਮੌਤ ਦੀ ਸੂਰਤ ਵਿਚ ਵੀ 'ਸੱਭ ਅੱਛਾ' ਦਾ ਹੋਕਾ ਦਿੱਤਾ ਜਾਂਦਾ ਹੈ। 'ਚੌਵੀ ਸੇਰ' ਕਹਾਣੀ ਦਾ ਨੰਦ ਸਿੰਘ ਅਕਾਲੀ ਮੋਰਚਿਆਂ ਵਿਚ ਕੈਦ ਹੋ ਕੇ ਆਇਆ ਕੈਦੀ ਹੈ। ਜੇਲ੍ਹ ਵਿਚ ਹੁੰਦੀ ਬੇਇਨਸਾਫ਼ੀ ਤੇ ਜ਼ੁਲਮ ਵਿਰੁਧ ਬੋਲਦਾ ਹੋਇਆ ਕਹਿੰਦਾ ਹੈ — "ਅਸਾਂ ਡਿਗੀਆਂ ਵਿਚ ਗੋਤੇ ਖਾਧੇ, ਗਿੱਦੜ ਕੁਟ ਖਾਧੀ, ਚੱਕੀਆਂ ਵੀ ਪੀਸੀਆਂ, ਕੋਹਲੂ ਗੇੜੇ, ਮੁੰਜਾਂ ਕੁੱਟੀਆਂ, ਪੰਪ ਚਲਾਏ, ਬੈਂਤ ਵੀ ਖਾਧੇ ਤੇ ਸਾਡੇ ਤਿੰਨ ਚਾਰ ਭਰਾ ਸ਼ਹੀਦੀਆਂ ਵੀ ਪਾ ਗਏ, ਹੁਣ ਬਾਈਕਾਟ ਜਾਰੀ ਰੱਖਣਾ ਚਾਹੀਦਾ ਹੈ।"

'ਅੱਲ੍ਹਾ ਰਹਿਮ ਕਰੇਗਾ' ਦਾ ਮੰਗੂ ਵੀ ਜੇਲ੍ਹ ਅੰਦਰਲੇ ਹਸਪਤਾਲ ਬਾਰੇ ਕਹਿੰਦਾ ਹੈ — "ਜਾਨ ਕੱਢਣ ਲਈ ਤੇ ਇਥੇ ਬਥੇਰਾ ਉਦਮ ਹੁੰਦਾ ਹੈ, ਜਾਨ ਪਾਣ ਦਾ ਕੋਈ ਵਸੀਲਾ ਨਹੀਂ।"[79] 'ਚੁਸਤ ਮਹਿਕਮਾ' ਕਹਾਣੀ ਵਿਚ ਜੇਲ੍ਹ-ਪ੍ਰਬੰਧ ਦੀ ਨਾਲਾਇਕੀ ਦਾ ਕਠੋਰ ਮਜ਼ਾਕ ਉਡਾਇਆ ਗਿਆ ਹੈ।[80] 'ਚੋਰਾਂ ਦੇ ਚੋਰ' ਵਿਚ ਕੈਦੀਆਂ ਦੇ ਰਾਸ਼ਨ ਤੇ ਦਵਾਈਆਂ ਵਿਚੋਂ ਹੱਥ ਫੇਰਨ ਵਾਲੇ ਜੇਲ੍ਹ-ਪ੍ਰਬੰਧਕਾਂ ਨੂੰ ਭੰਡਿਆ ਗਿਆ ਹੈ।[81] 'ਵੱਖਰੀ ਦੁਨੀਆਂ' ਸੰਗ੍ਰਹਿ ਦੀ ਇਕ ਹੋਰ ਕਹਾਣੀ 'ਬੇਗੁਨਾਹ' ਵਿਚ ਝੂਠੀਆਂ ਗਵਾਹੀਆਂ ਦੇ ਸ਼ਿਕਾਰ ਲੋਕ ਫਾਂਸੀ ਲਟਕਦੇ ਹਨ।

ਗਿ. ਹੀਰਾ ਸਿੰਘ ਦਰਦ ਦੀ ਕਹਾਣੀ 'ਸ਼ਹੀਦ ਦੀ ਅਮਾਨਤ' ਵੀ ਅੰਗਰੇਜ਼ੀ ਜੇਲ੍ਹ-ਪ੍ਰਬੰਧਕਾਂ ਦੀ ਨਿਰਦੈਤਾ ਦਾ ਦਰਦਨਾਕ ਵੇਰਵਾ ਪੇਸ਼ ਕਰਦੀ ਹੈ। ਕਹਾਣੀ ਦਾ ਇਕ ਕੈਦੀ ਪਾਤਰ ਰਾਜਨੀਤਕ ਕੈਦੀਆਂ ਨੂੰ ਸ਼ਕਾਇਤ ਕਰਦਾ ਹੈ ਕਿ -- "ਮੈਂ ਭੁੱਖਾਂ ਸਹਾਰੀਆਂ, ਮਾਰਾਂ ਖਾਧੀਆਂ, ਅਠਾਰਾਂ ਅਠਾਰਾਂ ਸੇਰ ਦਾਣੇ ਪੀਠੇ ਪਰ ਦੁਖ ਨਹੀਂ ਮਨਾਇਆ, ਪਰ ਕੱਲ੍ਹ ਮੇਰੇ ਉਤੇ ਅੱਠ ਦਸ ਜਰਵਾਣੇ ਡਾਹੇ ਗਏ, ਜਿਨ੍ਹਾਂ ਨੇ ਪਹਿਲਾਂ ਗਿੱਦੜ ਕੁਟ ਕੀਤੀ, ਫਿਰ ਮੇਰੇ ਕੇਸ ਤੇ ਦਾੜ੍ਹੀ ਪੁੱਟੀ ਤੇ ਕਲਗੀਧਰ ਦੀਆਂ ਇਨ੍ਹਾਂ ਪਵਿੱਤਰ ਦਾਤਾਂ ਵਿਚ ਨਾਲੀ ਦਾ ਗੰਦਾ ਪਾਣੀ ਪਾਇਆ, ਨਾਲੇ ਗੁਰੂ ਸਾਹਿਬ ਨੂੰ

---

78. ਗਿਆਨੀ ਗੁਰਮੁਖ ਸਿੰਘ ਮੁਸਾਫ਼ਰ -- ਵੱਖਰੀ ਦੁਨੀਆਂ (1945), ਸਫ਼ਾ 11.
79. ਉਹੀ, ਸਫ਼ਾ 118.
80. ਉਹੀ, ਸਫ਼ਾ 155.
81. ਉਹੀ, ਸਫ਼ਾ 132.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾਲ੍ਹਾਂ ਕੱਢੀਆਂ। ਏਹ ਸਭ ਕੁਝ ਤਾਂ ਕੀਤਾ ਗਿਆ ਕਿ ਮੈਨੂੰ ਇਕ ਤਕੜਾ ਅਮੀਰ ਸਮਝ ਕੇ ਮੇਰੇ ਪਾਸੋਂ ਭਾਰੀ 'ਤਰੀਕ' ਮੰਗੀ ਜਾਂਦੀ ਪਰ ਮੈਂ ਇਸ ਵੇਲੇ ਕੰਗਾਲ ਹਾਂ।"[82]

ਕੁਝ ਕਹਾਣੀਆਂ ਵਿਚ ਜੇਲ੍ਹਾਂ ਅੰਦਰਲੇ ਦੇਸ਼-ਭਗਤਾਂ ਨੂੰ ਅਨਿਆਂ ਵਿਰੁਧ ਸੰਘਰਸ਼ ਕਰਦੇ ਵੀ ਦਿਖਾਇਆ ਗਿਆ ਹੈ। 'ਸ਼ਹੀਦ ਦੀ ਅਮਾਨਤ' ਦੇ ਰਾਜਸੀ ਕੈਦੀ ਅਖ਼ਲਾਕੀ ਕੈਦੀਆਂ ਨੂੰ ਦਿੱਤੇ ਗਏ ਤਸੀਹਿਆਂ ਦੇ ਖ਼ਿਲਾਫ਼ ਹੜਤਾਲ ਕਰਦੇ ਹਨ ਤੇ ਜੇਲ੍ਹ-ਪ੍ਰਬੰਧਕਾਂ ਨੂੰ ਝੁਕਣਾ ਪੈਂਦਾ ਹੈ। ਦਰਦ ਦੀ ਇਕ ਹੋਰ ਕਹਾਣੀ 'ਰੱਖੜੀਆਂ' ਵਿਚ ਰਾਜਸੀ ਕੈਦੀਆਂ ਦਾ ਜੇਲ੍ਹ-ਪ੍ਰਬੰਧਕਾਂ ਅੱਗੇ ਡੱਟ ਜਾਣ ਦਾ ਜ਼ਿਕਰ ਹੈ। ਕਹਾਣੀ ਅਨੁਸਾਰ "ਵੀਹ ਰਾਜਸੀ ਕੈਦੀਆਂ ਦੀ ਚਾਲੀ ਆ ਗਈ। ਤਲਾਸ਼ੀਆਂ 'ਤੇ ਝਗੜਾ, ਗੰਦੇ ਤੇ ਪਾਟੇ ਕਪੜੇ ਲੈਣ ਤੋਂ ਉਨ੍ਹਾਂ ਵਲੋਂ ਇਨਕਾਰ 'ਤੇ ਝਗੜਾ। ਅਖੀਰ ਖਰਾਬ ਰੋਟੀਆਂ ਖਾਣ ਤੋਂ ਉਨ੍ਹਾਂ ਸਾਫ਼ ਨਾਂਹ ਕਰ ਦਿੱਤੀ ਤੇ ਭੁੱਖ-ਹੜਤਾਲ ਕਰ ਦਿੱਤੀ.. ... ਹਰ ਗੱਲ ਵਿਚ ਰਾਜਸੀ ਕੈਦੀਆਂ ਸਾਮ੍ਹਣੇ ਦਰੋਗੇ ਨੂੰ ਹਾਰ ਮੰਨਣੀ ਪੈਂਦੀ।"[83]

ਬਦੇਸ਼ਾਂ ਵਿਚ ਚਲ ਰਹੇ ਉਨ੍ਹਾਂ ਦੇਸ਼ਾਂ ਦੇ ਰਾਸ਼ਟਰਵਾਦੀ ਸੰਘਰਸ਼ ਵੀ ਗ਼ੁਲਾਮ ਭਾਰਤੀਆਂ ਲਈ ਪ੍ਰੇਰਨਾ ਸਰੋਤ ਬਣ ਸਕਦੇ ਸਨ। ਇਸ ਲਈ ਪੰਜਾਬੀ ਕਹਾਣੀ ਨੇ ਇਸ ਸਰੋਤ ਨੂੰ ਵੀ ਰਾਸ਼ਟਰੀ ਮਨੋਰਥ ਤੋਂ ਪ੍ਰਯੋਗ ਕੀਤਾ। ਮਿਸਾਲ ਵਜੋਂ ਸੂਰਤ ਸਿੰਘ ਜੋਗੀ ਨੇ 'ਬਲੀਦਾਨ'[84] ਨਾਮ ਦੀ ਕਹਾਣੀ ਵਿਚ 'ਐਬੇਸੀਨੀਆਂ' ਦੇਸ਼ ਦੀਆਂ ਇਸਤਰੀਆਂ ਨੂੰ ਦੇਸ਼ ਲਈ ਕੁਰਬਾਨੀਆਂ ਦਿੰਦੇ ਦਰਸਾਇਆ।

1912 ਈ: ਵਿਚ 'ਚੀਨ ਦੇਸ਼ ਦੀ ਬਿਵਸਥਾ' (ਨੌਰਤਨ) ਨਾਮ ਦੀ ਇਕ ਕਹਾਣੀ ਛਪੀ ਜਿਸ ਵਿਚ ਚੀਨ ਅੰਦਰ ਬਦੇਸ਼ੀ ਮਾਂਚੂ ਹਾਕਮਾਂ ਵਿਰੁਧ ਸੰਘਰਸ਼ ਕਰ ਕੇ ਸਥਾਪਤ ਹੋਏ ਲੋਕਾਂ ਦੇ ਰਾਜ ਦੀ ਗੱਲ ਕੀਤੀ ਗਈ ਹੈ। ਕਹਾਣੀ ਦੇ ਵੇਰਵੇ ਅਨੁਸਾਰ "ਜਦ ਤੀਕ ਚੀਨੀ ਜਾਤੀ ਮੂਰਖਤਾ ਦੇ ਘੋਰ ਅੰਧਕਾਰ ਵਿਚ ਪਈ ਹੋਈ ਸੀ, ਤੱਦ ਤੀਕ ਮਾਂਚੂ ਹਾਕਮਾਂ ਦੀ ਕਠਿਨ ਹਕੂਮਤ ਸੌਂਹਦੀ ਰਹੀ ਕਿਤੂੰ ਹੁਣ ਬਹੁਤ ਸਾਰੇ (ਲੋਕ) ਯੂਰਪ ਅਤੇ ਅਮਰੀਕਾ ਵਿਚ ਰਹਿ ਕੇ ਰਾਜ-ਕਾਜ ਸੰਬੰਧੀ ਸਭ ਭਲਾਈਆਂ ਬੁਰਾਈਆਂ ਤੋਂ ਭਲੀ ਭਾਂਤ ਹੁਸ਼ਿਆਰ ਅਤੇ ਸਮਝਦਾਰ ਹੋ ਗਏ ਹਨ। ਇਸ ਕਾਰਨ ਹੁਣ ਉਨ੍ਹਾਂ ਦੀਆਂ ਅੱਖਾਂ ਖੁੱਲ੍ਹੀਆਂ ਹਨ, ਸੁਰਤ ਆਉਂਦੇ ਸਾਰ ਉਨ੍ਹਾਂ ਨੇ ਨਿਸਚੇ ਕਰ ਲਿਆ ਹੈ ਕਿ ਇਕੱਲੇ ਉਹ ਮੁਠੀ ਭਰ ਮਾਂਚੂ ਚੀਨ ਦੇ ਬਿਅੰਤ ਨਰ ਨਾਰੀਆਂ ਪਰ ਹੁਣ ਹਕੂਮਤ ਨਹੀਂ ਕਰ ਸਕਦੇ; ਹੁਣ ਸਾਰੇ ਦੇਸ਼ ਵਾਸੀ ਮਿਲ ਕੇ ਰਾਜ ਕਰਨਗੇ।"[85] ਕਹਾਣੀ ਦਾ ਉਪਰੋਕਤ

---

82. ਮਾਸਕ ਪੱਤਰ ਫੁਲਵਾੜੀ (ਮੱਘਰ-ਪੋਹ 1984 ਸੰ.), ਸਫ਼ਾ 153.

83. ਗਿਆਨੀ ਹੀਰਾ ਸਿੰਘ ਦਰਦ — ਪੰਜਾਬੀ ਸੱਧਰਾਂ, ਸਫ਼ਾ 77.

84. ਮਾਸਕ ਪੱਤਰ ਫੁਲਵਾੜੀ (ਬਲੀਦਾਨ ਅੰਕ — ਪੋਹ 1992 ਸੰ.), ਸਫ਼ਾ 913.

85. ਮਾਸਕ ਪੱਤਰ ਪੰਜਾਬੀ ਸੂਰਮਾ (15 ਮਾਰਚ, 1912 ਈ.), ਸਫ਼ਾ 33.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਰਵਾ ਭਾਰਤੀ ਹਾਲਾਤ ਨਾਲ ਕਾਫ਼ੀ ਮਿਲਦਾ ਹੋਣ ਕਰਕੇ ਭਾਰਤੀਆਂ ਲਈ ਖ਼ਾਸ ਅਰਥ ਰਖਦਾ ਹੈ।

ਇਵੇਂ ਹੀ ਨਵਤੇਜ ਸਿੰਘ ਨੇ 1945 ਵਿਚ 'ਅਣਜੰਮੇ ਬਾਲ ਦੇ ਨਾਂ' ਕਹਾਣੀ ਲਿਖੀ ਜਿਸ ਵਿਚ ਕਿਸੇ ਬਦੇਸ਼ੀ ਸੰਘਰਸ਼ ਸਮੇਂ ਮਾਰਕੋ ਨਾਂ ਦਾ ਦੇਸ਼-ਭਗਤ ਗ਼ੁਲਾਮੀ ਤੇ ਜ਼ੁਲਮ ਵਿਰੁੱਧ ਲੜ ਰਿਹਾ ਹੈ ਤੇ ਜੋ ਦੁਸ਼ਮਣ ਵਲੋਂ ਤਸ਼ਦੱਦ ਦੇ ਬਾਅਦ ਵੀ ਪਿੰਡ ਦੇ ਮੁੰਡਿਆਂ ਨੂੰ ਲੈ ਕੇ ਸੰਘਰਸ਼ ਜਾਰੀ ਰੱਖਣ ਦਾ ਯਤਨ ਕਰਦਾ ਹੈ। ਉਸ ਦਾ ਵਿਸ਼ਵਾਸ ਹੈ — "ਦੁਨੀਆਂ ਵਿਚ ਇਕੋ ਅਟੱਲ ਕਾਨੂੰਨ ਏਂ, ਕਿ ਨੇਰ੍ਹਿਆਂ ਬਾਅਦ ਸਦਾ ਪੌਹ ਫੁੱਟਦੀ ਹੈ।"[86]

'ਜ਼ਿੰਦਗੀ ਦੂਰ ਨਹੀਂ' ਕਹਾਣੀ ਵਿਚ ਚੀਨੀ ਬਹਾਦਰਾਂ ਦੀ ਅੰਗਰੇਜ਼ੀ ਸਾਮਰਾਜ ਨਾਲ ਟੱਕਰ ਨੂੰ ਸਾਕਾਰ ਕੀਤਾ ਗਿਆ ਹੈ। ਚੀਨ ਦੇ ਬਹਾਦਰ ਲੋਕ ਮਲਾਇਆ ਨੂੰ ਆਜ਼ਾਦ ਕਰਾਣ ਲਈ ਯਤਨਸ਼ੀਲ ਹਨ। ਕਹਾਣੀ ਵਿਚ ਅੰਗਰੇਜ਼ਾਂ ਦੇ ਜ਼ੁਲਮ ਦਾ ਭਾਵਪੂਰਤ ਵਰਨਣ ਹੈ। ਕਹਾਣੀ ਵਿਚ ਅੰਗਰੇਜ਼ੀ ਰਾਜ ਏਸ਼ੀਆ ਦੇ ਲੋਕਾਂ ਦਾ ਸਾਂਝਾ ਦੁਸ਼ਮਣ ਸਾਬਤ ਕੀਤਾ ਗਿਆ ਹੈ।"[87]

ਕੁਝ ਇਕ ਕਹਾਣੀਕਾਰਾਂ ਨੇ ਰਾਸ਼ਟਰਵਾਦੀ ਕਦਰਾਂ-ਕੀਮਤਾਂ ਦਾ ਪ੍ਰਗਟਾਵਾ ਕਰਨ ਲਈ ਸੰਕੇਤਕ ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਮਿਸਾਲ ਵਜੋਂ ਨੌਰੰਗ ਸਿੰਘ ਦੀ ਕਹਾਣੀ 'ਕੰਢਾ ਦੇਸ਼ ਦਾ' ਵਿਚ ਦੂਜੀ ਵਿਸ਼ਵ-ਜੰਗ ਦੇ ਪਿਛੋਕੜ ਵਿਚ ਸੰਕੇਤਕ ਢੰਗ ਨਾਲ ਪਾਤਰਾਂ ਨੂੰ ਦੇਸ਼ ਲਈ ਲੜਦੇ ਤੇ ਆਜ਼ਾਦੀ ਦੇ ਸੁਪਨੇ ਲੈਂਦੇ ਦਰਸਾਇਆ ਹੈ। ਕੰਢਾ ਨੇੜੇ ਹੋਣ ਦੀ ਆਸ ਬੰਨ੍ਹਾ ਕੇ ਲੇਖਕ ਕਹਾਉਂਦਾ ਹੈ — "ਤਕੜੇ ਹੋਵੋ, ਛੱਲਾਂ ਸਾਡੀ ਸਹਾਇਤਾ ਕਰ ਰਹੀਆਂ ਨੇ, ਪੌਣ ਸਾਡੀ ਪੱਖ ਉਤੇ ਹੈ।"[88] ਦੂਜੀ ਵਿਸ਼ਵ-ਜੰਗ ਦੌਰਾਨ ਛਪੀ ਇਹ ਕਹਾਣੀ ਭਾਰਤੀਆਂ ਨੂੰ ਅੰਗਰੇਜ਼ਾਂ ਦੇ ਸੰਕਟ ਦਾ ਫ਼ਾਇਦਾ ਉਠਾਣ ਦੀ ਅਸਿੱਧੇ ਤੌਰ 'ਤੇ ਪ੍ਰੇਰਨਾ ਕਰਦੀ ਹੈ।

ਸੁਰਜੀਤ ਸਿੰਘ ਸੇਠੀ ਦੀ ਕਹਾਣੀ 'ਅੱਪਸਰਾ' ਵਿਚ ਗ਼ੁਲਾਮ ਭਾਰਤ ਦਾ ਲੇਖਕ ਸਵਰਗ ਦੇ ਹਾਲਾਤ ਸੁਪਨੇ ਵਿਚ ਦੇਖਦਾ ਹੈ ਜਿਥੇ ਇਕ ਪਰੀ ਆਪਣੇ ਮੁਲਕ ਦੀ ਆਜ਼ਾਦ ਫ਼ਿਜ਼ਾ ਨੂੰ ਵੱਡਿਆਉਂਦੀ ਹੈ ਤੇ ਭਾਰਤ ਦੀ ਗ਼ੁਲਾਮੀ ਦੇ ਨਿਘਰਦੇ ਹਾਲਾਤ ਪ੍ਰਤੀ ਵੀ ਸੁਚੇਤ ਕਰਦੀ ਹੈ। ਇਹ ਅੱਪਸਰਾ ਕਹਿੰਦੀ ਹੈ — "ਸਾਡੀ ਦੁਨੀਆਂ ਵਿਚ ਕੋਈ ਕਿਸੇ ਦਾ ਨੌਕਰ ਨਹੀਂ ਹੁੰਦਾ, ਸਭ ਇੱਕੋ ਜਿਹੇ ਹਨ।" ਫਿਰ ਉਹ ਰਾਜੇ ਬਾਰੇ ਪੁਛਣ 'ਤੇ ਕਹਿੰਦੀ ਹੈ — "ਰਾਜਾ ਇੰਦਰ ਹੈ, ਪਰ ਉਹ ਤੁਹਾਡੀ ਸਰਕਾਰ

---

86. ਮਾਸਕ ਪੱਤਰ ਪ੍ਰੀਤ ਲੜੀ (ਅਗਸਤ 1945 ਈ.), ਸਫ਼ਾ 25.

87. ਜਸਵੰਤ ਸਿੰਘ ਕੰਵਲ — ਜ਼ਿੰਦਗੀ ਦੂਰ ਨਹੀਂ, ਸਫ਼ਾ 5.

88. ਮਾਸਕ ਪੱਤਰ ਪ੍ਰੀਤ ਲੜੀ (ਮਾਰਚ 1943 ਈ.), ਸਫ਼ਾ 12.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਂਗ ਲੋਕਾਂ 'ਤੇ ਜ਼ੁਲਮ ਨਹੀਂ ਕਰਦਾ, ਬੇਗੁਨਾਹਾਂ ਨੂੰ ਫਾਂਸੀ ਨਹੀਂ ਲਟਕਾਉਂਦਾ ਤੇ ਨਾ ਹੀ ਦੇਸ਼-ਭਗਤਾਂ 'ਤੇ ਗੋਲੀਆਂ ਦੀ ਬੁਛਾੜ ਕਰਦਾ ਹੈ।"[89] ਇਉਂ ਇਹ ਕਹਾਣੀ ਆਦਰਸ਼ਵਾਦੀ ਢੰਗ ਨਾਲ ਪਿਛੋਕੜ ਵਿਚ ਹੀ ਪਾਠਕ ਨੂੰ ਗ਼ੁਲਾਮੀ ਦਾ ਅਹਿਸਾਸ ਕਰਾ ਜਾਂਦੀ ਹੈ ਤੇ ਨਾਲ ਨਾਲ 'ਸਭ ਲਈ ਇਕੋ ਰਾਜ' ਦੀ ਤਾਂਘ ਵੀ ਪੈਦਾ ਕਰ ਜਾਂਦੀ ਹੈ।

ਬਦੇਸ਼ੀ ਕਹਾਣੀਆਂ ਦੇ ਪੰਜਾਬੀ ਅਨੁਵਾਦ

ਪੰਜਾਬੀ ਪਾਠਕਾਂ ਨੂੰ ਰਾਸ਼ਟਰਵਾਦੀ ਚੇਤਨਾ ਦੇਣ ਵਿਚ ਉਨ੍ਹਾਂ ਪੰਜਾਬੀ ਕਹਾਣੀਆਂ ਦਾ ਘਟ ਯੋਗਦਾਨ ਨਹੀਂ, ਜੋ ਸੁਤੰਤਰਤਾ ਸੰਗਰਾਮ ਸਮੇਂ ਦੇਸੀ ਜਾਂ ਬਦੇਸ਼ੀ ਕਹਾਣੀਆਂ ਦਾ ਅਨੁਵਾਦਿਤ ਰੂਪ ਧਾਰ ਕੇ ਛਪੀਆਂ। ਇਸ ਗੱਲ ਦੇ ਪ੍ਰਮਾਣ ਵੀ ਦਿੱਤੇ ਜਾ ਸਕਦੇ ਹਨ ਕਿ ਪੰਜਾਬੀ ਅਨੁਵਾਦ ਕਰਦੇ ਸਮੇਂ ਲੇਖਕਾਂ ਨੇ ਭਾਰਤੀਆਂ ਨੂੰ ਸੁਚੇਤ ਕਰਨ ਦਾ ਮਨੋਰਥ ਹੀ ਸਾਹਮਣੇ ਰੱਖਿਆ ਹੋਇਆ ਸੀ। ਮਿਸਾਲ ਵਜੋਂ ਪ੍ਰੀਤਮ ਸਿੰਘ ਪੰਛੀ ਨੇ 1943 ਵਿਚ ਇਕ ਅਨੁਵਾਦਤ ਕਹਾਣੀਆਂ ਦਾ ਸੰਗ੍ਰਹਿ 'ਲਾਲ ਕਹਾਣੀਆਂ' ਨਾਮ ਹੇਠ ਛਪਵਾਇਆ, ਜਿਸ ਵਿਚ ਕਮਿਊਨਿਸਟਾਂ ਦੇ ਬਦੇਸ਼ੀ ਸੰਘਰਸ਼ ਨਾਲ ਸੰਬੰਧਤ ਸੱਤ ਕਹਾਣੀਆਂ ਸ਼ਾਮਲ ਹਨ। ਇਨ੍ਹਾਂ ਸਭ ਕਹਾਣੀਆਂ ਦੇ ਹਾਲਾਤ ਬਹੁਤ ਵਾਰ ਪਾਠਕ ਨੂੰ ਆਪਣੇ ਚੁਗਿਰਦੇ ਦੇ ਰਾਜਸੀ ਹਾਲਾਤ ਲੱਗਦੇ ਹਨ। ਰਾਸ਼ਟਰੀ ਮਨੋਰਥ ਤੋਂ ਵਿਸ਼ਵ-ਯੁੱਧ ਦੌਰਾਨ ਅਨੁਵਾਦੀਆਂ ਗਈਆਂ ਇਨ੍ਹਾਂ ਕਹਾਣੀਆਂ ਬਾਰੇ ਅਨੁਵਾਦਕ ਭੂਮਿਕਾ ਵਿਚ ਦੱਸਦਾ ਹੈ — "ਅੱਜ ਜਦੋਂ ਕਿ ਸਾਰੀ ਦੁਨੀਆਂ ਮਹਾਂ-ਸੰਗਰਾਮ ਵਿਚ ਜੂਝ ਰਹੀ ਹੈ, ਸਾਡੇ ਲਈ ਅਜਿਹੀਆਂ ਉਚ-ਕੋਟੀ ਦੀਆਂ ਕਹਾਣੀਆਂ ਪ੍ਰੇਰਣਾ ਦਾ ਕਾਰਨ ਬਣ ਸਕਦੀਆਂ ਹਨ।"[90]

ਇਸੇ ਤਰ੍ਹਾਂ ਕਿਸਾਨਾਂ ਤੇ ਮਜ਼ਦੂਰਾਂ ਦੀ ਜਾਗਰਤੀ ਨੂੰ ਨਿਸਚਿਤ ਸੇਧ ਅਤੇ ਜੋਸ਼ ਦੇਣ ਲਈ ਸੋਹਣ ਸਿੰਘ ਜੋਸ਼ ਨੇ 1944 ਈ: ਵਿਚ 'ਆਜ਼ਾਦੀ ਦੇ ਪ੍ਰਵਾਨੇ' ਪੁਸਤਕ ਪ੍ਰਕਾਸ਼ਤ ਕਰਵਾਈ। ਇਸ ਪੁਸਤਕ ਵਿਚ ਰੂਸੀ ਇਨਕਲਾਬ ਦੇ ਵੱਖ ਵੱਖ ਪਹਿਲੂਆਂ ਨੂੰ ਉਜਾਗਰ ਕਰਨ ਵਾਲੀਆਂ ਕਹਾਣੀਆਂ ਪੰਜਾਬੀ ਰੂਪ ਵਿਚ ਛਾਪੀਆਂ ਗਈਆਂ। ਪੁਸਤਕ ਦੀ ਭੂਮਿਕਾ ਵਿਚ ਲੇਖਕ ਦੱਸਦਾ ਹੈ — "ਆਜ਼ਾਦੀ ਦੀਆਂ ਇਨਕਲਾਬੀ ਤਾਕਤਾਂ ਮਜ਼ਦੂਰ ਤੇ ਕਿਸਾਨ ਹਨ। ਇਹੋ ਹੀ ਹਰ ਦੇਸ਼ ਨੂੰ ਆਜ਼ਾਦ ਕਰਨਗੀਆਂ। ਬਾਹਰੋਂ ਆ ਕੇ ਤੁਹਾਨੂੰ ਕੋਈ ਦੇਸ਼ — ਜਾਪਾਨ, ਜਰਮਨੀ ਆਜ਼ਾਦ ਨਹੀਂ ਕਰਾਏਗਾ। ਆਪਣੀਆਂ ਤਾਕਤਾਂ ਨੂੰ

---

89. ਸੁਰਜੀਤ ਸਿੰਘ ਸੇਠੀ — ਮਹੀਂਵਾਲ, ਸਫ਼ਾ 3.

90. ਪ੍ਰੀਤਮ ਸਿੰਘ ਪੰਛੀ (ਅਨੁ:) — ਲਾਲ ਕਹਾਣੀਆਂ (1943), ਸਫ਼ਾ 51.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕੱਠੇ ਕਰੋ। ਅਜੋ ਹੀ। ਅੱਜ ਹੀ ਮੌਕਿਆ ਹੈ।"[91]

ਗਿਆਨੀ ਗੁਰਦਿਤ ਸਿੰਘ ਵਲੋਂ ਅਨੁਵਾਦ ਕਰ ਕੇ ਛਪਵਾਈ ਗਈ 'ਦੇਸ਼-ਭਗਤੀ ਦਾ ਇਨਾਮ'[92] ਨਾਮ ਦੀ ਫ਼ਰਾਂਸੀਸੀ ਕਹਾਣੀ ਵੀ ਰਾਸ਼ਟਰੀ ਸਾਹਿਤ ਦਾ ਅੰਗ ਕਹੀ ਜਾ ਸਕਦੀ ਹੈ, ਜਿਸ ਵਿਚ ਜਰਮਨਾਂ ਵਿਰੁੱਧ ਲੜਦਿਆਂ ਫ਼ਰਾਂਸੀਸੀ ਇਸਤਰੀਆਂ ਦੀਆਂ ਵਤਨ ਦੀ ਖ਼ਾਤਰ ਦਿੱਤੀਆਂ ਵੱਡੀਆਂ ਕੁਰਬਾਨੀਆਂ ਦਾ ਪ੍ਰਗਟਾਵਾ ਕੀਤਾ ਗਿਆ ਹੈ। 'ਮਿੱਤਰ ਧ੍ਰੋਹੀ'[93] ਨਾਮ ਦੀ ਇਕ ਹੋਰ ਫ਼ਰਾਂਸੀਸੀ ਅਨੁਵਾਦਤ ਕਹਾਣੀ ਵਿਚ ਦਿਖਾਇਆ ਗਿਆ ਹੈ ਕਿ ਪਨਾਹ ਮੰਗਣ ਆਏ ਇਕ ਜ਼ਖ਼ਮੀ ਬਾਗ਼ੀ ਨੂੰ ਜਦੋਂ ਇਕ ਛੋਟਾ ਜਿਹਾ ਬੱਚਾ ਪਕੜਵਾ ਦਿੰਦਾ ਹੈ ਤਾਂ ਉਸ ਦਾ ਦੇਸ਼-ਭਗਤ ਪਿਤਾ ਇਸ ਗ਼ਦਾਰੀ ਦੀ ਸਜ਼ਾ ਵਜੋਂ ਉਸ ਨੂੰ ਗੋਲੀ ਮਾਰ ਕੇ ਇਨਸਾਫ਼ ਕਰਦਾ ਦਿਖਾਇਆ ਗਿਆ ਹੈ।

ਬਦੇਸ਼ੀ ਕਹਾਣੀਆਂ ਦੇ ਨਾਲ ਨਾਲ ਦੇਸੀ ਕਹਾਣੀਆਂ ਵਿਚੋਂ ਵੀ ਅਜਿਹੀਆਂ ਕਹਾਣੀਆਂ ਪੰਜਾਬੀ ਵਿਚ ਛਾਪੀਆਂ ਗਈਆਂ, ਜੋ ਰਾਸ਼ਟਰੀ ਕਦਰਾਂ-ਕੀਮਤਾਂ ਦੀ ਤਰਜਮਾਨੀ ਕਰਦੀਆਂ ਸਨ। ਮਿਸਾਲ ਵਜੋਂ 1929 ਈ: ਵਿਚ 'ਉਗਰ' ਨਾਮ ਦੇ ਹਿੰਦੀ ਲੇਖਕ ਦੀ ਕਹਾਣੀ 'ਪਾਗਲ'[94] ਛਪੀ ਜਿਸ ਵਿਚ ਰੂਸ ਦੇ ਜ਼ਾਰ ਬਾਦਸ਼ਾਹਾਂ ਦੇ ਸ਼ਾਸਨ-ਕਾਲ ਵਿਚ ਲਿਖਣ ਦੀ ਆਜ਼ਾਦੀ ਉਤੇ ਲੱਗੀ ਪਾਬੰਦੀ ਅਤੇ ਲੇਖਕਾਂ ਨੂੰ ਕੀਤੇ ਜਾਂਦੇ ਜੁਰਮਾਨਿਆਂ ਦਾ ਜ਼ਿਕਰ ਹੈ। ਇਉਂ ਇਹ ਕਹਾਣੀ ਅੰਗਰੇਜ਼ੀ ਰਾਜ ਦੀ ਜ਼ਾਰ-ਸ਼ਾਸਨ ਨਾਲ ਤੁਲਨਾ ਕਰਦੀ ਹੈ।

ਪ੍ਰੇਮ ਚੰਦ ਦੀ ਕਹਾਣੀ 'ਪੰਚ ਪਰਮੇਸ਼ਰ'[95] 1938 ਵਿਚ ਪੰਜਾਬੀ ਵਿਚ ਛਾਪੀ ਗਈ ਜੋ ਗਾਂਧੀਵਾਦੀ ਆਦਰਸ਼ਾਂ ਨੂੰ ਪ੍ਰਚਾਰਦੀ ਹੈ ਅਤੇ ਇਹ ਸਾਬਤ ਕਰਦੀ ਹੈ ਕਿ ਨਿਆਂ ਦੀ ਤੇ ਪ੍ਰਬੰਧ ਦੀ ਕੁਰਸੀ 'ਤੇ ਬੈਠ ਕੇ ਅਨਿਆਂ ਨਹੀਂ ਕਰਨਾ ਚਾਹੀਦਾ।

ਭਗਵਤੀ ਚਰਨ ਵਰਮਾ ਦੀ ਇਕ ਕਹਾਣੀ ਵੀ 'ਪਰਾਸਚਿਤ'[96] ਨਾਮ ਹੇਠ ਪ੍ਰਕਾਸ਼ਤ ਹੋਈ ਜਿਸ ਵਿਚ ਪੁਰਾਣੇ ਅੰਧ-ਵਿਸ਼ਵਾਸਾਂ ਨੂੰ ਝੁਠਲਾ ਕੇ, ਇਸ ਤੋਂ ਫ਼ਾਇਦਾ ਉਠਾਣ ਵਾਲੀ ਸ਼੍ਰੇਣੀ ਨੂੰ ਨੰਗਾ ਕੀਤਾ ਗਿਆ ਹੈ।

ਇਸੇ ਤਰ੍ਹਾਂ, 1857 ਦੇ ਗ਼ਦਰ ਬਾਰੇ ਖ਼ਵਾਜਾ ਹਸਨ ਨਜ਼ਾਮੀ ਦੀ ਉਰਦੂ ਪੁਸਤਕ "ਗ਼ਦਰ ਦੇਹਲੀ ਕੇ ਅਫ਼ਸਾਨੇ" ਦੀਆਂ ਕਹਾਣੀਆਂ ਵੀ ਅਨੁਵਾਦਤ ਰੂਪ ਵਿਚ ਪੱਤਰਕਾ

---

91. ਸੋਹਨ ਸਿੰਘ ਜੋਸ਼ — "ਭੂਮਿਕਾ", ਆਜ਼ਾਦੀ ਦੇ ਪ੍ਰਵਾਨੇ (1944) ਸਫ਼ਾ 2.
92. ਮਾਸਕ ਪੱਤਰ ਫੁਲਵਾੜੀ (ਅਪ੍ਰੈਲ 1931 ਈ:), ਸਫ਼ਾ 42.
93. ਮਾਸਕ ਪੱਤਰ ਪ੍ਰੀਤਮ (ਸਾਲਾਨਾ ਨੰਬਰ 1932 ਈ.), ਸਫ਼ਾ 94.
94. ਮਾਸਕ ਪੱਤਰ ਕਿਰਤੀ (ਫ਼ਰਵਰੀ 1929 ਈ.), ਸਫ਼ਾ 9.
95. ਡਾ. ਮੋਹਨ ਸਿੰਘ ਓਬਰਾ (ਸੰ.) — 'ਉਤਮ ਕਹਾਣੀਆਂ' (1938), ਸਫ਼ਾ 59.
96. ਉਹੀ, ਸਫ਼ਾ 82.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਫੁਲਵਾੜੀ' ਦੇ ਸੰਨ 1925 ਦੇ ਕਈ ਅੰਕਾਂ ਵਿਚ ਛਪਦੀਆਂ ਰਹੀਆਂ ।

ਪੰਜਾਬੀ ਕਹਾਣੀ ਦਾ ਜਾਮਾ ਪਹਿਨ ਕੇ ਰਾਸ਼ਟਰੀ ਕਦਰਾਂ-ਕੀਮਤਾਂ ਦਾ ਸਮਾਧਾਨ ਕਰਨ ਵਾਲੀਆਂ ਅਜਿਹੀਆਂ ਹੋਰ ਬਹੁਤ ਸਾਰੀਆਂ ਭਾਰਤੀ ਕਹਾਣੀਆਂ ਲੱਭਦੀਆਂ ਹਨ ਜੋ ਸਮੇਂ ਸਮੇਂ 'ਫੁਲਵਾੜੀ', 'ਕਿਰਤੀ', 'ਪ੍ਰੀਤਮ' ਤੇ 'ਪੱਜ ਦਰਿਆ' ਆਦਿ ਪੰਜਾਬੀ ਮਾਸਕ ਪੱਤਰਾਂ ਵਿਚ ਪ੍ਰਕਾਸ਼ਤ ਹੁੰਦੀਆਂ ਰਹੀਆਂ । ਨਿਸਚੇ ਹੀ ਇਨ੍ਹਾਂ ਨੇ ਪੰਜਾਬੀ ਕਹਾਣੀ ਨੂੰ ਹੋਰ ਅਮੀਰ ਕੀਤਾ ਹੈ ਤੇ ਨਾਲ ਨਾਲ ਪੰਜਾਬੀ ਕਹਾਣੀ ਦੇ ਪਾਠਕਾਂ ਨੂੰ ਰਾਸ਼ਟਰੀ ਪੱਖ ਤੋਂ ਚੇਤਨ ਕਰਨ ਵਿਚ ਪੰਜਾਬੀ ਲੇਖਕਾਂ ਨੂੰ ਸਹਿਯੋਗ ਦਿੱਤਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੰਥਾ ਅਧਿਆਇ

ਪੰਜਾਬੀ ਕਹਾਣੀ ਵਿਚ ਰਾਸ਼ਟਰਵਾਦ

(1947-1960 ਈ:)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਕਹਾਣੀ ਵਿਚ ਰਾਸ਼ਟਰਵਾਦ
(1947 — 1960 ਈ:)

ਲੱਗ ਪੱਗ ਇਕ ਸਦੀ ਦੇ ਲੰਬੇ ਸੰਘਰਸ਼ ਤੋਂ ਬਾਅਦ ਮਿਲੀ ਸੁਤੰਤਰਤਾ ਦੇ ਸਮੇਂ ਹੋਈ ਦੁਖਦਾਈ ਦੇਸ਼-ਵੰਡ ਤੇ ਫ਼ਸਾਦਾਂ ਨੇ ਸਾਹਿਤਕਾਰਾਂ ਨੂੰ ਬਹੁਤ ਹਲੂਣਿਆਂ । ਪੰਜਾਬ ਦੀ ਵੰਡ ਨੇ ਅਤੇ ਭਿਆਨਕ ਸੰਪਰਦਾਇਕ ਫ਼ਸਾਦਾਂ ਨੇ ਸੁਤੰਤਰਤਾ ਦੀ ਪ੍ਰਾਪਤੀ ਦੀ ਖ਼ੁਸ਼ੀ ਭੁਲਾ ਦਿੱਤੀ । ਇਸੇ ਕਰਕੇ ਸੁਤੰਤਰਤਾ ਦੀ ਪ੍ਰਾਪਤੀ ਦੀ ਖ਼ੁਸ਼ੀ ਦਾ ਵਰਨਣ ਪੰਜਾਬੀ ਕਹਾਣੀ ਵਿਚ ਲੱਗ ਪੱਗ ਅਲੋਪ ਹੈ । ਇਸ ਦੀ ਥਾਂ ਵੰਡ ਤੇ ਫ਼ਸਾਦ ਪੰਜਾਬੀ ਕਹਾਣੀ ਦਾ ਕਈ ਸਾਲ ਬੜਾ ਜ਼ੋਰਦਾਰ ਵਸਤੂ ਬਣੇ ਰਹੇ ।

ਫ਼ਿਰਕਾ-ਪ੍ਰਸਤੀ ਦਾ ਵਿਰੋਧ ਤੇ ਪੰਜਾਬੀ ਕਹਾਣੀ

ਦੇਸ਼-ਵੰਡ ਅਤੇ ਫ਼ਸਾਦਾਂ ਸੰਬੰਧੀ ਪੰਜਾਬੀ ਕਹਾਣੀਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਦੇ ਲੇਖਕ ਦੇਸ਼ ਦੀ ਵੰਡ ਹੋਣ ਨਾਲ ਪੈਦਾ ਹੋਈ ਭਾਰਤ-ਪਾਕਿਸਤਾਨ ਦੀ ਆਪਸੀ ਨਫ਼ਰਤ ਤੋਂ ਉਪਰ ਉੱਠ ਕੇ, ਦੋਵੇਂ ਪਾਸੇ ਹੋਏ ਫ਼ਿਰਕੂ ਫ਼ਸਾਦਾਂ ਵਿਚ ਬੇਕਸੂਰ ਲੋਕਾਂ ਉਤੇ ਹੋਏ ਜ਼ੁਲਮ ਅਤੇ ਅਨਿਆਂ ਨੂੰ ਨਿੰਦਦੇ ਹਨ। ਕਿਉਂਕਿ ਫ਼ਿਰਕਾ-ਪ੍ਰਸਤੀ ਰਾਸ਼ਟਰੀ ਏਕਤਾ, ਰਾਸ਼ਟਰੀ ਤਰੱਕੀ ਤੇ ਰਾਸ਼ਟਰੀ ਸੁਤੰਤਰਤਾ ਨੂੰ ਕਮਜ਼ੋਰ ਕਰਦੀ ਹੈ, ਤੇ ਇਸ ਤੋਂ ਵੀ ਵੱਧ ਕੇ ਇਹ ਲੇਖਕ ਦੀਆਂ ਮਾਨਵੀ ਭਾਵਨਾਵਾਂ ਨੂੰ ਪ੍ਰਭਾਵਤ ਕਰਦੀ ਹੈ, ਇਸ ਕਰਕੇ ਪੰਜਾਬੀ ਲੇਖਕ 1947 ਤੋਂ ਪਹਿਲਾਂ ਵੀ ਤੇ 1947 ਤੋਂ ਉਪ੍ਰੰਤ ਵੀ ਫ਼ਿਰਕਾ-ਪ੍ਰਸਤੀ ਦਾ ਵਿਰੋਧ ਕਰਦੇ ਰਹੇ; ਤੇ ਫ਼ਿਰਕੂ ਫ਼ਸਾਦੀਆਂ ਦਾ ਚੱਰਿਤਰ ਵਿਅੰਗ ਨਾਲ ਪੇਸ਼ ਕਰਦੇ ਰਹੇ ।

ਦੇਸ਼-ਵੰਡ ਤੇ ਫ਼ਸਾਦਾਂ ਦਾ ਸਭ ਤੋਂ ਵੱਧ ਜ਼ਿਕਰ ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਵਿਚ ਹੋਇਆ ਹੈ । ਸ਼ਾਇਦ ਇਸ ਲਈ ਕਿ ਉਹ ਖ਼ੁਦ ਵੰਡ ਤੇ ਫ਼ਸਾਦਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਰਨਾਰਥੀ ਬਣ ਕੇ ਹਿੰਦੁਸਤਾਨ ਆਇਆ। ਫ਼ਸਾਦਾਂ ਨੂੰ ਅਲੱਗ ਅਲੱਗ ਅੰਦਾਜ਼ ਵਿਚ ਨਿੰਦਦਿਆਂ ਉਸ ਨੇ 'ਅੱਗ ਖਾਣ ਵਾਲੇ' ਨਾਮ ਦਾ ਪੂਰਾ ਕਹਾਣੀ-ਸੰਗ੍ਰਹਿ ਲਿਖਿਆ। ਉਸ ਦੀਆਂ ਕਹਾਣੀਆਂ 'ਨਵਾਂ ਘਰ'[1] ਤੇ 'ਚਿੜੰਗ'[2] ਫ਼ਸਾਦਾਂ ਦਾ ਦਰਦਨਾਕ ਚਿੱਤਰਣ ਪੇਸ਼ ਕਰਦੀਆਂ ਹਨ।

ਨਵਤੇਜ ਸਿੰਘ ਦੀ ਕਹਾਣੀ 'ਦਾਈ'[3] ਤੇ 'ਦੇਸ਼ ਵਾਪਸੀ'[4], ਗੁਰਬਖ਼ਸ਼ ਸਿੰਘ ਦੀ ਕਹਾਣੀ 'ਦੋ ਯਾਦਗਾਰੀ ਆਂਸੂ'[5] ਅਤੇ ਲੋਚਨ ਬਖ਼ਸ਼ੀ ਦੀ ਰਚਨਾ 'ਕੁਲਹਿਣੀ'[6] ਵੀ ਫ਼ਸਾਦਾਂ ਦਾ ਬਾਰੀਕ ਵਿਵਰਣ ਦੇ ਕੇ ਫ਼ਿਰਕੂ ਲੋਕਾਂ ਪ੍ਰਤੀ ਨਫ਼ਰਤ ਪੈਦਾ ਕਰਦੀਆਂ ਹਨ। 'ਦਾਈ' ਵਿਚਲੀ ਦਾਈ ਨੂੰ ਤਾਂ ਆਪਣੇ ਪੇਟ ਵਿਚਲੇ ਬੱਚੇ ਉਤੇ ਵੀ ਫ਼ਿਰਕੂ ਹੋਣ ਦਾ ਸ਼ੱਕ ਹੋ ਜਾਂਦਾ ਹੈ ਤੇ ਉਹ ਪਾਗਲਾਂ ਵਾਂਗ ਆਪਣੇ ਢਿੱਡ ਨੂੰ ਕੁੱਟਣ ਲੱਗ ਪੈਂਦੀ ਹੈ।

ਫ਼ਿਰਕਾ-ਪ੍ਰਸਤੀ ਨੇ ਕਿਵੇਂ ਇਨਸਾਨ ਨੂੰ ਹੈਵਾਨ ਬਣਾ ਦਿੱਤਾ, ਇਸ ਦਾ ਜ਼ਿਕਰ 'ਮਨੁੱਖ ਤੇ ਪਸ਼ੂ'[7] (ਹਰਚਰਨ ਸਿੰਘ) ਅਤੇ 'ਗਊ ਮਾਤਾ'[8] (ਸੁਜਾਨ ਸਿੰਘ) ਕਹਾਣੀਆਂ ਵਿਚ ਹੈ। 'ਮਨੁੱਖ ਤੇ ਪਸ਼ੂ' ਕਹਾਣੀ ਵਿਚ ਸ਼ੇਖਾਂ ਦੇ ਖ਼ਾਲੀ ਘਰ ਅੰਦਰ ਰਹਿ ਗਏ ਕੁੱਤੇ ਨੂੰ 'ਮੁਸਲਮਾਨਾਂ ਦਾ ਕੁੱਤਾ' ਕਹਿ ਕੇ ਬੇਰਹਿਮੀ ਨਾਲ ਮਾਰਦੇ ਦਿਖਾਇਆ ਗਿਆ ਹੈ।

'ਜੱਥੇਦਾਰ'[9], 'ਕਾਲੋ'[10] ਤੇ 'ਛੰਮੋਂ ਦੀ ਬੈਠਕ' ਨਾਮ ਦੀਆਂ ਕਹਾਣੀਆਂ ਵਿਚ ਧਰਮ ਦੇ ਨਾਮ ਉਤੇ ਫ਼ਸਾਦ ਅਤੇ ਜ਼ੁਲਮ ਕਰਨ ਵਾਲੇ ਹਿੰਦੂਆਂ ਸਿੱਖਾਂ ਨੂੰ ਭੰਡਿਆ ਗਿਆ ਹੈ। 'ਛੰਮੋਂ ਦੀ ਬੈਠਕ' ਵਿਚਲੇ ਹਿੰਦੂਆਂ ਸਿੱਖਾਂ ਦੇ ਟੋਲੇ ਮੁਕਾਬਲੇ ਦੀ ਭਾਵਨਾ ਨਾਲ ਇਕ ਦੂਜੇ ਤੋਂ ਵੱਧ ਚੜ੍ਹ ਕੇ "ਔਰਤਾਂ ਦੀ ਬੇਪਤੀ ਕਰਦੇ ਸਨ, ਮੁਸਲਮਾਣ ਬੱਚਿਆਂ ਨੂੰ ਤਸੀਹੇ ਦਿੰਦੇ ਸਨ ਤੇ ਮੁਸਲਮਾਣਾਂ ਦੀਆਂ ਜਾਇਦਾਦਾਂ ਨੂੰ ਬਰਬਾਦ ਕਰਦੇ ਸਨ।" ਫ਼ਸਾਦੀਆਂ ਦੇ ਘਟੀਆ ਚੱਰਿਤਰ ਨੂੰ ਉਘਾੜਦਿਆਂ ਲੇਖਕ ਨੇ ਦਿਖਾਇਆ ਹੈ ਕਿ ਦੋਨੋਂ ਧੜੇ ਛੰਮੋਂ ਕੰਜਰੀ ਦੇ ਸ਼ੁਭ-ਚਿੰਤਕ ਹਨ ਕਿਉਂਕਿ ਉਸ ਦਾ ਧਰਮ ਕਿਸੇ ਨੂੰ ਨਹੀਂ ਪਤਾ।

---

1. ਮਾਸਕ ਪੱਤਰ ਲੋਕ ਸਾਹਿਤ (ਜਨਵਰੀ 1950 ਈ.), ਸਫ਼ਾ 23
2. ਕਰਤਾਰ ਸਿੰਘ ਦੁੱਗਲ — ਟੋਏ ਟਿੱਬੇ (1949), ਸਫ਼ਾ 138.
3. ਮਾਸਕ ਪੱਤਰ ਪ੍ਰੀਤ ਲੜੀ (ਮਈ 1948 ਈ.), ਸਫ਼ਾ 13.
4. ਨਵਤੇਜ ਸਿੰਘ — ਦੇਸ਼ ਵਾਪਸੀ (1955), ਸਫ਼ਾ 17.
5. ਗੁਰਬਖ਼ਸ਼ ਸਿੰਘ — ਭਾਬੀ ਮੈਨਾ ਤੇ ਹੋਰ ਕਹਾਣੀਆਂ (1950), ਸਫ਼ਾ 177.
6, ਲੋਚਨ ਬਖ਼ਸ਼ੀ — ਵਰ ਤੇ ਸਰਾਪ (1954), ਸਫ਼ਾ 23.
7. ਮਾਸਕ ਪੱਤਰ ਨਵੀਆਂ ਕੀਮਤਾਂ (ਮਾਰਚ 1949 ਈ.)।
8. ਮਾਸਕ ਪੱਤਰ ਫੁਲਵਾੜੀ (ਅਪ੍ਰੈਲ 1948 ਈ.)।
9. ਸੰਤੋਖ ਸਿੰਘ ਧੀਰ — ਸਿੱਟਿਆਂ ਦੀ ਛਾਂ (1950)।
10. ਕਰਤਾਰ ਸਿੰਘ ਦੁੱਗਲ — ਟੋਏ ਟਿੱਬੇ (1949), ਸਫ਼ਾ 47.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਜਦੋਂ ਛੰਮੋਂ ਦੇ ਮੁਸਲਮਾਨ ਹੋਣ ਦਾ ਅੰਦੇਸ਼ਾ ਹੋ ਜਾਂਦਾ ਹੈ, ਤਾਂ ਛੰਮੋਂ ਦੀ ਖ਼ਾਲੀ ਪਈ ਬੈਠਕ ਵਿਚ ਲੁੱਟ-ਮਾਰ ਤੇ ਭੰਨ-ਤੋੜ ਕਰਨ ਲੱਗਦੇ ਹਨ।[11]

'ਰਾਖਸ਼' ਕਹਾਣੀ ਵਿਚ ਪਾਕਿਸਤਾਨੀ ਮੁਸਲਮਾਨਾਂ ਵਲੋਂ ਗੱਡੀ ਵਿਚ ਆ ਰਹੇ ਹਿੰਦੂ ਸਿੱਖ ਸ਼ਰਨਾਰਥੀਆਂ ਉਤੇ ਕੀਤੇ ਗਏ ਜ਼ੁਲਮ ਦਾ ਬਦਲਾ ਪਟਿਆਲੇ ਦੇ ਮੁਸਲਮਾਨਾਂ ਤੋਂ ਲੈਂਦਿਆਂ ਦਿਖਾਇਆ ਗਿਆ ਹੈ। ਘਟਨਾ ਦਾ ਚਿਤਰਣ ਵਿਅੰਗਾਤਮਕ ਸੁਰ ਵਿਚ ਕਰਦਾ ਹੋਇਆ ਲੇਖਕ ਦੱਸਦਾ ਹੈ — "...ਕੀ ਸ਼ਰਨਾਰਥੀ ਤੇ ਕੀ ਸਥਾਨਕ ਵਸਨੀਕ, ਚਾਰੇ ਪਾਸੇ ਇਸ ਤਰ੍ਹਾਂ ਹਰਲ ਹਰਲ ਕਰਦੇ ਫਿਰਦੇ, ਜਿਵੇਂ ਉਨ੍ਹਾਂ ਪਾਕਿਸਤਾਨ ਦੇ ਮੁਸਲਮਾਨਾਂ ਵਲੋਂ ਹਿੰਦੂ ਸਿੱਖਾਂ ਉਤੇ ਕੀਤੇ ਉਪੱਦਰਾਂ ਤੇ ਜ਼ਿਆਦਤੀਆਂ ਦਾ ਬਦਲਾ ਇਥੋਂ ਦੇ ਬੇਕਸੂਰ ਅਤੇ ਨਿਹੱਥੇ ਮੁਸਲਮਾਨਾਂ ਤੋਂ ਲੈਣ ਦਾ ਦ੍ਰਿੜ੍ਹ ਇਰਾਦਾ ਕਰ ਲਿਆ ਹੋਵੇ; ਕੇਵਲ ਇਸ ਕਸੂਰ ਬਦਲੇ ਕਿ ਇਥੋਂ ਦੇ ਮੁਸਲਮਾਨ ਪਾਕਿਸਤਾਨੀ ਮੁਸਲਮਾਨਾਂ ਵਾਲੇ ਮਜ਼੍ਹਬ ਵਿਚ ਹੀ ਵਿਸ਼ਵਾਸ ਕਰਦੇ ਹਨ। ਕਸੂਰ ਕਿਸ ਦਾ ਤੇ ਬਦਲਾ ਕਿਸੇ ਤੋਂ।"[12]

ਸੰਤ ਸਿੰਘ ਸੇਖੋਂ ਦੀ ਸ਼ਕਤੀਸ਼ਾਲੀ ਕਹਾਣੀ 'ਭੂਤਾਂ ਦੀ ਖੇਡ'[13] ਸਿੱਖ ਫ਼ਸਾਦੀਆਂ ਦੇ ਹੱਥੋਂ ਮੁਸਲਮਾਨ ਪੁਰਖਾਂ ਤੇ ਇਸਤਰੀਆਂ ਤੇ ਬੱਚਿਆਂ ਦਾ ਇਕ ਇਕ ਕਰਕੇ ਕਤਲ ਹੁੰਦਾ ਦਿਖਾਉਂਦੀ ਹੈ।

ਮੁਸਾਫ਼ਰ ਦੀ ਕਹਾਣੀ 'ਅੱਲ੍ਹਾ ਵਾਲੇ'[14] ਤੇ ਮਹਿੰਦਰ ਸਿੰਘ ਸਰਨਾ ਦੀ ਕਹਾਣੀ 'ਲੱਧੇ ਵਾਲਾ ਵੜੈਚ'[15] ਮੁਸਲਮਾਨਾਂ ਅੰਦਰਲੇ ਫ਼ਿਰਕੂ ਅਨਸਰਾਂ ਨੂੰ ਨੰਗਾ ਕਰਦੀਆਂ ਹਨ ਜਿਨ੍ਹਾਂ ਨੇ ਹਿੰਦੂਆਂ ਸਿੱਖਾਂ ਉਤੇ ਜ਼ੁਲਮ ਕੀਤੇ।

ਫ਼ਿਰਕਾ-ਪ੍ਰਸਤ ਲੋਕਾਂ ਨੂੰ ਸੁਧਾਰਨ ਲਈ ਕਹਾਣੀਕਾਰਾਂ ਨੇ ਕਦੇ ਇਨਸਾਨੀਅਤ ਦਾ ਵਾਸਤਾ ਪਾਇਆ, ਕਦੇ ਧਾਰਮਕ ਆਦਰਸ਼ ਦੀ ਏਕਤਾ ਦਰਸਾਈ ਤੇ ਕਦੇ ਸਾਂਝੀਆਂ ਸਭਿਆਚਾਰਕ ਰਵਾਇਤਾਂ ਦੀ ਯਾਦ ਦਿਲਾਈ।

ਅਜੀਤ ਕੌਰ ਦੀ ਕਹਾਣੀ 'ਟੁੱਟਾ ਚੱਪੂ' ਫ਼ਸਾਦਾਂ ਦੇ ਦਰਦਨਾਕ ਦ੍ਰਿਸ਼ ਸਾਕਾਰ ਕਰਦਿਆਂ 'ਭਾਰਤ ਮਾਂ' ਦੇ ਜਾਇਆਂ ਨੂੰ ਇਹ ਕਹਿ ਕੇ ਸ਼ਰਮਿੰਦਾ ਕਰਨ ਦਾ ਯਤਨ ਕਰਦੀ ਹੈ ਕਿ "ਭਾਰਤ ਮਾਂ ਦੀ ਕੁਖ ਦੇ ਜਾਇਆਂ ਨੇ ਇਕ ਦੂਜੇ ਨੂੰ ਕਹਿਰੀ ਨਜ਼ਰਾਂ ਨਾਲ ਤੱਕਿਆ ਤੇ ..... ਮਨੁੱਖ ਦੀ ਚਿਰਾਂ ਤੋਂ ਸਾਂਭ ਕੇ ਰੱਖੀ ਸਭਿਅਤਾ ਮਨੁੱਖ ਦੇ

---

11. ਸੁਰਿੰਦਰ ਸਿੰਘ ਨਰੂਲਾ — ਜਗਰਾਤਾ (ਮਿਤੀਹੀਣ), ਸਫ਼ਾ 102.
12. ਸਵਿੰਦਰ ਸਿੰਘ ਉੱਪਲ — ਭਰਾ ਭਰਾਵਾਂ ਦੇ (1958), ਸਫ਼ਾ 39.
13. ਸੰਤ ਸਿੰਘ ਸੇਖੋਂ — ਕਾਮੇ ਤੇ ਯੋਧੇ (1950), ਸਫ਼ਾ 131.
14. ਗਿਆਨੀ ਗੁਰਮੁਖ ਸਿੰਘ ਮੁਸਾਫ਼ਰ — ਆਲ੍ਹਣੇ ਦੇ ਬੋਟ (1955), ਸਫ਼ਾ 87.
15. ਮਾਸਕ ਪੱਤਰ ਨਵੀਆਂ ਕੀਮਤਾਂ (ਅਗਸਤ 1949 ਈ.)।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੱਥਾਂ 'ਤੇ ਨੰਗੀ ਹੋ ਕੇ ਨਚਣ ਲੱਗੀ।"[16]

ਸੰਤੋਖ ਸਿੰਘ ਧੀਰ ਦੀ ਕਹਾਣੀ 'ਮੇਰਾ ਉਜੜਿਆ ਗਵਾਂਢੀ' ਦੀ ਜ਼ੈਨਬ ਜਦੋਂ ਆਪਣੇ ਸਿੱਖ ਭਰਾ ਨੂੰ ਤਰਲਾ ਕਰਦੀ ਹੈ ਕਿ "ਬੀਰ, ਤੂੰ ਅੱਜ ਸਾਨੂੰ ਰੱਖ ਲੈ — ਅਸੀਂ ਤੇਰੇ ਧਰਮ ਵਿਚ ਆ ਜਾਂਦੇ ਹਾਂ," ਤਾਂ ਭਰਾ ਕਹਿੰਦਾ ਹੈ — "ਭੈਣ, ਮੇਰਾ ਧਰਮ ਅੱਜ ਕੋਈ ਨਹੀਂ। ਜੇ ਮੇਰਾ ਧਰਮ ਹੁੰਦਾ ਤਾਂ ਮੇਰੇ ਸਾਮ੍ਹਣੇ ਤੁਸੀਂ ਉਜੜਦੇ ਨਾ।"[17]

'ਅੰਧਕਾਰ' ਵਿਚ ਵੀ ਮਹਿੰਦਰ ਸਿੰਘ ਸਰਨਾ ਫ਼ਸਾਦਾਂ ਦੌਰਾਨ ਤਬਾਹੀ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ — "ਨਾਨਕ ਦਾ ਮੰਦਰ, ਜੋ ਹਿੰਦੂ ਮੁਸਲਮਾਨ ਸਾਂਝੀਵਾਲਤਾ ਨੂੰ ਰੂਪਮਾਨ ਕਰਦਾ ਹੈ, ਜੋ ਦੋਹਾਂ ਸਭਿਆਚਾਰਾਂ, ਦੋਹਾਂ ਉਸਾਰੂ ਕਲਾਂ ਦੇ ਮੇਲ ਦਾ ਅਤਿ ਸੁੰਦਰ ਨਮੂਨਾ ਹੈ . ... ਵੇਖੋ ਨਾ ਕਿਵੇਂ ਸੜ ਰਿਹਾ ਹੈ ?"[18]

'ਸਾਡਾ ਸ੍ਰਿਸ਼ਟਾਚਾਰ' ਕਹਾਣੀ ਉਨ੍ਹਾਂ ਲੋਕਾਂ ਨੂੰ ਦੁਰਕਾਰਦੀ ਹੈ, ਜਿਨ੍ਹਾਂ ਵੰਡ ਦੌਰਾਨ ਮੁਸਲਮਾਨਾਂ ਦਾ ਸਾਮਾਨ ਲੁਟ ਕੇ ਆਪਣੇ ਘਰ ਭਰ ਲਏ ਅਤੇ ਪਿੱਛੋਂ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਨਾਲ ਵੀ ਦੂਰ-ਵਿਵਹਾਰ ਜਾਰੀ ਰੱਖਿਆ। ਕਹਾਣੀ ਦਾ ਇਕ ਪਾਤਰ ਦੂਸਰੇ ਨੂੰ ਸਮਝਾਉਂਦਾ ਹੋਇਆ ਕਹਿੰਦਾ ਹੈ ਕਿ "ਏਹਨਾਂ ਸਿਰ ਤੇ ਅਸਾਂ ਸਵਰਾਜ ਲਿਆ ਜਿਨ੍ਹਾਂ ਦਾ ਅੱਜ ਕੋਈ ਘਰ ਨਾ ਘਾਟ। ਮੁਸਲਮਾਨਾਂ ਦੇ ਕਈ ਮਕਾਨਾਂ ਉਤੇ ਅੱਜ ਪਿੰਡ ਵਾਲਿਆਂ ਦਾ ਹੱਥ ਹੈ, ਜਿਨ੍ਹਾਂ ਉਤੇ ਏਹਨਾਂ ਸ਼ਰਨਾਰਥੀਆਂ ਦਾ ਪੂਰਾ ਹੱਕ ਹੈ ਤੇ ਉਹ ਮਾਲ ਉਤੇ ਵੀ ਜਿਹੜਾ ਅਸੀਂ ਲੁਟ ਲਿਆ ਸੀ। ਅਸੀਂ ਆਪਣੇ ਉਜੜ ਕੇ ਆਏ ਭਰਾਵਾਂ ਦੇ ਢਿੱਡ ਚੀਰੇ ਹਨ... ਇਹ ਹੈ ਸਾਡੇ ਦੇਸ਼ ਦਾ ਇਖਲਾਕ।"[19]

'ਸਹੁੰ' ਕਹਾਣੀ ਵਿਚਲਾ ਆਜ਼ਾਦ ਹਿੰਦ ਫ਼ੌਜ ਦਾ ਸਾਬਕਾ ਸਿਪਾਹੀ ਫ਼ਿਰਕੂ ਫ਼ਸਾਦਾਂ ਤੋਂ ਦੁੱਖੀ ਹੋ ਕੇ ਕਹਿੰਦਾ ਹੈ — "ਨੇਤਾ ਜੀ ਦੇ ਸਾਮ੍ਹਣੇ ਅਸੀਂ ਸਹੁੰ ਚੁੱਕੀ ਸੀ ਕਿ ਹਿੰਦੂ, ਸਿੱਖ, ਮੁਸਲਮਾਨ ਇਕ ਮਿਕ ਰਹਾਂਗੇ ਪਰ ਦੇਸ਼ ਪਰਤਦਿਆਂ ਹੀ ਜਿਹੜਾ ਸਾਡੇ ਨਾਲ ਸਲੂਕ ਹੋਇਆ, ਉਹ ਅਸੀਂ ਕਦੀ ਨਹੀਂ ਭੁੱਲਾਂਗੇ।"[20]

ਫ਼ਿਰਕੂ ਫ਼ਸਾਦਾਂ ਨੇ ਨਾ ਕੇਵਲ ਮਜ਼ਬੂਤ ਵਿਚਕਾਰ ਤਨਾਓ ਪੈਦਾ ਕਰ ਕੇ ਕੌਮ ਨੂੰ ਕਮਜ਼ੋਰ ਕੀਤਾ, ਸਗੋਂ ਮਨੁੱਖ ਦਾ ਮਨੁੱਖ ਤੋਂ ਵਿਸ਼ਵਾਸ ਉਠਾ ਦਿੱਤਾ। ਭਾਰਤੀਆਂ ਨੂੰ ਇਕ ਵਾਰ ਫਿਰ ਇਕ ਕੜੀ ਵਿਚ ਜੋੜਨ ਲਈ ਪੰਜਾਬੀ ਕਹਾਣੀਕਾਰਾਂ ਨੇ ਉਨ੍ਹਾਂ ਲੋਕਾਂ ਨੂੰ ਚਿਤਰਣ ਵਿਚ ਵਿਸ਼ੇਸ਼ ਦਿਲਚਸਪੀ ਵਿਖਾਈ ਜਿਨ੍ਹਾਂ ਨੇ ਸੰਕਟ ਦੀ ਸਥਿਤੀ ਵਿਚ ਵੀ

---

16. ਮਾਸਕ ਪੱਤਰ ਨਵੀਆਂ ਕੀਮਤਾਂ (ਸਤੰਬਰ 1949 ਈ.), ਸਫ਼ਾ 33.
17. ਸੰਤੋਖ ਸਿੰਘ ਧੀਰ — ਸਿੱਟਿਆਂ ਦੀ ਛਾਂ (1950), ਸਫ਼ਾ 35.
18. ਮਾਸਕ ਪੱਤਰ ਨਵੀਆਂ ਕੀਮਤਾਂ (ਜਨਵਰੀ 1949 ਈ.), ਸਫ਼ਾ 47.
19. ਹਰੀ ਸਿੰਘ ਦਿਲਬਰ — ਮੱਸਿਆ ਦੇ ਦੀਵੇ (1950), ਸਫ਼ਾ 144.
20. ਪ੍ਰੀਤਮ ਸਿੰਘ ਪੰਛੀ — ਨੰਗੀਆਂ ਕਬਰਾਂ, ਸਫ਼ਾ 53.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ਤਰੇ ਝੱਲ ਕੇ ਹਰ ਤਰ੍ਹਾਂ 'ਆਪਣਿਆਂ' ਨੂੰ ਬਚਾਉਣ ਦਾ ਯਤਨ ਕੀਤਾ। ਮਿਸਾਲ ਵਜੋਂ ਮਹਿੰਦਰ ਸਿੰਘ ਸਰਨਾ ਦੀ ਕਹਾਣੀ 'ਲੱਧੇ ਵਾਲਾ ਵੜੈਚ'[21] ਵਿਚ ਪਿੰਡ ਦਾ ਚੌਧਰੀ ਜਦੋਂ ਲੱਖ ਯਤਨਾਂ ਦੇ ਬਾਵਜੂਦ ਪਿੰਡ ਦੇ ਹਿੰਦੂਆਂ ਸਿੱਖਾਂ ਨੂੰ ਨਾ ਬਚਾ ਸਕਿਆ, ਤਾਂ ਪਛਤਾਵੇ ਤੇ ਸ਼ਰਮਿੰਦਗੀ ਦੀ ਸਥਿਤੀ ਵਿਚ ਉਹ ਆਤਮ-ਹੱਤਿਆ ਕਰ ਲੈਂਦਾ ਹੈ।

ਘਨਸ਼ਾਮ ਦਾਸ ਦੀ ਕਹਾਣੀ 'ਬੁਤ ਤਰਾਸ਼'[22] ਅਤੇ ਸਵਿੰਦਰ ਸਿੰਘ ਉੱਪਲ ਦੀ ਕਹਾਣੀ 'ਪਿਆਰ ਤੇ ਮਜ਼ਹਬ'[23] ਵਰਗੀਆਂ ਕਹਾਣੀਆਂ ਵਿਚ ਵੰਡ ਤੇ ਫ਼ਸਾਦਾਂ ਦੀ ਸਥਿਤੀ ਵਿਚ ਵੀ ਇਨਸਾਨੀ ਰਿਸ਼ਤਿਆਂ ਨੂੰ ਧਰਮ ਤੋਂ ਉਪਰ ਦਿਖਾਣ ਲਈ ਹਿੰਦੂ-ਮੁਸਲਿਮ ਪ੍ਰੇਮੀ ਤੇ ਪ੍ਰੇਮਿਕਾ ਨੂੰ ਕੁਰਬਾਨੀਆਂ ਦਿੰਦੇ ਦਿਖਾਇਆ ਹੈ।

ਹੀਰਾ ਸਿੰਘ ਦਰਦ ਦੀ ਕਹਾਣੀ 'ਆਸ ਦੀ ਤੰਦ' ਵਿਚ ਸੁਤੰਤਰਤਾ ਸੰਗਰਾਮੀਆਂ ਨੂੰ ਗਾਂਧੀਵਾਦੀ ਮੁਸਲਮਾਨਾਂ ਨੂੰ ਬਚਾਉਣ ਦੀ ਖ਼ਾਤਰ ਕੁਰਬਾਨੀ ਦਿੰਦੇ ਦਿਖਾਇਆ ਹੈ। ਕਹਾਣੀ ਵਿਚਲਾ ਸੂਬਾ ਸਿੰਘ ਮੁਸਲਮਾਨ ਕਾਂਗਰਸੀਆਂ ਨੂੰ ਬਚਾਉਣ ਲਈ ਫ਼ਿਰਕਾ-ਪ੍ਰਸਤ ਲੋਕਾਂ ਅੱਗੇ ਤਰਲਾ ਕਰਦਾ ਹੋਇਆ ਕਹਿੰਦਾ ਹੈ — "ਮੈਂ ਪੰਜਾਬੀ ਹਾਂ, ਮੈਂ ਆਜ਼ਾਦੀ ਦਾ ਇਕ ਸਿਪਾਹੀ ਹਾਂ, ਮੁਲਕ ਦੀ ਜਮਹੂਰੀ ਆਜ਼ਾਦੀ ਲਈ ਮੈਂ ਕਈ ਵਾਰ ਜੇਲ੍ਹਾਂ ਕੱਟ ਚੁੱਕਾ ਹਾਂ ਤੇ ਇਸ ਆਜ਼ਾਦੀ ਦੀ ਰਖਿਆ ਲਈ ਮੈਂ ਜਾਨ ਦੇਣ ਨੂੰ ਤਿਆਰ ਹਾਂ। ਇਸ ਆਜ਼ਾਦੀ ਵਾਸਤੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਸਾਰਿਆਂ ਨੇ ਕੁਰਬਾਨੀਆਂ ਕੀਤੀਆਂ ਹਨ। ਤੁਸੀਂ ਇਸ ਆਜ਼ਾਦੀ ਨੂੰ ਤਬਾਹ ਕਰਨ 'ਤੇ ਕਿਉਂ ਤੁਰ ਪਏ ਹੋ ? ਜਿਨ੍ਹਾਂ ਮੁਸਲਮਾਨਾਂ ਨੇ ਕਾਂਗਰਸ ਵਿਚ ਸ਼ਾਮਲ ਹੋ ਕੇ ਭਾਰਤ ਦੀ ਆਜ਼ਾਦੀ ਲਈ ਘਾਲਾਂ ਘਾਲੀਆਂ ਹਨ, ਉਨ੍ਹਾਂ ਨੂੰ ਮੁਸਲਮਾਨ ਹੋਣ ਦੇ ਨਾਤੇ ਕਤਲ ਕਰਨਾ ਭਾਰਤ ਮਾਤਾ ਦੇ ਸੀਨੇ ਵਿਚ ਗੋਲੀਆਂ ਮਾਰਨਾ ਹੈ।"[24] ਆਜ਼ਾਦੀ ਦੇ ਦੁਸ਼ਮਣ ਬਣੀ ਬੈਠੇ ਫ਼ਿਰਕਾ-ਪ੍ਰਸਤਾਂ ਨੂੰ ਸਮਝਾਉਂਦਾ ਹੋਇਆ ਸੂਬਾ ਸਿੰਘ ਵੀ ਮਾਰਿਆ ਜਾਂਦਾ ਹੈ।

ਇਉਂ ਪੰਜਾਬੀ ਕਹਾਣੀ ਫ਼ਿਰਕਾ-ਪ੍ਰਸਤੀ ਤੋਂ ਉਪਰ ਉਠੇ ਲੋਕਾਂ ਪ੍ਰਤੀ ਸ਼ਰਧਾ ਪ੍ਰਗਟਾ ਕੇ ਮਨੁੱਖਤਾ ਦੇ ਜੀਉਂਦੇ ਹੋਣ ਦਾ ਅਹਿਸਾਸ ਕਰਾਉਂਦੀ ਹੈ।

ਕੁਝ ਇਕ ਕਹਾਣੀਕਾਰਾਂ ਨੇ ਵੰਡ ਅਤੇ ਫ਼ਸਾਦਾਂ ਦੀ ਸਥਿਤੀ ਵਿਚ ਫੈਲੀ ਫ਼ਿਰਕਾ-ਪ੍ਰਸਤੀ ਦਾ ਸਾਰਾ ਦੋਸ਼ ਅੰਗਰੇਜ਼ਾਂ ਉਤੇ ਸੁੱਟ ਕੇ ਵੀ ਤਨਾਓ ਨੂੰ ਘਟਾਉਣ ਦਾ ਉਪਰਾਲਾ ਕੀਤਾ ਹੈ। ਮਿਸਾਲ ਵਜੋਂ 'ਮੇਰਾ ਉਜੜਿਆ ਗਵਾਂਢੀ' ਦਾ ਇਕ ਪਾਤਰ ਕਹਿੰਦਾ ਹੈ — "ਨੌਹਾਂ ਨਾਲੋਂ ਕਦੇ ਮਾਸ ਨਹੀਂ ਟੁੱਟਦਾ। ਇਹ ਤਾਂ ਸਾਰੇ ਅੰਗਰੇਜ਼ ਦੇ ਪਾਟਕ ਪਾਏ ਨੇ।

---

21. ਮਹਿੰਦਰ ਸਿੰਘ ਸਰਨਾ — ਪੱਥਰ ਦੇ ਆਦਮੀ, ਸਫ਼ਾ 37.
22. ਮਾਸਕ ਪੱਤਰ ਲੋਕ ਸਾਹਿਤ (ਮਾਰਚ 1951 ਈ), ਸਫ਼ਾ 25.
23. ਸਵਿੰਦਰ ਸਿੰਘ ਉੱਪਲ — ਢਹਿੰਦੇ ਮੁਨਾਰੇ, (1954)।
24. ਮਾਸਕ ਪੱਤਰ ਨਵੀਆਂ ਕੀਮਤਾਂ (ਜਨਵਰੀ 1949 ਈ.), ਸਫ਼ਾ 47.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਨੂੰ ਚੁਕ ਚਮਲਾ ਕੇ ਭੂਤਨੇ ਬਣਾ ਦਿੱਤਾ। ਭਾਈ ਨੇ ਭਾਈ ਦਾ ਢਿੱਡ ਪਾੜ ਕੇ ਲੀਰਾਂ ਕਰ ਦਿੱਤੀਆਂ।"[25]

'ਆਜ਼ਾਦੀ'[26] ਕਹਾਣੀ ਵਿਚ ਆਜ਼ਾਦੀ ਵਾਲੇ ਦਿਨ ਇਕ ਗੋਰਾ ਲੋਕਾਂ ਨੂੰ ਹਥਿਆਰ ਵੰਡਦਿਆਂ ਅਤੇ ਹਿੰਦੂਆਂ ਸਿੱਖਾਂ ਨੂੰ ਭੜਕਾਉਂਦਿਆਂ ਪੁਲੀਸ ਹੱਥ ਆ ਜਾਂਦਾ ਹੈ। ਸਵਿੰਦਰ ਸਿੰਘ ਉੱਪਲ ਦੀ ਕਹਾਣੀ 'ਭਰਾ ਭਰਾਵਾਂ ਦੇ'[27] ਵਿਚ ਵੰਡ ਤੇ ਫ਼ਸਾਦਾਂ ਨੂੰ ਭਰਾਵਾਂ ਦੀ ਆਪਸੀ ਲੜਾਈ ਅਤੇ ਇਸ ਲੜਾਈ ਨੂੰ ਬਿੱਲੇ (ਅੰਗਰੇਜ਼) ਦੀ ਚਾਲ ਦਸਿਆ ਹੈ। 'ਤਿੰਨ ਰੱਬ'[28] ਕਹਾਣੀ ਵਿਚ ਵੀ ਫ਼ਸਾਦਾਂ ਦੀ ਸਥਿਤੀ ਤੋਂ ਅੰਗਰੇਜ਼ ਨੂੰ ਖ਼ੁਸ਼ ਹੁੰਦੇ ਦਰਸਾਇਆ ਹੈ ਜੋ ਪਾੜੋ ਤੇ ਰਾਜ ਕਰੋ ਦੀ ਨੀਤੀ 'ਤੇ ਸਦਾ ਚਲਦਾ ਰਿਹਾ ਹੈ।

ਸੁਜਾਨ ਸਿੰਘ ਨੇ 'ਖ਼ੁਸ਼ੀ ਦਾ ਦਿਨ'[29] ਵਿਚ ਦੇਸ਼ ਦੀ ਵੰਡ ਤੋਂ ਕਈ ਸਾਲ ਬਾਅਦ ਇਕ ਮੁਸਲਮਾਨ ਕੁੜੀ ਜ਼ਬੈਦਾ ਬਾਨੋ ਦੇ ਮਨੋਭਾਵ ਬਿਆਨ ਕੀਤੇ ਹਨ, ਜੋ ਲਾਹੌਰ ਵਿਚ ਅੰਤਰ-ਦੇਸ਼ੀ ਕ੍ਰਿਕਟ ਮੈਚ ਦੇਖਣ ਆਏ ਇਕ ਸਿੱਖ ਯੁਵਕ ਮਹਿੰਦਰ ਸਿੰਘ ਸਹਿਗਲ ਨੂੰ ਪ੍ਰੀਤਮ ਸਿੰਘ ਸਮਝ ਕੇ ਆਪਣੇ ਘਰ ਲੈ ਜਾਂਦੀ ਹੈ, ਖ਼ੁਸ਼ੀ ਨਾਲ ਉਸ ਦੀ ਆਓ-ਭਗਤ ਕਰਦੀ ਹੈ। ਪ੍ਰੀਤਮ ਸਿੰਘ ਨੇ 1947 ਵਿਚ ਅੰਮ੍ਰਿਤਸਰ ਵਿਚ, ਆਪਣੀ ਜਾਨ ਖ਼ਤਰੇ ਵਿਚ ਪਾ ਕੇ ਜ਼ਬੈਦਾ ਬਾਨੋ ਦੀ ਪੱਤ ਬਚਾਈ ਸੀ। ਇਉਂ ਲੇਖਕ ਸਿੱਧ ਕਰਦਾ ਹੈ ਕਿ ਦੇਸ਼-ਵੰਡ ਅਤੇ ਸੰਪਰਦਾਇਕ ਫ਼ਸਾਦਾਂ ਵਰਗੇ ਰਾਸ਼ਟਰੀ ਸੰਕਟਾਂ ਵੇਲੇ ਪੈਦਾ ਹੋਈ ਨਫ਼ਰਤ ਚਿਰ ਸਥਾਈ ਨਹੀਂ ਹੁੰਦੀ। ਚਿਰ ਸਥਾਈ ਮਨੁੱਖੀ ਦੋਸਤੀ ਹੀ ਹੁੰਦੀ ਹੈ।

ਕੌਮੀ ਏਕਤਾ ਪੈਦਾ ਕਰ ਕੇ 'ਨਵੇਂ ਸਾਂਝੇ ਭਾਰਤ' ਦੀ ਉਸਾਰੀ ਲਈ ਤਾਂਘ ਰਹੇ ਸਾਹਿਤਕਾਰ ਅਜੇ ਫ਼ਿਰਕਾ-ਪ੍ਰਸਤੀ ਦੀ ਘਾਤਕ ਬਿਮਾਰੀ ਉਤੇ ਕਾਬੂ ਪਾਉਣ ਦਾ ਉਪਰਾਲਾ ਕਰ ਹੀ ਰਹੇ ਸਨ ਕਿ ਉਨ੍ਹਾਂ ਨੂੰ ਗਾਂਧੀ ਜੀ ਜਿਹੇ ਰਾਸ਼ਟਰਵਾਦੀ ਨੇਤਾ ਦੀ ਇਕ ਫ਼ਿਰਕੂ ਹਿੰਦੂ ਹੱਥੋਂ ਹੋਈ ਮੌਤ ਨੇ ਹੋਰ ਸਦਮਾ ਪਹੁੰਚਾਇਆ। ਹਿੰਦੂ-ਸਿੱਖ-ਮੁਸਲਮਾਨ ਦੀ ਸਾਂਝ ਵਿਚ ਵਿਸ਼ਵਾਸ ਰੱਖਣ ਵਾਲੇ ਮਹਾਨ ਕੌਮੀ ਨੇਤਾ ਦੀ ਮੌਤ ਉਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਇਨ੍ਹਾਂ ਲੇਖਕਾਂ ਨੇ ਫ਼ਿਰਕੂ ਲੋਕਾਂ ਨੂੰ ਲਾਹਨਤ ਪਾਈ ਅਤੇ ਨਾਲ ਹੀ ਗਾਂਧੀਵਾਦੀ ਆਦਰਸ਼ਾਂ ਦਾ ਪ੍ਰਚਾਰ ਕਰਦਿਆਂ ਉਨ੍ਹਾਂ ਨੂੰ ਇਹ ਅਹਿਸਾਸ ਕਰਾਇਆ ਕਿ ਗਾਂਧੀ ਜੀ ਆਪਣੇ ਆਦਰਸ਼ਾਂ ਕਾਰਨ ਲੋਕਾਂ ਦੇ ਦਿਲਾਂ ਵਿਚ ਹਮੇਸ਼ਾਂ ਜੀਉਂਦੇ ਰਹਿਣਗੇ।

ਇਸ ਮੌਕੇ ਉਤੇ ਕਰਤਾਰ ਸਿੰਘ ਦੁੱਗਲ ਨੇ 'ਰਾਜ ਹੰਸ ਨਹੀਂ ਮੋਇਆ' ਕਹਾਣੀ

---

25. ਸੰਤੋਖ ਸਿੰਘ ਧੀਰ — ਸਿੱਟਿਆਂ ਦੀ ਛਾਂ (1950), ਸਫ਼ਾ 35.
26. ਪ੍ਰੀਤਮ ਸਿੰਘ ਪੰਛੀ — ਨੰਗੀਆਂ ਕਬਰਾਂ (1949), ਸਫ਼ਾ 28.
27. ਸਵਿੰਦਰ ਸਿੰਘ ਉੱਪਲ — ਭਰਾ ਭਰਾਵਾਂ ਦੇ (1958), ਸਫ਼ਾ 116.
28. ਜੈਦੇਵ ਸਿੰਘ ਬਿੰਦਰਾ — ਖੋਟਾ ਪੈਸਾ ਤੇ ਹੋਰ ਕਹਾਣੀਆਂ (1955), ਸਫ਼ਾ 108.
29. ਸੁਜਾਨ ਸਿੰਘ — ਡੇਢ ਆਦਮੀ (1955), ਸਫ਼ਾ 77.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖੀ। ਲੇਖਕ ਨੇ ਗਾਂਧੀ ਜੀ ਦੇ ਆਦਰਸ਼ਾਂ, ਕੁਰਬਾਨੀਆਂ ਤੇ ਪ੍ਰਾਪਤੀਆਂ ਦਾ ਸੰਕੇਤਕ ਵੇਰਵਾ ਦੇ ਕੇ ਫ਼ਿਰਕੂ ਅਨਸਰਾਂ ਨੂੰ ਸਮਝਾਇਆ ਕਿ "ਰਾਜ ਹੰਸ ਨੇ ਹਰ ਦੇਸ਼ ਵਾਸੀ ਦੇ ਦਿਲ ਵਿਚ ਜਨਮ ਲਿਆ ਹੈ।" ਲੇਖਕ ਦਾ ਵਿਚਾਰ ਹੈ — "ਰਾਜ ਹੰਸ ਨਹੀਂ ਮਰਿਆ, ਰਾਜ ਹੰਸ ਨਹੀਂ ਮਰ ਸਕੇਗਾ ਜਦੋਂ ਤੀਕ ਸਤਿ ਜ਼ਿੰਦਾ ਹੈ, ਜਦੋਂ ਤੀਕ ਅਹਿੰਸਾ ਜ਼ਿੰਦਾ ਹੈ।"[30]

ਇਸੇ ਤਰ੍ਹਾਂ ਦੁੱਗਲ ਦੀ ਇਕ ਹੋਰ ਕਹਾਣੀ 'ਝੂਠ ਵਰਗਾ ਸੱਚ' ਵੀ ਉਸ ਗਾਂਧੀ ਨੂੰ ਸ਼ਰਧਾ ਨਾਲ ਪੇਸ਼ ਕਰਦੀ ਹੈ ਜਿਸ ਦੀਆਂ ਦੋ ਮੁਸਲਮਾਨ ਭੈਣਾਂ ਸਨ; ਜਿਸ ਦੀ ਸਭਾ ਵਿਚ ਸਭ ਲੋਕ ਜਾਂਦੇ ਸਨ ਅਤੇ ਜਿਸ ਦੇ ਆਦਰਸ਼ਾਂ ਨੂੰ ਅਪਣਾ ਕੇ ਕਹਾਣੀ ਦੀ ਮੁਸਲਮਾਨ ਨਾਇਕਾ ਇਕ ਸਿੱਖ ਨੂੰ ਫ਼ਸਾਦਾਂ ਦੀ ਸਥਿਤੀ ਵਿਚ ਵੀ ਅਪਣਾਉਂਦੀ ਹੈ। ਫ਼ਿਰਕਾ-ਪ੍ਰਸਤ ਹਿੰਦੂਆਂ ਹੱਥੋਂ ਗਾਂਧੀ ਜੀ ਦੀ ਮੌਤ ਹੋਣ ਦੀ ਸਥਿਤੀ ਵਿਚ ਵੀ ਲੜਕਾ ਲੜਕੀ ਗਾਂਧੀਵਾਦੀ ਅਦਰਸ਼ਾਂ ਉਤੇ ਕਾਇਮ ਰਹਿੰਦੇ ਹੋਏ ਕਹਿੰਦੇ ਹਨ — "ਬਾਪੂ ਕਦੀ ਮਰ ਨਹੀਂ ਸਕਦਾ। ਅਸੀਂ ਉਨ੍ਹਾਂ ਨੂੰ ਜ਼ਿੰਦਾ ਰੱਖਾਂਗੇ।"[31]

ਕਸ਼ਮੀਰਾ ਸਿੰਘ ਪਾਰਸ ਦੀ ਰਚਨਾ "ਬਾਪੂ" ਵੀ ਇਕ ਬਜ਼ੁਰਗ ਨੂੰ ਗਾਂਧੀ ਜੀ ਦੀ ਮੌਤ ਉਤੇ ਰੋਂਦਾ ਦਰਸਾਂਦੀ ਹੈ। ਗਾਂਧੀ ਜੀ ਦੀ ਸਮਾਧ ਪਾਸ ਬੈਠੇ ਮੁੰਡਿਆਂ ਨੂੰ ਗਾਂਧੀ ਵਿਰੁੱਧ ਗੱਲਾਂ ਕਰਦੇ ਸੁਣ ਕੇ ਬਜ਼ੁਰਗ ਮੁੰਡਿਆਂ ਨੂੰ ਕੋਸਦਾ ਹੈ ਅਤੇ ਨਾਲ ਹੀ ਗਾਂਧੀ ਜੀ ਦੇ ਆਦਰਸ਼ਾਂ ਦੀ ਯਾਦ ਦਿਲਾ ਕੇ ਕਹਿੰਦਾ ਹੈ — "ਮੈਂ ਬਾਪੂ ਨੂੰ ਬੜੇ ਨੇੜਿਓਂ ਤਕਿਆ ਹੈ। ਉਹ ਸਭ ਤੋਂ ਪਹਿਲਾਂ ਹਿੰਦੁਸਤਾਨ ਦਾ ਹਮਦਰਦ ਸੀ, ਫਿਰ ਹਿੰਦੁਸਤਾਨੀ ਦਾ। ਹਿੰਦੂ ਮੁਸਲਮਾਨ ਦਾ ਉਸ ਕਦੇ ਵਿਤਕਰਾ ਨਹੀਂ ਸੀ ਕੀਤਾ..... ਤੁਅੱਸਬੀ ਹਿੰਦੂ ਬਾਪੂ ਦੇ ਤੱਦ ਤੋਂ ਹੀ ਵੈਰੀ ਬਣ ਬੈਠੇ ਸਨ ਜਦ ਤੋਂ ਉਨ੍ਹਾਂ 'ਅਛੂਤ ਉਧਾਰ' ਦੀ ਲਹਿਰ ਚਲਾਈ ਸੀ।" ਕੌਮ ਨੂੰ ਹੋਏ ਨੁਕਸਾਨ ਦਾ ਜ਼ਿਕਰ ਕਰਦਿਆਂ ਉਹ ਕਹਿੰਦਾ ਹੈ — "ਬਾਪੂ ਦੀ ਮੌਤ ਨੇ ਹਿੰਦੁਸਤਾਨ ਨੂੰ ਕਈ ਸਾਲ ਪਿੱਛੇ ਲਿਜਾ ਸੁਟਿਆ ਹੈ।"[32]

ਇਉਂ ਪੰਜਾਬੀ ਕਹਾਣੀ ਨੇ ਮਹਾਤਮਾ ਗਾਂਧੀ ਨੂੰ ਭਾਵਪੂਰਤ ਸ਼ਰਧਾਂਜਲੀ ਅਰਪਿਤ ਕੀਤੀ ਅਤੇ ਬਾਪੂ ਦੀ ਮੌਤ ਦੇ ਜ਼ਿੰਮੇਵਾਰ ਤੱਤਾਂ ਪ੍ਰਤੀ ਨਫ਼ਰਤ ਦਾ ਇਜ਼ਹਾਰ ਕੀਤਾ।

ਸੁਤੰਤਰ ਭਾਰਤ ਤੋਂ ਨਿਰਾਸ਼ ਲੋਕ ਤੇ ਪੰਜਾਬੀ ਕਹਾਣੀ

ਲੱਗ ਪੱਗ ਇਕ ਸਦੀ ਦੇ ਸੁਤੰਤਰਤਾ ਸੰਗਰਾਮ ਤੋਂ ਬਾਅਦ ਹਾਸਲ ਹੋਣ ਵਾਲੀ

---

30. ਕਰਤਾਰ ਸਿੰਘ ਦੁੱਗਲ — ਟੋਏ ਟਿੱਬੇ (1948), ਸਫ਼ਾ 106.
31. ਕਰਤਾਰ ਸਿੰਘ ਦੁੱਗਲ — ਅੱਗ ਖਾਣ ਵਾਲੇ (1948), ਸਫ਼ਾ 107.
32. ਕਸ਼ਮੀਰਾ ਸਿੰਘ ਪਾਰਸ — ਟੁੱਟੇ ਦਿਲ (1948), ਸਫ਼ਾ 164-65.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਜ਼ਾਦੀ ਨਾਲ ਭਾਰਤੀ ਜਨਤਾ ਦੀਆਂ ਬੇਸ਼ੁਮਾਰ ਸੱਧਰਾਂ ਜੁੜੀਆਂ ਹੋਈਆਂ ਸਨ ਜਿਨ੍ਹਾਂ ਦੀ ਪੂਰਤੀ ਲਈ ਦੇਸ਼-ਵਾਸੀ ਉਤਾਵਲੇ ਸਨ। ਉਨ੍ਹਾਂ ਸੁਪਨੇ ਲਏ ਸਨ ਕਿ ਸੁਤੰਤਰਤਾ ਤੋਂ ਬਾਅਦ ਦੇ ਭਾਰਤ ਵਿਚ ਅਜਿਹਾ ਲੋਕ-ਰਾਜ ਹੋਵੇਗਾ ਜਿਥੇ ਹਰ ਭਾਰਤੀ ਨੂੰ ਖ਼ੁਸ਼ਹਾਲੀ ਤੇ ਇਨਸਾਫ਼ ਮਿਲੇਗਾ, ਜਿਥੇ ਸੱਭ ਲੋਕ ਬਰਾਬਰ ਹੋਣਗੇ, ਪਰ ਜਲਦੀ ਹੀ ਉਨ੍ਹਾਂ ਦਾ ਸੁਤੰਤਰ ਭਾਰਤ ਬਾਰੇ ਬਣਿਆਂ ਸੰਕਲਪ ਟੁੱਟ ਗਿਆ। ਇਕ ਪਾਸੇ ਦੇਸ਼ ਦੀ ਵੰਡ, ਫ਼ਸਾਦ ਅਤੇ ਗਾਂਧੀ ਜੀ ਜਿਹੇ ਕੌਮੀ ਨੇਤਾ ਦੀ ਮੌਤ ਦਾ ਸਦਮਾ ਸੀ, ਤੇ ਦੂਜੇ ਪਾਸੇ ਨਵੀਂਆਂ ਪੈਦਾ ਹੋਈਆਂ ਜਾਂ ਪਹਿਲਾਂ ਨਾਲੋਂ ਵੱਧ ਗੁੰਝਲਦਾਰ ਹੋਈਆਂ ਬੇਰੋਜ਼ਗਾਰੀ, ਰਿਸ਼ਵਤਖ਼ੋਰੀ, ਕੁਨਬਾ-ਪ੍ਰਵਰੀ ਤੇ ਚੋਰ-ਬਾਜ਼ਾਰੀ ਆਦਿ ਸਮੱਸਿਆਵਾਂ ਸਨ, ਅਤੇ ਤੀਜੇ ਪਾਸੇ ਸ਼ਰਨਾਰਥੀਆਂ ਦੀ ਗੰਭੀਰ ਸਮੱਸਿਆ ਨਿਰਾਸ਼ਾ ਪੈਦਾ ਕਰ ਰਹੀ ਸੀ।

ਸੁਤੰਤਰ ਭਾਰਤ ਤੋਂ ਨਿਰਾਸ਼ ਹੋਏ ਲੋਕਾਂ ਦੇ ਜਜ਼ਬਾਤ ਪ੍ਰਗਟਾਉਣ ਲਈ ਕੁਝ ਇਕ ਪੰਜਾਬੀ ਕਹਾਣੀਕਾਰਾਂ ਨੇ ਉਨ੍ਹਾਂ ਦੇਸ਼-ਭਗਤਾਂ ਨੂੰ ਚਿਤਰਿਆ, ਜਿਨ੍ਹਾਂ ਨੇ ਇਸ ਆਜ਼ਾਦੀ ਲਈ ਮਹਾਨ ਕੁਰਬਾਨੀਆਂ ਦਿੱਤੀਆਂ ਸਨ। ਇਸ ਕਿਸਮ ਦੀਆਂ ਕੁਝ ਪ੍ਰਭਾਵਸ਼ਾਲੀ ਕਹਾਣੀਆਂ ਗੁਰਮੁੱਖ ਸਿੰਘ ਮੁਸਾਫ਼ਰ ਨੇ ਲਿਖੀਆਂ ਜੋ ਖ਼ੁਦ ਇਨ੍ਹਾਂ ਪਾਤਰਾਂ ਦੀ ਸ਼੍ਰੇਣੀ ਵਿਚੋਂ ਸੀ। ਉਸ ਦੀਆਂ ਕਹਾਣੀਆਂ 'ਅਜਾਇਬ', 'ਦੁਚਿਤਾਨੰਦ', 'ਕੁਦ', 'ਪਾਲਿਸ਼ਵਾਲਾ'[33] ਵਿਚਲੇ ਦੇਸ਼-ਭਗਤ ਆਪਣੇ ਪਹਿਲਾਂ ਮਿਥੇ ਆਦਰਸ਼ਾਂ ਦੀ ਮੌਤ ਹੋਈ ਮਹਿਸੂਸ ਕਰਦੇ ਹਨ। ਇਨ੍ਹਾਂ ਸਾਰੇ ਦੇਸ਼-ਭਗਤਾਂ ਨੇ ਬਿਨਾਂ ਕਿਸੇ ਸਵਾਰਥ ਦੇ ਆਜ਼ਾਦੀ ਸੰਗਰਾਮ ਵਿਚ ਦੁੱਖ ਝੱਲੇ ਅਤੇ ਆਜ਼ਾਦੀ ਤੋਂ ਬਾਅਦ ਦੀ ਜ਼ਿੰਦਗੀ ਨੂੰ ਵੀ ਹੱਕ ਤੇ ਮਿਹਨਤ ਦੀ ਰੋਟੀ ਖਾ ਕੇ ਬਿਤਾਣਾ ਬਿਹਤਰ ਸਮਝਿਆ।

'ਪਾਲਿਸ਼ਵਾਲਾ' ਕਹਾਣੀ ਦਾ ਬੂਟਾ ਰਾਮ ਇਕ ਅਜਿਹਾ ਦੇਸ਼-ਭਗਤ ਹੈ ਜੋ ਲੱਖਪਤੀ ਬਾਪ ਦਾ ਪੁੱਤਰ ਹੋਣ ਦੇ ਬਾਵਜੂਦ ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਸਾਧਾਰਨ ਜੀਵਨ ਜੀਉਂਦਾ ਹੈ। ਸੁਤੰਤਰਤਾ ਸੰਗਰਾਮ ਦੌਰਾਨ ਛੇ ਵਾਰ ਜੇਲ੍ਹ ਗਿਆ ਪਰ ਆਜ਼ਾਦੀ ਤੋਂ ਬਾਅਦ ਉਸ ਨੇ ਆਪਣੀਆਂ ਕੁਰਬਾਨੀਆਂ ਦੀ ਕੀਮਤ ਨਹੀਂ ਵਸੂਲੀ ਕਿਉਂਕਿ ਉਹ ਕੁਰਬਾਨੀ ਦਾ ਬਦਲਾ ਲੈਣਾ ਆਪਣੀ ਹੱਤਕ ਸਮਝਦਾ ਹੈ। ਸਗੋਂ ਉਹ ਹੱਕ ਤੇ ਮਿਹਨਤ ਦੀ ਕਮਾਈ ਖਾਣ ਲਈ ਸ੍ਰੀ ਨਗਰ ਵਿਚ 'ਪਾਲਿਸ਼ਵਾਲਾ' ਬਣਿਆਂ ਬੈਠਾ ਹੈ। ਜਦੋਂ ਅਚਾਨਕ ਉਸ ਨੂੰ ਆਪਣੇ ਪੁਰਾਣੇ ਸਾਥੀ ਮਿਲ ਪੈਂਦੇ ਹਨ, ਤਾਂ ਦੇਸ਼ ਦੀ ਸਥਿਤੀ ਅਤੇ ਨੇਤਾਵਾਂ ਦੇ ਬਦਲੇ ਚੱਰਿਤਰ ਉਤੇ ਪ੍ਰੇਸ਼ਾਨ ਹੋਇਆ ਬੂਟਾ ਰਾਮ ਅੱਥਰੂ ਭਰ ਕੇ ਕਹਿੰਦਾ ਹੈ — "ਮੈਂ ਦਿੱਲੀ ਗਿਆ ਸਾਂ, ਕਾਸ਼ ਮੈਂ ਨਾ ਜਾਂਦਾ! ਨਾ ਜਾਂਦਾ ਤੇ ਮੇਰਾ ਨਿਸਚਾ ਨਾ ਡੋਲਦਾ। ਮੈਂ ਨਹੀਂ ਡੋਲਿਆ, ਪੈਂਤੀ ਸਾਲ ਨਹੀਂ ਡੋਲਿਆ, ਡੋਲਦਾ ਹੁਣ ਵੀ ਨਹੀਂ; ਪਰ ਦਿੱਲੀ

33. ਕੰਧਾਂ ਬੋਲ ਪਈਆਂ (1960) ਸੰਗ੍ਰਹਿ ਦੀਆਂ ਕਹਾਣੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਣ ਦਾ ਪਛਤਾਵਾ ਲੱਗ ਗਿਆ ਹੈ।"[34] ਬੂਟਾ ਰਾਮ ਨੂੰ ਦੇਸ਼-ਭਗਤਾਂ ਪ੍ਰਤੀ ਸਰਕਾਰ ਦੀ ਲਾ-ਪ੍ਰਵਾਹੀ ਉਤੇ ਵੀ ਇਤਰਾਜ਼ ਹੈ। ਉਸ ਦਾ ਕਹਿਣਾ ਹੈ ਕਿ "ਸਰਹੱਦੀ ਸਾਥੀਆਂ ਦਾ, ਖ਼ਾਸ ਕਰ ਆਜ਼ਾਦੀ ਲਹਿਰ ਦੇ ਜਰਨੈਲਾਂ ਦਾ, ਮਾੜਾ ਹਾਲ ਮੈਥੋਂ ਵੇਖਿਆ ਨਹੀਂ ਗਿਆ।"

'ਦੁਚਿਤਾਨੰਦ'[35] ਜਿਹੇ ਦੇਸ਼-ਭਗਤ ਨੇ ਵੀ ਲੋਕਾਂ ਦੀ ਸੇਵਾ ਦਾ ਹੀ ਆਦਰਸ਼ ਪਾਲਿਆ ਹੈ। ਉਹ ਸੰਨਿਆਸੀਆਂ ਵਰਗਾ ਜੀਵਨ ਜੀਉਂਦਾ ਹੈ। ਉਸ ਨੂੰ ਦੂਜੇ ਦੇ ਦੁੱਖ ਦੇਖ ਕੇ ਆਪਣਾ ਦੁੱਖ ਭੁੱਲ ਜਾਂਦਾ ਹੈ। ਇਉਂ ਇਹ ਕਹਾਣੀ ਆਜ਼ਾਦੀ ਤੋਂ ਬਾਅਦ ਉੱਚੇ ਆਦਰਸ਼ਾਂ 'ਤੇ ਕਾਇਮ ਰਹਿਣ ਵਾਲੇ ਦੇਸ਼-ਭਗਤਾਂ ਦੀ ਮਿਸਾਲ ਦੇ ਕੇ ਸਵਾਰਥੀ ਲੀਡਰਾਂ ਉਤੇ ਵਿਅੰਗ ਕਰਦੀ ਹੈ।

ਸੁਤੰਤਰਤਾ ਸੰਗਰਾਮੀਆਂ ਦੇ ਨਾਲ ਨਾਲ ਸਾਧਾਰਨ ਲੋਕਾਂ ਵਿਚ ਫੈਲੀ ਨਿਰਾਸ਼ਾ ਦਾ ਵੀ ਵੱਡੇ ਪੈਮਾਨੇ ਉਤੇ ਪ੍ਰਗਟਾਵਾ ਹੋਇਆ ਹੈ। ਮਿਸਾਲ ਵਜੋਂ 'ਬਾਪੂ ਨਗਰੀ'[36] ਕਹਾਣੀ ਵਿਚ ਕਾਂਗਰਸ ਪ੍ਰਤੀ ਸ਼ਰਧਾ ਰੱਖਣ ਵਾਲੇ ਲੋਕਾਂ ਦਾ ਵੀ ਸਰਕਾਰ ਤੋਂ ਵਿਸ਼ਵਾਸ ਹਿਲਿਆ ਦਿਖਾਇਆ ਗਿਆ ਹੈ। ਕਹਾਣੀ ਵਿਚ ਦੇਸ਼ ਦੀ ਵੰਡ ਤੋਂ ਬਾਅਦ ਉਜੜ ਕੇ ਆਏ ਸ਼ਰਨਾਰਥੀਆਂ ਨਾਲ ਨਵੀਂ ਦਿੱਲੀ ਦੀ ਸਰਕਾਰ ਵਲੋਂ ਹੁੰਦਾ ਦੂਰ-ਵਿਵਹਾਰ ਤੇ ਉਨ੍ਹਾਂ ਦੇ ਜੀਵਨ ਦੀ ਨਿਰਾਸ਼ਾ ਪ੍ਰਗਟ ਹੁੰਦੀ ਹੈ। ਕਹਾਣੀ ਦਾ ਮੁੱਖ ਪਾਤਰ ਮੁਲਕ ਰਾਜ ਗਾਂਧੀਵਾਦੀ ਸਿਧਾਤਾਂ ਦਾ ਸਮੱਰਥਕ ਹੈ ਅਤੇ ਸਰਕਾਰ ਤੋਂ ਸ਼ਰਨਾਰਥੀਆਂ ਦੇ ਜੀਵਨ ਦੀ ਬਿਹਤਰੀ ਲਈ ਆਸ ਰੱਖਦਾ ਹੈ। ਪਰ ਜਦੋਂ ਦੇਖਦਾ ਹੈ ਕਿ ਆਸਟ੍ਰੇਲੀਆ ਦੇ ਬਦੇਸ਼-ਮੰਤਰੀ ਦੀ ਆਮਦ ਸਮੇਂ ਜਾਂ ਗਾਂਧੀ ਜੀ ਦੇ ਸ਼ਹੀਦੀ-ਦਿਵਸ ਉਤੇ ਰਾਜ ਘਾਟ ਦੇ ਆਸ ਪਾਸ ਵੱਸਦੇ ਸ਼ਰਨਾਰਥੀਆਂ ਨੂੰ ਜਬਰੀ ਉਜਾੜਿਆ ਜਾਂਦਾ ਹੈ, ਉਨ੍ਹਾਂ ਦੇ ਨਿੱਕੇ ਨਿੱਕੇ ਕਾਰੋਬਾਰ ਸਰਕਾਰ ਦੀਆਂ 'ਕਾਨੂੰਨੀ ਕਾਰਵਾਈਆਂ' ਨਾਲ ਬੰਦ ਹੋ ਜਾਂਦੇ ਹਨ, ਤਾਂ ਉਹ ਪਾਗਲ ਜਿਹਾ ਹੋ ਜਾਂਦਾ ਹੈ। ਕਦੇ ਉਹ ਨਹਿਰੂ ਤੇ ਉਸ ਦੀ ਸਰਕਾਰ ਦੇ ਗੁਣ ਗਾਉਂਦਾ ਹੈ ਅਤੇ ਕਦੇ ਇਨ੍ਹਾਂ ਵਿਰੁੱਧ ਗੁੱਸਾ ਕੱਢਦਾ ਹੈ। ਬਾਪੂ ਦੀ ਸਮਾਧੀ ਪਾਸ ਜਾ ਕੇ ਉਹ ਕਹਿੰਦਾ ਹੈ — "ਆਓ ਅਸੀਂ ਬਾਪੂ ਨੂੰ ਆਖੀਏ ਕਿ ਅਸੀਂ ਭੁੱਖੇ ਮਰ ਰਹੇ ਹਾਂ। ..... ਸਰਕਾਰ ਸਾਡਾ ਕੁਝ ਨਹੀਂ ਬਣਾ ..... ਅਸੀਂ ਬੜਾ ਚਿਰ ਉਡੀਕਿਆ ਹੈ।"

ਦੁੱਗਲ ਦੀ ਕਹਾਣੀ 'ਉਸ ਦੀਆਂ ਚੂੜੀਆਂ' ਵਿਚ ਵੀ ਉਨ੍ਹਾਂ ਲੋਕਾਂ ਦੀ ਦੁੱਖਦਾਈ ਸਥਿਤੀ ਦਾ ਵਰਨਣ ਹੈ, ਜੋ ਦੇਸ਼-ਵੰਡ ਤੋਂ ਪਹਿਲਾਂ ਅਤੇ ਬਾਅਦ ਵਿਚ ਨਹਿਰੂ ਤੇ ਗਾਂਧੀ ਜਿਹੇ ਲੀਡਰਾਂ ਪ੍ਰਤੀ ਸ਼ਰਧਾ ਰਖਦੇ ਸਨ ਪਰ ਸ਼ਰਨਾਰਥੀਆਂ ਦੀ ਦਿਨੋ ਦਿਨ ਗੰਭੀਰ ਹੋ ਰਹੀ

---

34. ਗਿਆਨੀ ਗੁਰਮੁਖ ਸਿੰਘ ਮੁਸਾਫ਼ਰ — ਕੰਧਾਂ ਬੋਲ ਪਈਆਂ (1960), ਸਫ਼ਾ 69.
35. ਉਹੀ, ਸਫ਼ਾ 118.
36. ਗੁਰਮੁਖ ਸਿੰਘ ਜੀਤ — ਕਾਲੇ ਆਦਮੀ (1956), ਸਫ਼ਾ 149.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਥਿਤੀ ਦੇਖ ਕੇ ਨਿਰਾਸ਼ ਹੋ ਰਹੇ ਹਨ। ਕਹਾਣੀ ਦੀ ਨਾਇਕਾ ਰਾਮੇਸ਼ਵਰੀ ਨੇ ਕਦੇ ਆਜ਼ਾਦੀ ਤੋਂ ਪਹਿਲਾਂ ਨਹਿਰੂ ਦੀ ਇਕ ਜਲਸੇ ਵਿਚ ਕੀਤੀ ਅਪੀਲ 'ਤੇ ਸੁਤੰਤਰਤਾ ਸੰਘਰਸ਼ ਲਈ ਆਪਣੀਆਂ ਸੋਨੇ ਦੀਆਂ ਚੂੜੀਆਂ ਦਾਨ ਵਿਚ ਦਿੱਤੀਆਂ ਸਨ। ਸੁਤੰਤਰ ਭਾਰਤ ਤੋਂ ਭਾਵੇਂ ਉਹ ਆਪਣੀ ਕੁਰਬਾਨੀ ਦਾ ਮੁੱਲ ਨਹੀਂ ਲੈਣਾ ਚਾਹੁੰਦੀ ਪਰ ਉਸ ਨੂੰ 'ਖੁਸ਼ਹਾਲ ਭਾਰਤ' ਦੇ ਸੁਪਨੇ ਟੁੱਟਣ ਦਾ ਅਫ਼ਸੋਸ ਹੈ।[37]

'ਇੰਡੀਆ ਗੇਟ' ਕਹਾਣੀ ਵਿਚ ਪ੍ਰਦੇਸੋਂ ਆਇਆ ਇਕ ਸਾਬਕਾ ਭਾਰਤੀ ਫ਼ੌਜੀ ਇੰਡੀਆ ਗੇਟ, ਦਿੱਲੀ, ਸਾਹਮਣੇ ਖੜ੍ਹਾ ਹੈ ਤੇ ਦੇਸ਼ ਦੇ ਸ਼ਹੀਦਾਂ ਦਾ ਨਾਮ ਪੜ੍ਹਦਿਆਂ ਉਹ ਮਹਿਸੂਸ ਕਰਦਾ ਹੈ ਕਿ ਇੰਡੀਆ ਗੇਟ ਰੋ ਰਿਹਾ ਹੈ। ਆਜ਼ਾਦੀ ਤੋਂ ਪਹਿਲਾਂ ਸਾਡੇ ਨੇਤਾਵਾਂ ਵਲੋਂ ਖੁਸ਼ਹਾਲੀ ਦੇ ਦਿਖਾਏ ਸੁਪਨਿਆਂ ਦੀ ਗੱਲ ਕਰਦਿਆਂ ਕਹਾਣੀ ਦਾ ਇਕ ਸ਼ਹੀਦ ਪਾਤਰ ਕਹਿੰਦਾ ਹੈ — "ਮੈਂ ਹੁਣ ਦੇ ਲੀਡਰਾਂ 'ਤੇ ਹੋਰ ਵਿਸ਼ਵਾਸ ਨਹੀਂ ਕਰ ਸਕਦਾ।"[38]

'ਰੀਠੂ ਦੀ ਬੇੜੀ'[39] ਵਿਚਲੇ ਮਲਾਹ ਨੂੰ ਅਤੇ 'ਜਦੋਂ ਲੋਕ ਸੁੱਤੇ ਪਏ ਸਨ' ਕਹਾਣੀ ਦੇ ਟਾਂਗੇ ਵਾਲੇ ਨੂੰ ਆਜ਼ਾਦ ਭਾਰਤ ਦੇ ਲੀਡਰਾਂ ਤੋਂ ਕੋਈ ਆਸ ਨਹੀਂ ਰਹੀ। ਟਾਂਗੇ ਵਾਲਾ ਇਕ ਗ਼ਰੀਬ ਜਮਾਂਦਾਰ ਨਾਲ ਹੁੰਮਦਰਦੀ ਕਰਦਾ ਹੋਇਆ ਕਹਿੰਦਾ ਹੈ — "ਜਮਾਂਦਾਰਾ, ਪੰਡਤ ਜੀ ਦੀਆਂ ਨਿਤ ਨਵੇਂ ਸੂਰਜ ਤਕਰੀਰਾਂ ਹੁੰਦੀਆਂ ਨੇ, ਹਰ ਤਕਰੀਰ ਕੋਈ ਨਾ ਕੋਈ ਨਾਰ੍ਹਾ ਹੁੰਦੀ ਹੈ। ਪਰ ਲੋਕ ਬੜੇ ਸਿਆਣੇ ਨੇ। ਭੁੱਖਿਆਂ ਦਾ ਹੁਣ ਤਕਰੀਰਾਂ ਨਾਲ ਢਿੱਡ ਨਹੀਂ ਭਰ ਸਕਦਾ। ਇਹ ਲੀਡਰ ਸਾਡਾ ਦੁੱਖ ਨਹੀਂ ਮਹਿਸੂਸ ਕਰ ਸਕਦੇ।"[40]

'ਨਵੀਂ ਸਵੇਰ' ਕਹਾਣੀ ਦੀ ਸ਼ਰਨਾਰਥੀ ਔਰਤ ਜੀਵੀ ਨੂੰ ਪਹਿਲਾਂ ਰੱਬ ਅਤੇ ਸਰਕਾਰ ਵਿਚ ਕੋਈ ਭਿੰਨ ਭੇਦ ਨਜ਼ਰ ਨਹੀਂ ਸੀ ਆਉਂਦਾ, ਕਿਉਂਕਿ ਲਾਇਲਪੁਰ ਦੇ ਜ਼ਿਲ੍ਹੇ ਵਿਚੋਂ ਬਚ ਨਿਕਲਣ ਨੂੰ ਉਹ ਰੱਬ ਤੇ ਸਰਕਾਰ ਦੀ ਹੀ ਮਿਹਰਬਾਨੀ ਸਮਝਦੀ ਸੀ। ਪਰ ਜਦੋਂ ਉਸ ਦਾ ਪੁੱਤਰ ਦੱਸਦਾ ਹੈ ਕਿ ਉਨ੍ਹਾਂ ਦੇ ਪ੍ਰੀਵਾਰ ਨੂੰ ਪਹਿਲਾਂ ਮਿਲੀ ਥੋੜ੍ਹੀ ਜਿਹੀ ਜ਼ਮੀਨ ਵੀ ਖੋਹ ਲਈ ਗਈ ਹੈ ਤੇ ਇਕ ਵੱਡੇ ਜ਼ਿਮੀਦਾਰ ਨੂੰ ਦੋ ਸੌ ਏਕੜ ਇਕ ਪਿੰਡ ਵਿਚ ਹੀ ਦੇ ਦਿੱਤੀ ਗਈ ਹੈ, ਤਾਂ ਜੀਵੀ ਦਾ ਵਿਸ਼ਵਾਸ ਟੁੱਟ ਜਾਂਦਾ ਹੈ, ਜਦੋਂ ਉਸ ਦਾ ਪਤੀ ਦੱਸਦਾ ਹੈ ਕਿ — "ਸਾਡੀ ਸਰਕਾਰ ਸਰਮਾਏਦਾਰਾਂ ਦੀ ਸਰਕਾਰ ਹੈ; ਇਹ ਵੱਡੇ ਵੱਡੇ ਸਰਦਾਰਾਂ ਤੇ ਜਾਗੀਰਦਾਰਾਂ ਨੂੰ ਫ਼ਾਇਦਾ ਪਹੁੰਚਾਉਂਦੀ ਹੈ, ਗ਼ਰੀਬ

---

37. ਕਰਤਾਰ ਸਿੰਘ ਦੁੱਗਲ — ਨਵਾਂ ਘਰ (1951), ਸਫ਼ਾ 31.

38. ਲੋਚਨ ਸਿੰਘ ਬਖ਼ਸ਼ੀ — ਵਰ ਤੇ ਸ਼ਰਾਪ (1954), ਸਫ਼ਾ 42.

39. ਪ੍ਰੀਤਮ ਸਿੰਘ — ਡਾਕ ਪੱਥਰ (1954), ਸਫ਼ਾ 65.

40. ਹਰਚਰਨ ਸਿੰਘ — ਨਵੀਂ ਸਵੇਰ (1955), ਸਫ਼ਾ 91.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਜ਼ਾਰੇ ਤੇ ਕਾਮਿਆਂ ਦਾ ਇਸ ਨੂੰ ਕੋਈ ਖਿਆਲ ਨਹੀਂ," ਤਾਂ ਜੀਵੀ ਦਾ ਕਹਿਣਾ ਹੈ — "ਫੇਰ ਏਹੋ ਜਿਹੀ ਚੰਦਰੀ ਸਰਕਾਰ ਬਦਲਦੇ ਕਿਉਂ ਨਹੀਂ ?"[41]

'ਭਿਖਾਰੀ ਦੀ ਦੁਨੀਆਂ' ਵੀ ਇਕ ਭਿਖਾਰੀ ਅਤੇ ਉਸ ਦੇ ਪ੍ਰੀਵਾਰ ਨਾਲ ਸਮਾਜ ਵਲੋਂ ਹੋ ਰਹੀ ਬੇ-ਇਨਸਾਫ਼ੀ ਅਤੇ ਪੁਲੀਸ ਦੇ ਤਸ਼ੱਦਦ ਦੀ ਦਰਦਨਾਕ ਝਾਕੀ ਦਿਖਾ ਕੇ ਦੁੱਖੀ ਭਿਖਾਰੀ ਤੋਂ ਕਹਾਉਂਦੀ ਹੈ — "ਇਥੇ ਸਾਡਾ ਰਾਜ ਨਹੀਂ..... ।"[42]

ਘਨਸ਼ਾਮ ਦਾਸ ਦੀ ਕਹਾਣੀ 'ਜਿਥੇ ਦੋ ਪੁੜ ਮਿਲਦੇ ਹਨ'[43] ਅਤੇ ਸੁਰਜਨ ਸਿੰਘ ਜ਼ੀਰਵੀ ਦੀ ਰਚਨਾ 'ਕੈਦੀ'[44] ਵਿਚ ਵੀ ਆਜ਼ਾਦੀ ਨੂੰ 'ਝੂਠੀ ਆਜ਼ਾਦੀ' ਕਿਹਾ ਗਿਆ ਹੈ । ਕੁਲਦੀਪ ਸਿੰਘ ਸੂਰੀ ਦੀ ਕਹਾਣੀ 'ਸੁਪਨਿਆਂ ਦੀ ਮੌਤ'[45] ਵਿਚ ਮਜ਼ਦੂਰ ਤੇ ਕਿਰਤੀ ਲੋਕਾਂ ਵਿਚ ਆਜ਼ਾਦੀ ਤੋਂ ਬਾਅਦ ਦੇ ਖ਼ੁਦਗਰਜ਼ ਤੇ ਕੁਨਬਾ-ਪ੍ਰਸਤ ਨੇਤਾਵਾਂ ਪ੍ਰਤੀ ਗ਼ੁੱਸਾ ਦਰਸਾਇਆ ਗਿਆ ਹੈ ਕਿਉਂਕਿ ਉਨ੍ਹਾਂ ਨੇ 'ਰਾਮ ਰਾਜ' ਦੇ ਇਕਰਾਰ ਭੁਲਾ ਦਿੱਤੇ ਸਨ ।

ਸੁਤੰਤਰ ਭਾਰਤ ਦੀ ਸਥਿਤੀ ਤੋਂ ਨਿਰਾਸ਼ ਹੋਏ ਲੋਕਾਂ ਨਾਲ ਹਮਦਰਦੀ ਰੱਖਦਿਆਂ ਪੰਜਾਬੀ ਕਹਾਣੀਕਾਰਾਂ ਨੇ ਉਨ੍ਹਾਂ ਨੇਤਾਵਾਂ ਦੇ ਭੇਖੀ ਚੱਰਿਤਰ ਨੂੰ ਵੀ ਉਘਾੜਿਆ ਹੈ ਜੋ ਲੋਕ-ਸੇਵਾ ਤੇ ਦੇਸ਼-ਸੇਵਾ ਦੇ ਰਾਸ਼ਟਰੀ ਆਦਰਸ਼ਾਂ ਨੂੰ ਭੁਲਾ ਕੇ ਭਾਰਤੀ ਜਨਤਾ ਨਾਲ ਅਨਿਆਂ ਕਰ ਰਹੇ ਹਨ, ਉਨ੍ਹਾਂ ਨੂੰ ਲੁੱਟ ਰਹੇ ਹਨ ।

ਸੁਖਬੀਰ ਦੀ ਕਹਾਣੀ 'ਬੰਦ ਬੋਤਲ'[46] ਵਿਚ ਨੇਤਾਵਾਂ ਦੀ ਫ਼ਿਰਕਾ-ਪ੍ਰਸਤੀ ਤੇ ਆਚਰਨਹੀਣਤਾ ਨੂੰ ਜ਼ਾਹਰ ਕੀਤਾ ਗਿਆ ਹੈ । ਕੇਸਰ ਸਿੰਘ ਆਜਿਜ਼ ਦੀ ਰਚਨਾ 'ਇਲੈਕਸ਼ਨ'[47] ਲੀਡਰਾਂ ਵਲੋਂ ਵੋਟਾਂ ਲੈਣ ਲਈ ਵਰਤੇ ਜਾਂਦੇ ਘਟੀਆ ਹੱਥ-ਕੰਡਿਆਂ ਨੂੰ ਸਾਕਾਰ ਕਰਦੀ ਹੈ । 'ਸਤਿਆਗ੍ਰਹੀ'[48] ਕਹਾਣੀ ਵਿਚ ਵੀ ਉਨ੍ਹਾਂ ਭੇਖੀ ਨੇਤਾਵਾਂ 'ਤੇ ਵਿਅੰਗ ਕੀਤਾ ਗਿਆ ਹੈ, ਜੋ ਖ਼ੁਦਗਰਜ਼ੀ ਜਾਂ ਲੀਡਰੀ ਦੀ ਭੁੱਖ ਕਾਰਨ 'ਸਤਿਆਗ੍ਰਹਿ' ਕਰਨ ਦਾ ਬਹਾਨਾ ਕਰਦੇ ਹਨ ।

ਨੇਤਾਵਾਂ ਦੀ ਚੱਰਿਤਰਹੀਣਤਾ ਦੇ ਇਲਾਵਾ ਪੰਜਾਬੀ ਕਹਾਣੀ ਵਿਚ ਕਾਨੂੰਨ ਤੇ

---

41. ਹਰਚਰਨ ਸਿੰਘ — ਨਵੀਂ ਸਵੇਰ (1955), ਸਫ਼ਾ 24.
42. ਸਵਰਾਜ ਸਿੰਘ — ਨਵੀਂ ਦੁਨੀਆਂ (1956), ਸਫ਼ਾ 115.
43. ਮਾਸਕ ਪੱਤਰ ਲੋਕ ਸਾਹਿਤ (ਜਨਵਰੀ 1951 ਈ.), ਸਫ਼ਾ 139.
44. ਮਾਸਕ ਪੱਤਰ ਫੁਲਵਾੜੀ (ਦਸੰਬਰ 1948 ਈ.), ਸਫ਼ਾ 12.
45. ਮਾਸਕ ਪੱਤਰ ਲੋਕ ਸਾਹਿਤ (ਜਨਵਰੀ 1952 ਈ.), ਸਫ਼ਾ 78.
46. ਸਖਬੀਰ — ਡੁੱਬਦਾ ਚੜ੍ਹਦਾ ਸੂਰਜ (1951), ਸਫ਼ਾ 61.
47. ਕੇਸਰ ਸਿੰਘ ਆਜਿਜ਼ — ਵਿਲਕਦੀਆਂ ਸੱਧਰਾਂ (1959), ਸਫ਼ਾ 25.
48. ਪਾਂਧੀ ਨਨਕਾਣਵੀ — ਮਨੁੱਖਤਾ ਰੋਂਦੀ ਰਹੀ (1958), ਸਫ਼ਾ 97.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਬੰਧ ਦੀ ਰਖਵਾਲੀ ਸਮਝੀ ਜਾਣ ਵਾਲੀ 'ਨੌਕਰਸ਼ਾਹੀ' ਦਾ ਲੋਕ-ਵਿਰੋਧੀ ਚੱਰਿਤਰ ਵੀ ਵਿਅੰਗ ਦਾ ਸ਼ਿਕਾਰ ਬਣਾਇਆ ਗਿਆ ਹੈ। ਮਿਸਾਲ ਵਜੋਂ ਹੀਰਾ ਸਿੰਘ ਦਰਦ ਦੀ ਕਹਾਣੀ 'ਪੁਰਸ਼ਾਰਥੀ ਦੀ ਅਣਖ' ਵੰਡ ਦੇ ਦਿਨਾਂ ਦਾ ਜ਼ਿਕਰ ਕਰਦਿਆਂ ਦੱਸਦੀ ਹੈ ਕਿ "ਰਾਜ-ਪ੍ਰਬੰਧਾਂ ਦੇ ਆਮ ਕਰਮਚਾਰੀ, ਰੇਲ ਵਾਲੇ, ਪੁਲਸ ਵਾਲੇ, ਡਰਾਇਵਰ, ਸਿਵਲ ਤੇ ਫ਼ੌਜੀ ਹਾਕਮ ਆਮ ਤੌਰ 'ਤੇ ਸਮਝ ਰਹੇ ਸਨ ਕਿ ਸਾਡਾ ਸੀਜ਼ਨ ਲੱਗਾ ਹੋਇਆ ਹੈ। ਕਿਉਂਕਿ ਸ਼ਰਨਾਰਥੀਆਂ ਦੀਆਂ ਵੱਧ ਤੋਂ ਵੱਧ ਤਕਲੀਫ਼ਾਂ ਉਨ੍ਹਾਂ ਦੀ ਆਮਦਨ ਦਾ ਸਾਧਨ ਬਣ ਰਹੀਆਂ ਸਨ। ਇਨਸਾਨੀ ਹਮਦਰਦੀ ਜਾਂ ਕੌਮੀ ਫ਼ਰਜ਼ਾਂ ਨੂੰ ਪਛਾਨਣ ਵਾਲੇ ਟਾਵੇਂ ਟਾਵੇਂ ਬੰਦੇ ਹੀ ਮਿਲਦੇ ਸਨ।"[49] ਕਹਾਣੀ ਵਿਚ ਇਕ ਸ਼ਰਨਾਰਥੀ ਸਿਪਾਹੀਆਂ ਹੱਥੋਂ ਹੀ ਲੁਟਿਆ ਜਾਂਦਾ ਦਿਖਾਇਆ ਹੈ। ਇਵੇਂ ਹੀ 'ਪਰਉਪਕਾਰੀ'[50] ਵਿਚ ਸ਼ਰਨਾਰਥੀਆਂ ਦੇ ਕੈਂਪ ਦਾ ਕਾਂਗਰਸੀ ਅਫ਼ਸਰ ਅਨਾਜ ਵਿਚੋਂ ਹੇਰਾ-ਫੇਰੀ ਕਰ ਕੇ ਘਰ ਲੈ ਜਾਂਦਾ ਹੈ।

ਲੋਕਾਂ ਨੂੰ ਅਨਿਆਂ ਤੋਂ ਬਚਾਉਣ ਦੀ ਜ਼ਿੰਮੇਵਾਰੀ ਪੁਲੀਸ ਉਤੇ ਹੁੰਦੀ ਹੈ ਪਰ 'ਇਨਕਲਾਬ'[51] ਕਹਾਣੀ ਵਿਚ ਪੁਲੀਸ ਕਰਮਚਾਰੀ ਹੀ ਇਕ ਸ਼ਰਨਾਰਥਣ ਕੁੜੀ ਨਾਲ ਬੁਰਾ ਸਲੂਕ ਕਰਦਾ ਹੈ। ਤਰਲੋਕ ਮਨਸੂਰ ਦੀ ਕਹਾਣੀ 'ਦੇਸ਼-ਭਗਤ'[52] ਅਤੇ ਗੁਰਵੇਲ ਸਿੰਘ ਪਨੂੰ ਦੀ ਕਹਾਣੀ 'ਅਧਿਕਾਰ'[53] ਵਿਚਲੇ ਥਾਣੇਦਾਰ ਚੱਰਿਤਰਹੀਣ ਤੇ ਰਿਸ਼ਵਤਖੋਰ ਹਨ। 'ਅਧਿਕਾਰ' ਵਿਚਲੇ ਥਾਣੇਦਾਰ ਨੂੰ ਤਾਂ ਮਾਣ ਹੈ ਕਿ ਉਹ ਫ਼ਸਾਦਾਂ ਦੇ ਦਿਨਾਂ ਵਿਚ ਵਰਦੀ ਪਾ ਕੇ ਵੀ ਮੁਸਲਮਾਨਾਂ 'ਤੇ ਗੋਲੀਆਂ ਚਲਾਂਦਾ ਰਿਹਾ ਤੇ ਉਨ੍ਹਾਂ ਦੀ ਜਾਇਦਾਦ ਨੂੰ ਸਿਪਾਹੀਆਂ ਦੀ ਮਦਦ ਨਾਲ ਲੁਟਦਾ ਰਿਹਾ ਹੈ।

ਹਰੀ ਸਿੰਘ ਦਿਲਬਰ ਰਚਿਤ 'ਕੱਸੀ ਦਾ ਪਾਣੀ' ਵਿਚ ਨਹਿਰੀ ਪਟਵਾਰੀ ਜ਼ੈਲਦਾਰ ਦੀ ਮਦਦ ਨਾਲ ਗ਼ਰੀਬ ਕਿਸਾਨਾਂ ਉਤੇ 'ਫ਼ਾਲਤੂ' ਟੈਕਸ ਲਗਾ ਕੇ ਉਨ੍ਹਾਂ ਨੂੰ ਰਿਸ਼ਵਤ ਦੇਣ ਲਈ ਮਜਬੂਰ ਕਰਦਾ ਹੈ। ਇਸ ਪਟਵਾਰੀ ਦੇ ਰਾਸ਼ਟਰ-ਵਿਰੋਧੀ ਚੱਰਿਤਰ ਨੂੰ ਪ੍ਰਗਟਾਉਣ ਲਈ ਵਿਰਧਾਭਾਸੀ ਸ਼ੈਲੀ ਵਿਚ ਉਸ ਤੋਂ ਅਖਵਾਇਆ ਹੈ — "ਜੇ ਸੁਰਾਜ ਵੇਲੇ ਵੀ ਆਪਣੇ ਦੇਸ਼ ਤੇ ਕੌਮ ਦੀ ਸੇਵਾ ਨਾ ਕੀਤੀ, ਸਰਕਾਰ ਦੇ ਵਫ਼ਾਦਾਰ ਨਾ ਰਹੇ, ਸਰਕਾਰ ਨਾਲ ਬੇਈਮਾਨੀ ਕਰੀਏ, ਸਰਕਾਰ ਵਿਚ ਸੁਤੰਤਰ ਵਿਚਾਰ ਨਾ ਆਈ, ਤਾਂ ਸਾਡੀ ਦੇਸ਼-ਸੇਵਾ ਕਿਸ ਕੰਮ ?"[54]

---

49. ਮਾਸਕ ਪੱਤਰ ਫੁਲਵਾੜੀ (ਜੂਨ 1948 ਈ.), ਸਫ਼ਾ 25.
50. ਮਾਸਕ ਪੱਤਰ ਲੋਕ ਸਾਹਿਤ (ਜੂਨ 1951 ਈ.), ਸਫ਼ਾ 50.
51. ਸਵਰਾਜ ਸਿੰਘ ਪ੍ਰੀਤ — ਨਵੀਂ ਦੁਨੀਆਂ (1956), ਸਫ਼ਾ 100.
52. ਮਾਸਕ ਪੱਤਰ ਪ੍ਰੀਤਮ (ਸਾਲਾਨਾ ਨੰਬਰ 1958), ਸਫ਼ਾ 69
53. ਗੁਰਵੇਲ ਸਿੰਘ ਪਨੂੰ — ਸੁਪਨਾ ਟੁੱਟਾ (1955), ਸਫ਼ਾ 43.
54. ਹਰੀ ਸਿੰਘ ਦਿਲਬਰ — ਕੱਸੀ ਦਾ ਪਾਣੀ (1956), ਸਫ਼ਾ 41.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਖਬੀਰ ਦੀ ਰਚਨਾ 'ਲਹੂ ਦੀ ਪੁਕਾਰ' ਇਹ ਅਹਿਸਾਸ ਜਗਾਉਂਦੀ ਹੈ ਕਿ ਆਜ਼ਾਦ ਭਾਰਤ ਦੇ ਪ੍ਰੈਸ ਉਤੇ ਸਰਮਾਏਦਾਰਾਂ ਦਾ ਕਬਜ਼ਾ ਹੈ ਜੋ 'ਲੋਕ ਸੰਘਰਸ਼' ਨੂੰ ਤੋੜ ਮਰੋੜ ਕੇ ਪੇਸ਼ ਕਰਦਾ ਹੈ। ਇਸ ਸਥਿਤੀ ਵਿਚ ਇਕ ਪਾਤਰ ਕਹਿੰਦਾ ਹੈ — "ਇਹ ਸਾਡੀ ਆਜ਼ਾਦੀ ਸਹੀ ਅਰਥਾਂ ਵਿਚ ਲੋਕਾਂ ਦੀ ਆਜ਼ਾਦੀ ਨਹੀਂ ਕਿਉਂਕਿ ਆਜ਼ਾਦੀ ਲਈ ਸਾਡਾ ਪਿਛਲਾ ਇਨਕਲਾਬ ਇਕ ਸਮਝੌਤਾ ਸੀ ਜੋ ਮੁਲਕ ਦੇ ਵੱਡੇ ਵੱਡੇ ਪੂੰਜੀਪਤੀਆਂ ਦੇ ਹੱਕ ਵਿਚ ਹੋਇਆ ਹੈ।"[55]

ਮੁਸਾਫ਼ਰ ਦੀ ਕਹਾਣੀ 'ਖਸਮਾਂ ਖਾਣੇ'[56] ਵਿਚ ਵੀ ਉਨ੍ਹਾਂ ਪੂੰਜੀਪਤੀਆਂ ਨੂੰ ਨਿੰਦਿਆ ਗਿਆ ਹੈ ਜੋ ਆਪਣੇ ਸਾਧਨਾਂ ਦੇ ਜ਼ੋਰ ਨਾਲ 'ਲੋਕ-ਸੇਵਕਾਂ' ਨੂੰ ਆਪਣੇ ਸਵਾਰਥਾਂ ਦੀ ਪੂਰਤੀ ਲਈ ਪ੍ਰਯੋਗ ਕਰਦੇ ਹਨ ਅਤੇ ਉਨ੍ਹਾਂ ਨੂੰ ਗ਼ਰੀਬ ਲੋਕਾਂ ਦੀ ਸੇਵਾ ਦਾ ਮੌਕਾ ਹੀ ਨਹੀਂ ਦਿੰਦੇ।

ਗੁਰਚਰਨ ਸਿੰਘ ਨੇ 'ਜੁਗਨੀ'[57] ਨਾਮ ਦੀ ਕਹਾਣੀ ਲਿਖ ਕੇ ਜਾਗੀਰਦਾਰਾਂ ਦੀ ਆਯਾਸ਼ੀ, ਜ਼ੁਲਮ ਅਤੇ ਉਨ੍ਹਾਂ ਹੱਥੋਂ ਸਾਧਾਰਨ ਲੋਕਾਂ ਦੀ ਲੁੱਟ-ਖਸੁੱਟ ਨੂੰ ਸਾਕਾਰ ਕੀਤਾ ਹੈ ਅਤੇ ਇਹ ਅਹਿਸਾਸ ਕਰਾਇਆ ਹੈ ਕਿ ਆਜ਼ਾਦੀ ਤੋਂ ਬਾਅਦ ਵੀ ਕਿਰਤੀ ਕਿਸਾਨ ਲੋਕ ਅਜਿਹੇ ਲੋਕਾਂ ਦੀ ਗ਼ੁਲਾਮੀ ਹੇਠ ਪਿਸ ਰਹੇ ਹਨ। ਕਹਾਣੀ ਵਿਚ ਜਾਗੀਰਦਾਰ ਦੀ ਇਕ ਕਤੂਰੀ ਕਾਰਨ ਮਨੁੱਖਾਂ ਉਤੇ ਜ਼ੁਲਮ ਹੁੰਦਾ ਦਰਸਾਇਆ ਹੈ।

ਘਨਸ਼ਾਮ ਦਾਸ ਦੀ ਰਚਨਾ 'ਜਿਥੇ ਦੋ ਪੁੜ ਮਿਲਦੇ ਹਨ'[58] ਵਿਚ ਇਕ ਕਾਂਗਰਸੀ ਜਾਗੀਰਦਾਰ ਕਿਸਾਨਾਂ ਨੂੰ ਮਾਮੂਲੀ ਕਰਜ਼ੇ ਪਿੱਛੇ ਜ਼ਮੀਨ ਤੋਂ ਬੇ-ਦਖ਼ਲ ਕਰਦਾ ਹੈ। ਜਾਗੀਰਦਾਰ ਅਤੇ ਸਰਕਾਰ ਤੋਂ ਹੱਕ ਇਨਸਾਫ਼ ਦੀ ਮੰਗ ਕਰ ਰਹੇ ਲੋਕਾਂ ਪ੍ਰਤੀ ਗ਼ੁੱਸਾ ਜ਼ਾਹਰ ਕਰਦਿਆਂ ਇਹੀ ਪਾਤਰ ਕਹਿੰਦਾ ਹੈ — "...ਅਸੀਂ ਸਾਰੀ ਉਮਰ ਘਾਹ ਤੇ ਨਹੀਂ ਖੋਤਦੇ ਰਹੇ, ਜਿਨ੍ਹਾਂ ਨੇ ਉਮਰ ਈ ਜੇਲ੍ਹਾਂ ਵਿਚ ਗਾਲ ਸੁੱਟੀ ਏ। ਅਸੀਂ ਕੈਦਾਂ ਕੱਟ ਕੇ ਮੁਲਕ ਆਜ਼ਾਦ ਕਰਾਇਆ, ਪਰ ਇਹ ਆਜ਼ਾਦੀ ਪੁਕਰੀ ਤੁਹਾਨੂੰ ਈ ਆ। ..... ਅਸੀਂ ਯੁੱਧਾਂ ਨਾਲ ਅੰਗਰੇਜ਼ ਨੂੰ ਏਥੋਂ ਕੱਢਿਆ ਹੈ ਤੇ ਇਹ ਡਾਕੂ ਘਰ ਦੇ ਅਮੀਰਾਂ ਨੂੰ ਹੀ ਲੁੱਟ ਲੈਣਾ ਚਾਹੁੰਦੇ ਹਨ ਕੁਲ-ਘਾਤਕ।"

ਵਿਧਾਤਾ ਸਿੰਘ ਤੀਰ ਦੀ ਕਹਾਣੀ 'ਦਾਣੇ'[59] ਵਿਚ ਵੀ ਭਾਰਤੀ ਕਿਸਾਨਾਂ ਨੂੰ ਜੋਕਾਂ ਵਾਂਗ ਚੰਬੜੇ ਹੋਏ ਜਾਗੀਰਦਾਰਾਂ ਦੀ ਲੁੱਟ ਨੂੰ ਨੰਗਾ ਕੀਤਾ ਗਿਆ ਹੈ। ਕਹਾਣੀ ਵਿਚ

---

55. ਸੁਖਬੀਰ — ਡੁੱਬਦਾ ਚੜ੍ਹਦਾ ਸੂਰਜ (1957), ਸਫ਼ਾ 92.
56. ਗਿਆਨੀ ਗੁਰਮੁਖ ਸਿੰਘ ਮੁਸਾਫ਼ਰ — ਆਲ੍ਹਣੇ ਦੇ ਬੋਟ (1955), ਸਫ਼ਾ 17.
57. ਮਾਸਕ ਪੱਤਰ ਫੁਲਵਾੜੀ (ਫ਼ਰਵਰੀ 1948 ਈ.), ਸਫ਼ਾ 11.
58. ਮਾਸਕ ਪਤਰ ਲੋਕ ਸਾਹਿਤ (ਜਨਵਰੀ 1951 ਈ.), ਸਫ਼ਾ 139.
59. ਮਾਸਕ ਪੱਤਰ ਲੋਕ ਸਾਹਿਤ (ਜਨਵਰੀ 1950 ਈ.), ਸਫ਼ਾ 66.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਗੀਰਦਾਰ ਦਾ ਮੁਣਸ਼ੀ ਰੁਲਦੂ ਕਿਸਾਨ ਨਾਲ 'ਹਿਸਾਬ' ਕਰਦਾ ਹੋਇਆ ਕਹਿੰਦਾ ਹੈ — "ਵੇਖ ਰੁਲਦੂ ! ਵੀਹ ਮਣ ਅੱਧ ਦੇ, ਪੰਜ ਮਣ ਸਰਦਾਰੀ ਦੇ, ਤਿੰਨ ਮਣ ਪਟਵਾਰੀ ਦਾ ਸਾਲਾਨਾ, ਤੇ ਗਰਦਾਵਰ ਦਾ ਨਜ਼ਰਾਨਾ। ਪੰਜ ਮਣ ਤੂੰ ਮਾਲਕ ਪਾਸੋਂ ਉਧਾਰ ਲੈ ਕੇ ਖਾ ਚੁੱਕਾ ਹੈਂ, ਬਾਰਾਂ ਮਣ ਬਾਕੀ ਲੈ ਕੇ ਤਿੰਨ ਮਣ ਜਾਗੀਰਦਾਰ ਦੇ ਤੇਰੇ ਵਲ ਰਹੇ।" ਇਉਂ ਜਾਗੀਰਦਾਰ ਰੁਲਦੂ ਦੀ ਕੁਲ ਪੈਦਾ ਕੀਤੀ 40 ਮਣ ਕਣਕ ਸਾਰੀ ਚੁੱਕਣ ਬਾਅਦ ਵੀ ਤਿੰਨ ਮਣ ਦਾ ਉਧਾਰ ਛੱਡ ਕੇ ਚਲਦਾ ਬਣਦਾ ਹੈ।

ਅਮਰ ਸਿੰਘ ਦੀ ਕਹਾਣੀ 'ਦਾਦੇ'[60] ਇਹ ਸਾਬਤ ਕਰਦੀ ਹੈ ਕਿ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਵਾਲੀ ਨੀਤੀ ਭਾਰਤੀ ਸਰਮਾਏਦਾਰਾਂ ਨੇ ਅਪਣਾ ਲਈ ਹੈ। ਕਹਾਣੀ ਵਿਚਲਾ ਸਰਦਾਰ ਫ਼ੈਕਟਰੀ ਮਾਲਕ ਬੰਗਾਲੀ ਨੂੰ ਕਹਿੰਦਾ ਹੈ ਕਿ ਪੰਜਾਬੀਆਂ ਤੋਂ ਬਚ ਕੇ ਰਹੋ ਤੇ ਪੰਜਾਬੀ ਨੂੰ ਕਹਿੰਦਾ ਹੈ ਕਿ ਬੰਗਾਲੀ ਖ਼ਤਰਨਾਕ ਹਨ। ਇਉਂ ਦਰਸਾਇਆ ਹੈ ਕਿ ਭਾਰਤੀ ਸਰਮਾਏ-ਦਾਰ ਕਿਵੇਂ ਮਿਹਨਤਕਸ਼ਾਂ ਵਿਚ ਵਖਰੇਵੇਂ ਪਵਾ ਕੇ ਉਨ੍ਹਾਂ ਦੀ ਲੁੱਟ ਖਸੁੱਟ ਕਰਦੇ ਹਨ।

ਪੰਜਾਬੀ ਕਹਾਣੀਕਾਰ ਆਜ਼ਾਦੀ ਤੋਂ ਬਾਅਦ ਵੀ ਉਨ੍ਹਾਂ ਧਾਰਮਕ ਤੇ ਸਮਾਜਕ ਕੁਰੀਤੀਆਂ ਤੋਂ ਅਵੇਸਲੇ ਨਹੀਂ ਹੋਏ ਜੋ ਰਾਸ਼ਟਰੀ ਵਿਕਾਸ ਦੇ ਰਾਹ ਵਿਚ ਰੁਕਾਵਟ ਬਣ ਰਹੀਆਂ ਸਨ। ਸੁਤੰਤਰਤਾ ਤੋਂ ਬਾਅਦ ਦੀ ਸਥਿਤੀ ਵਿਚ ਵੀ ਅੰਧ-ਵਿਸ਼ਵਾਸੀ ਲੋਕ ਭੇਖੀ ਪੰਡਿਤਾਂ, ਸਾਧਾਂ, ਫ਼ਕੀਰਾਂ, ਨਕਲੀ ਹਕੀਮਾਂ ਦੀ ਲੁੱਟ ਦਾ ਸ਼ਿਕਾਰ ਹੋ ਰਹੇ ਸਨ। ਭੂਤ ਚੁੜੇਲਾਂ ਵਿਚ ਵਿਸ਼ਵਾਸ ਕਰਨ ਵਾਲੇ ਲੋਕਾਂ ਦਾ ਅਜੇ ਕੋਈ ਘਾਟਾ ਨਹੀਂ ਸੀ। ਅਜਿਹੇ ਅੰਧ-ਵਿਸ਼ਵਾਸਾਂ ਤੋਂ ਨਿਜਾਤ ਦਿਲਾਉਣ ਲਈ ਵੀ ਪੰਜਾਬੀ ਲੇਖਕਾਂ ਨੇ ਕਾਫ਼ੀ ਰਚਨਾਵਾਂ ਰੱਚੀਆਂ। ਮਿਸਾਲ ਵਜੋਂ ਸੋਹਣ ਸਿੰਘ ਸੀਤਲ ਦੀਆਂ ਕਹਾਣੀਆਂ 'ਜੇਬ ਕੋਟੀ ਗਈ' ਤੇ 'ਸੰਤ ਜੀ' (ਕਦਰਾਂ ਬਦਲ ਗਈਆਂ), ਸਵਿੰਦਰ ਸਿੰਘ ਉੱਪਲ ਦੀ ਰਚਨਾ 'ਬ੍ਰਹਮਚਾਰੀ'[61], ਸੂਬਾ ਸਿੰਘ ਦੀ ਕਹਾਣੀ 'ਜਲ ਡੋਬੇ ਅਗਨੀ ਤਾਰੇ'[62], ਪ੍ਰੋ: ਗੁਰਚਰਨ ਸਿੰਘ ਦੀ ਕਹਾਣੀ 'ਬਾਬਾ ਖਾਨ'[63] ਆਦਿ ਸੱਭ ਰਚਨਾਵਾਂ ਭੇਖੀ ਸਾਧਾਂ ਤੇ ਪੰਡਿਤਾਂ ਦੇ ਘਟੀਆ ਚੱਰਿਤਰ ਨੂੰ ਬੇਨਕਾਬ ਕਰ ਕੇ ਲੋਕ-ਚੇਤਨਤਾ ਪੈਦਾ ਕਰਦੀਆਂ ਹਨ। ਇਸੇ ਤਰ੍ਹਾਂ 'ਆਯੂ ਰੇਖਾ'[64] ਕਹਾਣੀ ਵਿਚ ਜਨਮ-ਪੱਤਰੀਆਂ ਬਨਾਣ ਵਾਲੇ ਪੰਡਿਤਾਂ ਦਾ ਮਜ਼ਾਕ ਉੱਡਦਾ ਹੈ। 'ਚਿਮਟੇ ਵਾਲਾ ਸਾਧ'[65] ਵਿਚ ਵੱਖ ਵੱਖ ਟੋਟਕੇ ਜੋੜ ਕੇ ਭੂਤ ਚੜੇਲਾਂ ਦੇ

---

60. ਅਮਰ ਸਿੰਘ — ਕਬਰ ਪੁੱਟ (ਦੂਜਾ ਐਡੀਸ਼ਨ : 1955), ਸਫ਼ਾ 86.
61. ਸਵਿੰਦਰ ਸਿੰਘ ਉੱਪਲ — ਕੁੜੀ ਪੋਠੋਹਾਰ ਦੀ (1950)।
62. ਸੂਬਾ ਸਿੰਘ — ਅੱਗ ਤੇ ਪਾਣੀ (1960), ਸਫ਼ਾ 59.
63. ਮਾਸਕ ਪੱਤਰ ਪ੍ਰੀਤਮ (ਸਾਲਾਨਾ ਨੰਬਰ 1958), ਸਫ਼ਾ 36.
64. ਗੁਰਨਾਮ ਸਿੰਘ ਤੀਰ — ਅੱਧੀ ਰਾਤ ਦੀਆ ਹਾਕਾਂ, ਸਫ਼ਾ 94.
65. ਹਰੀ ਸਿੰਘ ਦਿਲਬਰ — ਯਾਦਾਂ ਲਾਡਲੀਆਂ (1958), ਸਫ਼ਾ 51.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ਵਾਸ ਨੂੰ ਫ਼ਜ਼ੂਲ ਸਾਬਤ ਕੀਤਾ ਹੈ। ਮੋਹਨ ਸਿੰਘ ਦੀਵਾਨਾ ਦੀ ਰਚਨਾ 'ਬਾਹਮਣੀ' ਵੀ ਇਸ ਕਿਸਮ ਦੀ ਸੁਧਾਰਵਾਦੀ ਕਹਾਣੀ ਹੈ।[66] ਸੀਤਲ ਦੀ ਰਚਨਾ 'ਪਿਤਾ ਪੁਰਖੀ ਕਿੱਤਾ'[67] ਤੇ ਸੁਰਜੀਤ ਸਿੰਘ ਸੇਠੀ ਦੀ ਕਹਾਣੀ 'ਸੰਤ ਧਿਆਨ ਸਿੰਘ'[68] ਪੰਡਿਤਾਂ ਭਾਈਆਂ ਦੀਆਂ ਲੋਟੂ ਰਸਮਾਂ ਦੀ ਆਲੋਚਨਾ ਕਰਦੀਆਂ ਹਨ। 'ਪਿਤਾ ਪੁਰਖੀ ਕਿੱਤਾ' ਦਾ ਇਕ ਪਾਤਰ ਕਹਿੰਦਾ ਹੈ — "ਇਨ੍ਹਾਂ ਰਸਮਾਂ ਈ ਤਾਂ ਸਾਡੇ ਦੇਸ਼ ਨੂੰ ਤਬਾਹ ਕਰ ਛੱਡਿਆ ਹੈ।" ਸੇਖੋਂ ਦੀ ਕਹਾਣੀ 'ਪ੍ਰੋਹਿਤ'[69] ਅਤੇ ਮੁਸਾਫ਼ਰ ਦੀ ਕਹਾਣੀ 'ਰੇਸ਼ਮੀ ਲੀੜਾ'[70] ਵੀ ਪੰਡਿਤਾਂ ਦੇ ਲਾਲਚੀ ਤੇ ਭੇਖੀ ਸੁਭਾਅ ਨੂੰ ਵਿਅੰਗ ਕਰਦੀਆਂ ਹਨ।

ਛੂਤ ਛਾਤ ਤੇ ਉਚ-ਨੀਚ ਦੀ ਸਮਾਜਕ ਸਮੱਸਿਆ ਆਜ਼ਾਦੀ ਤੋਂ ਬਾਅਦ ਵੀ ਕੁਝ ਲੋਕਾਂ ਨੂੰ ਆਜ਼ਾਦੀ ਤੋਂ ਵਾਂਝਿਆਂ ਰੱਖ ਰਹੀ ਸੀ। ਹਰਚਰਨ ਸਿੰਘ ਦੀ ਰਚਨਾ 'ਹੱਡਾ ਰੋੜੀ'[71] ਵਿਚ ਨੀਵੇਂ ਸਮਝੇ ਜਾਣ ਵਾਲੇ ਲੋਕਾਂ ਨੂੰ ਉੱਚੀਆਂ ਜਾਤਾਂ ਤੋਂ ਬਿਹਤਰ ਇਨਸਾਨ ਸਾਬਤ ਕੀਤਾ ਗਿਆ ਹੈ। ਸਵਿੰਦਰ ਸਿੰਘ ਉਪੱਲ ਦੀ ਇਕ ਹੋਰ ਰਚਨਾ 'ਪਾਰਸ ਰਾਮ' ਸਮਾਜ ਵਿਚਲੇ ਜਾਤੀ ਭਿੰਨ-ਭੇਦਾਂ ਨੂੰ ਵਿਅੰਗ ਰਾਹੀਂ ਪੇਸ਼ ਕਰਦੀ ਹੈ। ਕਹਾਣੀ ਵਿਚਲਾ ਜ਼ਿਮੀਂਦਾਰ ਸਿਰੀਆ ਭੰਗੀ ਦੀ ਸੁੰਦਰ ਪਤਨੀ ਨਾਲ ਸੰਬੰਧ ਪੈਦਾ ਕਰਨ ਲੱਗੇ ਤਾਂ ਗਾਂਧੀ ਦੇ ਆਦਰਸ਼ਾਂ ਨੂੰ ਯਾਦ ਕਰ ਕੇ ਕਹਿੰਦਾ ਹੈ — "ਅਸੀਂ ਸਾਰੇ ਮਨੁੱਖ ਹਾਂ, ਇੱਕੋ ਰੱਬ ਦੇ ਪੈਦਾ ਕੀਤੇ ਤੇ ਤੁਹਾਨੂੰ ਤਾਂ ਮਹਾਤਮਾ ਗਾਂਧੀ ਜੀ ਨੇ 'ਹਰੀਜਨ' ਰੱਬ ਦੇ ਮਨੁੱਖ ਆਖਿਆ ਹੈ।" ਪਰ ਜਦੋਂ ਉਸ ਦਾ ਪੁੱਤਰ ਭੰਗੀ ਦੀ ਲੜਕੀ ਨਾਲ ਸ਼ਾਦੀ ਕਰਨ ਦੀ ਸੋਚਦਾ ਹੈ ਤਾਂ ਭੰਗੀ ਦੇ ਪ੍ਰੀਵਾਰ ਨੂੰ ਜ਼ਿਮੀਂਦਾਰ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪੈਂਦਾ ਹੈ।[72] ਇਉਂ ਕਹਾਣੀਕਾਰ ਨੇ ਉਨ੍ਹਾਂ ਲੋਕਾਂ 'ਤੇ ਚੋਟ ਮਾਰੀ ਹੈ ਜੋ ਉਪਰੋਂ ਉਪਰੋਂ ਹੀ ਰਾਸ਼ਟਰੀ ਆਦਰਸ਼ਾਂ ਦੇ ਤੇ ਇਨਸਾਨੀ ਬਰਾਬਰੀ ਦੇ ਹਮਦਰਦ ਬਣਦੇ ਹਨ।

ਸੁਤੰਤਰਤਾ ਸੰਗਰਾਮ ਦੀ ਯਾਦ ਤਾਜ਼ਾ ਰੱਖਣ ਦਾ ਯਤਨ

ਇਸ ਸਮੇਂ ਪੰਜਾਬੀ ਕਹਾਣੀਕਾਰ 1947 ਈ: ਤੋਂ ਪਹਿਲਾਂ ਦੀਆਂ ਅਤੇ ਕਿਤੇ ਕਿਤੇ

---

66. ਮੋਹਨ ਸਿੰਘ ਦੀਵਾਨਾ (ਸੰ) — ਰੰਗ ਤਮਾਸ਼ੇ (1951), ਸਫ਼ਾ 20.
67. ਸੋਹਣ ਸਿੰਘ ਸੀਤਲ — ਕਦਰਾਂ ਬਦਲ ਗਈਆਂ (1959), ਸਫ਼ਾ 42.
68, ਸੁਰਜੀਤ ਸਿੰਘ ਸੇਠੀ — ਅੰਗਰੇਜ਼ ਅੰਗਰੇਜ਼ ਸਨ (1957), ਸਫ਼ਾ 77.
69. ਸੰਤ ਸਿੰਘ ਸੇਖੋਂ — ਬਾਰਾਂਦਰੀ (1956), ਸਫ਼ਾ 70.
70. ਗਿਆਨੀ ਗੁਰਮੁਖ ਸਿੰਘ ਮੁਸਾਫ਼ਰ — ਸੱਭ ਹੱਛਾ (1954), ਸਫ਼ਾ 88.
71. ਹਰਚਰਨ ਸਿੰਘ — ਨਵੀਂ ਸਵੇਰ (1955), ਸਫ਼ਾ 26.
72. ਸਵਿੰਦਰ ਸਿੰਘ ਉਪੱਲ — ਢਹਿੰਦੇ ਮੁਨਾਰੇ (1954), ਸਫ਼ਾ 77.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

47 ਤੋਂ ਬਾਅਦ ਦੀਆਂ ਦੇਸ਼-ਭਗਤੀ ਦੀਆਂ ਘਟਨਾਵਾਂ ਅਤੇ ਰਾਸ਼ਟਰ-ਪ੍ਰੇਮ ਦੀਆਂ ਮਿਸਾਲਾਂ ਇਸ ਖ਼ਿਆਲ ਨਾਲ ਬਿਆਨ ਕਰਦੇ ਹਨ, ਤਾਂ ਕਿ ਰਾਸ਼ਟਰ ਦੇ ਗੌਰਵ ਦਾ ਖ਼ਿਆਲ ਅਤੇ ਰਾਸ਼ਟਰ ਦੀ ਸੇਵਾ ਈਮਾਨਦਾਰੀ ਨਾਲ ਕਰਨ ਦੀ ਭਾਵਨਾ ਸੁਤੰਤਰ ਭਾਰਤ ਦੇ ਨਾਗਰਿਕਾਂ ਵਿਚ ਜਗਾਈ ਰੱਖੀ ਜਾ ਸਕੇ।

ਸੁਤੰਤਰਤਾ ਸੰਗਰਾਮ ਨੂੰ ਸਾਕਾਰ ਕਰਨ ਵਾਲੀਆਂ 1947 ਤੋਂ ਪਿੱਛੋਂ ਲਿਖੀਆਂ ਗਈਆਂ ਪੰਜਾਬੀ ਕਹਾਣੀਆਂ ਦੀ ਪਹਿਲੀ ਮਿਸਾਲ ਸੋਹਣ ਸਿੰਘ ਸੀਤਲ ਦੀ ਕਹਾਣੀ 'ਟੂੰਡੀਲਾਟ'[73] ਲਈ ਜਾ ਸਕਦੀ ਹੈ। ਇਸ ਕਹਾਣੀ ਦਾ ਮੁਖ ਪਾਤਰ ਉਸ ਅੰਗਰੇਜ਼ੀ ਫ਼ੌਜ ਦਾ ਸਾਬਕਾ ਸਿਪਾਹੀ ਜੀ ਜਿਸ ਨੂੰ ਬਰਮਾ ਵਿਚ ਮੰਦੇ ਹਾਲਾਤ ਵਿਚ ਬੈਠੀ 'ਆਜ਼ਾਦ ਹਿੰਦ ਫ਼ੌਜ' ਉਤੇ ਹਮਲਾ ਕਰਨ ਦਾ ਹੁਕਮ ਮਿਲਦਾ ਹੈ। ਇਸ ਸਿਪਾਹੀ ਦੀ ਦੇਸ਼-ਭਗਤੀ ਜਾਗ ਪੈਂਦੀ ਹੈ ਤੇ ਉਹ ਆਜ਼ਾਦ ਹਿੰਦ ਫ਼ੌਜੀਆਂ ਨੂੰ ਹਮਲੇ ਤੋਂ ਪਹਿਲਾਂ ਸੁਚੇਤ ਕਰਨ ਲਈ ਬੰਬ ਚਲਾ ਕੇ ਹੱਥ ਵਿਚ ਹੀ ਫੜੀ ਰੱਖਦਾ ਹੈ। ਧਮਾਕੇ ਨਾਲ ਜਿਥੇ 'ਦੁਸ਼ਮਣ' ਸੁਚੇਤ ਹੋ ਜਾਂਦਾ ਹੈ, ਉਥੇ ਉਸ ਦੀ ਲੱਤ ਬਾਂਹ ਉਡ ਜਾਂਦੀ ਹੈ। ਇਸ ਦੇਸ਼-ਭਗਤੀ ਦੇ ਇਵਜ਼ਾਨੇ ਵਿਚ ਉਸ ਉਤੇ ਮੁਕੱਦਮਾ ਵੀ ਚਲਦਾ ਹੈ ਅਤੇ ਨੌਕਰੀ ਤੋਂ ਵੀ ਛੁੱਟੀ ਮਿਲ ਜਾਂਦੀ ਹੈ। ਆਜ਼ਾਦੀ ਤੋਂ ਬਾਅਦ ਆਪਣੇ ਆਪ ਨੂੰ 'ਟੂੰਡੀਲਾਟ' ਅਖਵਾਉਣ ਵਾਲਾ ਇਹ ਦੇਸ਼-ਭਗਤ ਆਪਣੀ ਕੌਮ-ਪ੍ਰਸਤੀ ਦਾ ਮੁੱਲ ਪਵਾਉਣ ਦੀ ਥਾਂ ਬੂਟ ਪਾਲਿਸ਼ ਕਰ ਕੇ ਹੀ ਗੁਜ਼ਾਰਾ ਕਰਨਾ ਬਿਹਤਰ ਸਮਝਦਾ ਹੈ।

'ਯਾਦ'[74] ਕਹਾਣੀ ਵੀ ਇਕ ਅਜਿਹੇ ਸਿਪਾਹੀ ਦੀ ਦੇਸ਼-ਭਗਤੀ ਸਾਕਾਰ ਕਰਦੀ ਹੈ ਜਿਹੜਾ ਵਿਸ਼ਵ-ਯੁੱਧ ਦੌਰਾਨ ਯੂਨਾਨ ਵਿਚ ਲੜ ਰਹੀ ਅੰਗਰੇਜ਼ੀ ਫ਼ੌਜ ਵਿਚ ਸ਼ਾਮਲ ਹੈ। ਜੋਗਿੰਦਰ ਸਿੰਘ ਨਾਮ ਦਾ ਇਹ ਸਿਪਾਹੀ ਹਿੰਦੁਸਤਾਨੀਆਂ ਨੂੰ ਨੀਵਾਂ ਦਿਖਾਉਣ ਵਾਲੀ ਇਕ ਫ਼ਿਲਮ ਦੇ ਖ਼ਿਲਾਫ਼ ਫ਼ੌਜੀਆਂ ਨੂੰ ਹੁਸ਼ਿਆਰ ਕਰਨ ਬਦਲੇ ਪਹਿਲਾਂ ਗੋਰੇ ਅਫ਼ਸਰ ਦੇ ਠੁੱਡਿਆਂ ਦਾ ਸ਼ਿਕਾਰ ਬਣਦਾ ਹੈ ਤੇ ਪਿੱਛੋਂ ਉਸ ਨੂੰ ਚਾਰ ਸਾਥੀਆਂ ਸਮੇਤ ਗੋਰੇ ਸਾਰਜੈਂਟ ਦੇ ਕਤਲ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਹੋ ਜਾਂਦੀ ਹੈ। ਇਹ ਸਜ਼ਾ ਪਿੱਛੋਂ ਉਮਰ ਕੈਦ ਵਿਚ ਬਦਲ ਕੇ ਉਸ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਕੈਦ ਕਰ ਦਿੱਤਾ ਜਾਂਦਾ ਹੈ।

ਮੁਸਾਫ਼ਰ ਨੇ ਨਿੱਜੀ ਅਨੁਭਵ ਦੇ ਆਧਾਰ 'ਤੇ ਸੁਤੰਤਰਤਾ ਸੰਗਰਾਮ ਬਾਰੇ ਕੁਝ ਭਾਵਪੂਰਤ ਕਹਾਣੀਆਂ ਲਿਖੀਆਂ। ਉਸ ਦੀ ਕਹਾਣੀ 'ਬਾਗ਼ੀ ਦੀ ਧੀ'[75] ਦਾ ਕਿਸ਼ਨ ਸਿੰਘ ਅਹਿੰਸਾ ਉਤੇ ਕਾਇਮ ਰਹਿੰਦਾ ਹੋਇਆ ਆਪਣੀ ਬੀਮਾਰ ਲੜਕੀ ਨੂੰ ਪਿੱਛੇ ਛੱਡ ਕੇ

---

73. ਸੋਹਨ ਸਿੰਘ ਸੀਤਲ —· ਕਦਰਾਂ ਬਦਲ ਗਈਆਂ, ਸਫ਼ਾ 93.

74. ਪ੍ਰੀਤਮ ਸਿੰਘ ਪੰਛੀ — ਡਾਕ ਪੱਥਰ (1954), ਸਫ਼ਾ 85.

75. ਗਿਆਨੀ ਗੁਰਮੁਖ ਸਿੰਘ ਮੁਸਾਫ਼ਰ — ਸੱਭ ਹੱਛਾ (1954), ਸਫ਼ਾ 115.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਸ਼ਟਰੀ ਸਰਗਰਮੀਆਂ ਦੇ ਦੋਸ਼ ਵਿਚ ਗ੍ਰਿਫ਼ਤਾਰੀ ਦਿੰਦਾ ਹੈ, ਅਤੇ ਉਸ ਬੱਚੀ ਦੀ ਨਾਜ਼ੁਕ ਹਾਲਤ ਦੀ ਖ਼ਬਰ ਸੁਣ ਕੇ ਵੀ ਸ਼ਰਤ ਭਰੀ ਰਿਹਾਈ ਨੂੰ ਨਹੀਂ ਸਵੀਕਾਰਦਾ। ਕਿਸ਼ਨ ਸਿੰਘ ਤੇ ਉਸ ਦੀ ਪਤਨੀ ਪ੍ਰੀਵਾਰਕ ਸੰਕਟਾਂ ਵਿਚ ਘਿਰੇ ਹੋਣ ਦੇ ਬਾਵਜੂਦ ਵੀ ਰਾਸ਼ਟਰੀ ਜਦੋ-ਜਹਿਦ ਨਹੀਂ ਛੱਡਦੇ, ਜਿਸ ਦੇ ਬਦਲੇ ਵਿਚ ਆਪਣੀ ਪਿਆਰੀ ਬੱਚੀ, ਜਿਸ ਨੂੰ ਰਿਸ਼ਤੇਦਾਰ 'ਬਾਗ਼ੀ ਦੀ ਧੀ' ਸਮਝ ਕੇ ਨਹੀਂ ਸੰਭਾਲਦੇ, ਨੂੰ ਸਦਾ ਲਈ ਗੁਆ ਬੈਠਦੇ ਹਨ। ਮੁਸਾਫ਼ਰ ਦੇ ਕਹਾਣੀ-ਸੰਗ੍ਰਹਿ 'ਆਲ੍ਹਣੇ ਦੇ ਬੋਟ' ਦੀਆਂ ਕਹਾਣੀਆਂ — 'ਆਲ੍ਹਣੇ ਦੇ ਬੋਟ', 'ਤਿੰਨ ਰੰਗਾ ਖੱਫਣ', 'ਰਾਜ' ਤੇ 'ਆਖ਼ਰੀ ਖ਼ਾਹਿਸ਼' ਆਦਿ ਵੀ ਸੁਤੰਤਰਤਾ ਸੰਗਰਾਮ ਵਿਚ ਮਹਾਨ ਕੁਰਬਾਨੀਆਂ ਦੇਣ ਵਾਲੇ ਭਾਰਤੀਆਂ ਦੀ ਦੇਸ਼-ਭਗਤੀ ਦਾ ਪ੍ਰਗਟਾਵਾ ਕਰਦੀਆਂ ਹਨ।

'ਆਲ੍ਹਣੇ ਦੇ ਬੋਟ'[76] ਵਿਚ ਵੀ ਦੇਸ਼-ਭਗਤਾਂ ਦੇ ਬੱਚੇ ਅਜਾਈਂ ਮੌਤ ਮਰਦੇ ਅਤੇ ਚੁਪ-ਚਾਪ ਮੌਤ ਸਵੀਕਾਰਦੇ ਦਿਖਾਏ ਗਏ ਹਨ। 'ਤਿੰਨ ਰੰਗਾ ਖਫਣ' ਦੀ ਸਵਿਤਰੀ ਨਾਜ਼ੁਕ ਹਾਲਤ ਵਿਚ ਵੀ ਕਹਿੰਦੀ ਹੈ — "ਪਿਤਾ ਜੀ, ਮੈਨੂੰ ਖਿਮਾਂ ਕਰ ਦੇਣੀ। ਆਪਣੀ ਖ਼ੁਦਗਰਜ਼ੀ ਕਰਕੇ ਮੈਂ ਤੁਹਾਡੇ ਦੇਸ਼ ਖ਼ਾਤਰ ਜੇਲ੍ਹ ਜਾਣ ਦੇ ਕੰਮ ਨੂੰ ਕਿਸ ਤਰ੍ਹਾਂ ਨਿੰਦ ਦਿੱਤਾ ਹੈ।"[77]

'ਖੋਟਾ ਪੈਸਾ'[78] ਇਕ ਅਜਿਹੇ ਨੌਜਵਾਨ ਦੀ ਕਹਾਣੀ ਹੈ ਜਿਸ ਨੂੰ ਅੰਗਰੇਜ਼ੀ ਰਾਜ ਦੇ ਸਮੇਂ ਇਕ ਪਾਸੇ 'ਜਨਤਾ ਦੇ ਹੱਕਾਂ ਦੀ ਰਾਖੀ' ਦਾ ਸ਼ੋਰ ਮਚਾਉਣ ਦੇ ਬਦਲੇ ਵਿਚ ਨੌਕਰੀ ਤੋਂ ਬਰਖ਼ਾਸਤ ਕੀਤਾ ਜਾਂਦਾ ਹੈ, ਅਤੇ ਨਾਲ ਹੀ ਦੂਜੇ ਪਾਸੇ 'ਵਿਹਲੜ' ਹੋਣ ਕਰਕੇ ਘਰੋਂ ਦੁਰ-ਵਿਵਹਾਰ ਦਾ ਸਾਮ੍ਹਣਾ ਕਰਦਿਆਂ ਅਖ਼ੀਰ ਘਰੋਂ ਨਿਕਲਣਾ ਪੈਂਦਾ ਹੈ।

ਮੁਸਾਫ਼ਰ ਦੀ ਕਹਾਣੀ 'ਅਜਾਇਬ'[79] ਇਕ ਅਜਿਹੇ ਦੇਸ਼-ਭਗਤ ਦੀ ਯਾਦ ਦਿਲਾਉਂਦੀ ਹੈ ਜੋ ਸੁਤੰਤਰਤਾ ਸੰਗਰਾਮ ਦੇ ਦੌਰਾਨ ਕਈ ਵਾਰ ਜੇਲ੍ਹਾਂ ਵਿਚ ਗਿਆ, ਕਿਸਾਨ ਤੇ ਅਕਾਲੀ ਲਹਿਰਾਂ ਸਮੇਂ ਮਾਰਾਂ ਵੀ ਖਾਂਦਾ ਰਿਹਾ ਸੀ। ਫ਼ਸਾਦਾਂ ਸਮੇਂ ਅਜਾਇਬ ਦੀਆਂ ਦੋਵੇਂ ਲੱਤਾਂ ਕੱਟੀਆਂ ਜਾਂਦੀਆਂ ਹਨ ਪਰ ਆਜ਼ਾਦੀ ਤੋਂ ਬਾਅਦ ਉਹ ਬਤੌਰ ਰਾਜਸੀ-ਪੀੜਤ ਸਹਾਇਤਾ ਨਹੀਂ ਲੈਂਦਾ। ਕਹਾਣੀ ਦੇ ਵੇਰਵੇ ਅਨੁਸਾਰ "ਅਹਿਸਾਨ ਤਾਂ ਉਹ ਕਿਸੇ ਦਾ ਵੀ ਸਹਾਰਨ ਨੂੰ ਤਿਆਰ ਨਹੀਂ ਸੀ, ਪਰ ਵਾਕਿਫ਼ ਬੰਦਿਆਂ ਦੇ ਹਮਦਰਦੀ ਭਰੇ ਸ਼ਬਦ ਵੀ ਉਸ ਦੇ ਕੰਨਾਂ ਨੂੰ ਚੁੱਭਣ ਲੱਗਦੇ ਸਨ।" ਅਣਖੀ ਅਜਾਇਬ ਰੋਟੀ ਦੀ

---

76. ਗਿਆਨੀ ਗੁਰਮੁਖ ਸਿੰਘ ਮੁਸਾਫ਼ਰ — ਆਲ੍ਹਣੇ ਦੇ ਬੋਟ (1955), ਸਫ਼ਾ 27.
77. ਉਹੀ, ਸਫ਼ਾ 128.
78. ਜੈਦੇਵ ਸਿੰਘ ਖਿੰਦਰਾ — ਖੋਟਾ ਪੈਸਾ ਤੇ ਹੋਰ ਕਹਾਣੀਆਂ (1955), ਸਫ਼ਾ 35.
79. ਗਿਆਨੀ ਗੁਰਮੁਖ ਸਿੰਘ ਮੁਸਾਫ਼ਰ — ਕੰਧਾਂ ਬੋਲ ਪਈਆਂ (1960), ਸਫ਼ਾ 80.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ਾਤਰ ਟਰੱਕਾਂ ਪਿਛੇ ਪੱਥਰ ਰੱਖਣ ਦਾ ਕੰਮ ਕਰਦਾ ਰਿਹਾ ਤੇ ਅਖ਼ੀਰ ਇਕ ਦਿਨ ਕਿਸੇ ਟਰੱਕ ਹੇਠ ਆ ਕੇ ਮਾਰਿਆ ਗਿਆ।

ਮੁਸਾਫ਼ਰ ਦੀ ਇਕ ਹੋਰ ਕਹਾਣੀ 'ਪੰਜ ਪੁਲਾ'[80] ਅੰਗਰੇਜ਼ੀ ਰਾਜ ਸਮੇਂ ਜਲਾਵਤਨ ਰਹਿਣ ਵਾਲੇ ਤੇ ਆਜ਼ਾਦੀ ਮਿਲਣ ਵਾਲੇ ਦਿਨ ਹੀ ਪ੍ਰਾਣ ਤਿਆਗਣ ਵਾਲੇ ਅਜੀਤ ਸਿੰਘ ਦੀ ਯਾਦ ਤਾਜ਼ਾ ਕਰਦੀ ਹੈ।

ਇਸੇ ਤਰ੍ਹਾਂ ਕੁਝ ਹੋਰ ਕਹਾਣੀਆਂ ਸੁਤੰਤਰਤਾ ਸੰਗਰਾਮ ਦੀਆਂ ਸਰਗਰਮੀਆਂ ਤੇ ਤਰੁੱਟੀਆਂ ਦੀ ਯਾਦ ਦਿਲਾ ਕੇ ਪਾਠਕਾਂ ਨੂੰ ਦੇਸ਼ ਦੇ ਰਾਸ਼ਟਰਵਾਦੀ ਇਤਿਹਾਸ ਨਾਲ ਜੋੜੀ ਰੱਖਦੀਆਂ ਹਨ।

ਸੰਤ ਸਿੰਘ ਸੇਖੋਂ ਦੀ ਕਹਾਣੀ 'ਵਿਦਿਆ' ਵਿਚ ਲੇਖਕ ਬਚਪਨ ਦੇ ਦਿਨਾਂ ਨੂੰ ਯਾਦ ਕਰਦਾ ਹੋਇਆ ਰਾਸ਼ਟਰੀ ਜਦੋਂ-ਜਹਿਦ ਬਾਰੇ ਵੀ ਵੇਰਵਾ ਦੇ ਜਾਂਦਾ ਹੈ — "ਉਹ ਦਿਨ ਸਨ ਕਾਂਗਰਸ ਦੀ ਅੰਗਰੇਜ਼ੀ ਸਰਕਾਰ ਨਾਲ ਸਤਿਆਗ੍ਰਹਿ ਦੀ ਲੜਾਈ ਦੇ। ਬੀਤ ਚੁੱਕੇ ਦੋਹਾਂ ਮਹਾਂਯੁਧਾਂ ਦੇ ਵਿਚਕਾਰਲਾ ਸਮਾਂ। ਅਸਾਨੂੰ ਸਭ ਨੂੰ ਉਸ ਸੂਰਮਗਤੀ ਵਾਲੇ ਸਮੇਂ ਵਿਚ ਵੀ ਜੇ ਆਜ਼ਾਦੀ ਗੁਲਾਮੀ ਦੀ ਸੂਝ ਨਾ ਹੁੰਦੀ ਤਾਂ ਕਾਂਗਰਸ ਦੀ ਆਜ਼ਾਦੀ ਦੀ ਜੰਗ ਦੇਸ਼ ਦੇ ਕਿਸ ਕੰਮ ਸੀ? ਆਜ਼ਾਦੀ ਗੁਲਾਮੀ ਦਾ ਝਗੜਾ ਤਾਂ ਉਨ੍ਹੀਂ ਦਿਨੀਂ ਲੋਕਾਂ ਦੇ ਬੁੱਲ੍ਹਾਂ ਤੋਂ ਵੀ ਬਾਹਰ ਹੁੰਦਾ ਸੀ।"[81] ਸੇਖੋਂ ਦੀ ਕਹਾਣੀ 'ਪਰਦੇਸੀ'[82] ਵਿਚ ਵੀ ਆਜ਼ਾਦੀ ਤੋਂ ਪਹਿਲਾਂ ਬਦੇਸ਼ਾਂ ਵਿਚ ਵਸਦੇ ਭਾਰਤੀ ਵਿਦਿਆਰਥੀਆਂ ਦੀਆਂ ਰਾਸ਼ਟਰਵਾਦੀ ਸਰਗਰਮੀਆਂ ਅਤੇ ਇੰਗਲੈਂਡ ਵਿਚ ਹੋਈ 'ਗੋਲ-ਮੇਜ਼ ਕਾਨਫ਼ਰੰਸ' ਬਾਰੇ ਚਰਚਾ ਕੀਤੀ ਗਈ ਹੈ।

ਸੂਬਾ ਸਿੰਘ ਦੀ ਕਹਾਣੀ 'ਦਿੱਲੀ ਚਲੋ'[83] ਆਜ਼ਾਦ ਹਿੰਦ ਫ਼ੌਜ ਦੀਆਂ ਸਰਗਰਮੀਆਂ ਤੋਂ ਪਾਠਕਾਂ ਨੂੰ ਜਾਣੂ ਕਰਾਉਂਦੀ ਹੈ।

'ਖਾਣ ਪੀਣ ਦੀ ਐਸ਼ ਲਈ' ਨਾਮ ਦੀ ਕਹਾਣੀ 1942 ਤੋਂ 45 ਈ: ਤੱਕ ਦੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਬਰ੍ਹਮਾ ਵਿਚਲੇ ਅੰਗਰੇਜ਼ੀ ਫ਼ੌਜੀਆਂ ਦੇ ਮਾੜੇ ਸਵੈ-ਅਭਿਮਾਨ ਅਤੇ ਘਟੀਆ ਚੱਰਿਤਰ ਨੂੰ ਉਘਾੜਦੀ ਹੈ। ਇਕ ਛਾਉਣੀ ਦੇ ਅੰਗਰੇਜ਼ ਅਫ਼ਸਰ ਤੇ ਸਿਪਾਹੀ ਭਾਰਤੀ ਸਿਪਾਹੀਆਂ ਨਾਲ ਦੁਰ-ਵਿਵਹਾਰ ਕਰਦੇ ਹਨ ਤੇ ਕਦੇ "ਡੈਮ ਦੀਜ਼ ਇੰਡੀਅਨਜ਼, ਬਲੱਡੀ ਈਡੀਅਟ, ਜੰਗਲੀ" ਆਦਿ ਗਾਲ੍ਹਾਂ ਕੱਢਦੇ ਹਨ। ਇਕ ਗੋਰਾ ਅਫ਼ਸਰ ਤਾਂ ਕਹਿੰਦਾ ਹੈ — "ਵੈਸੇ ਮੇਰਾ ਜ਼ਾਤੀ ਖ਼ਿਆਲ ਹੈ, ਇਨ੍ਹਾਂ

---

80. ਗਿਆਨੀ ਗੁਰਮੁਖ ਸਿੰਘ ਮੁਸਾਫ਼ਰ — ਕੰਧਾਂ ਬੋਲ ਪਈਆਂ (1960), ਸਫ਼ਾ 118.

81. ਸੰਤ ਸਿੰਘ ਸੇਖੋਂ — ਕਾਮੇ ਤੇ ਯੋਧੇ (1950), ਸਫ਼ਾ 26.

82. ਉਹੀ, ਅੱਧੀ ਵਾਟ (1954), ਸਫ਼ਾ 129.

83. ਸੂਬਾ ਸਿੰਘ — ਅੱਗ ਤੇ ਪਾਣੀ (1960), ਸਫ਼ਾ 12.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਤਹਿਜ਼ੀਬ ਕਦੀ ਨਹੀਂ ਆ ਸਕਦੀ। ਘੱਟੋ ਘੱਟ ਆਣ ਵਾਲੀਆਂ ਪੰਜ ਸਦੀਆਂ ਤੱਕ । ਹਾਂ, ਅਲਬੱਤਾ ਸਾਡੇ ਨਾਲ ਰਹਿ ਕੇ ਅੱਛੇ ਨੌਕਰ ਜ਼ਰੂਰ ਬਣ ਸਕਦੇ ਹਨ । ਤਹਿਜ਼ੀਬ ਤਾਂ ਇਕ ਉੱਚੀ ਚੀਜ਼ ਹੈ। ਇਸ 'ਤੇ ਕੇਵਲ ਸਾਨੂੰ ਪੱਛਮੀ ਲੋਕਾਂ ਨੂੰ ਹੀ ਅਧਿਕਾਰ ਹੈ।"[84]

ਪੰਜਾਬੀ ਕਹਾਣੀ ਨੇ ਉਨ੍ਹਾਂ ਮਾਯੂਸ ਲੋਕਾਂ ਨੂੰ ਵੀ ਚਿਤਰਿਆ ਹੈ ਜਿਹੜੇ ਬਦੇਸ਼ੀ ਰਾਜ ਨੂੰ ਯਾਦ ਕਰਦੇ ਇਸ ਲਈ ਨਹੀਂ ਥੱਕਦੇ ਕਿ ਉਨ੍ਹਾਂ ਨੂੰ ਅੰਗਰੇਜ਼ਾਂ ਤੋਂ ਵਧੇਰੇ ਆਰਥਿਕ ਲਾਭ ਹੁੰਦਾ ਸੀ । ਪੰਜਾਬੀ ਕਹਾਣੀਕਾਰਾਂ ਨੇ ਇਨ੍ਹਾਂ ਲੋਕਾਂ ਦੀ ਗ਼ੁਲਾਮ ਜ਼ਹਿਨੀਅਤ ਦਾ ਵਿਅੰਗਾਤਮਕ ਚਿਤਰਣ ਕਰ ਕੇ ਰਾਸ਼ਟਰੀ ਫ਼ਰਜ਼ ਨਿਭਾਇਆ ਹੈ।

ਮਿਸਾਲ ਵਜੋਂ 'ਉਜਾੜ'[85] ਕਹਾਣੀ ਉਸ ਆਲਾ ਸਿੰਘ ਉਤੇ ਵਿਅੰਗ ਕਰਦੀ ਹੈ ਜਿਸ ਨੂੰ ਅੰਗਰੇਜ਼ਾਂ ਦੇ ਸਮੇਂ ਬਣਾਇਆ ਆਪਣਾ ਬੁਰਜੂਆ ਰੁਹਬ ਅੰਗਰੇਜ਼ਾਂ ਦੇ ਚਲੇ ਜਾਣ ਬਾਅਦ ਖ਼ਤਮ ਹੋ ਜਾਣ ਦਾ ਅਫ਼ਸੋਸ ਹੈ। ਇਵੇਂ ਹੀ 'ਰੋਮ ਦਾ ਸਿੱਕਾ'[86] ਵਿਚਲਾ ਪ੍ਰੈਸ-ਮਾਲਕ ਅੰਗਰੇਜ਼ੀ ਸਭਿਆਚਾਰ ਤੇ ਤੌਰ ਤਰੀਕਿਆਂ ਦਾ ਦੀਵਾਨਾ ਹੋਣ ਕਰਕੇ ਲੋਕਾਂ ਦੇ ਮਜ਼ਾਕ ਦਾ ਕਾਰਨ ਬਣਦਾ ਹੈ।

'ਅੰਗਰੇਜ਼ ਅੰਗਰੇਜ਼ ਸਨ'[87] ਅਤੇ 'ਵੱਡੇ ਸਾਹਿਬ ਦਾ ਭੰਗੀ'[88] ਉਨ੍ਹਾਂ ਲੋਕਾਂ ਉਤੇ ਵਿਅੰਗ ਕਰਨ ਵਾਲੀਆਂ ਕਹਾਣੀਆਂ ਹਨ ਜੋ ਅੰਗਰੇਜ਼ਾਂ ਦੇ ਘਰੇਲੂ ਨੌਕਰ ਸਨ ਅਤੇ ਉਨ੍ਹਾਂ ਵਲੋਂ ਮਿਲਦੀ 'ਬਖ਼ਸ਼ਿਸ਼' ਦੇ ਸਿਰ ਮੌਜਾਂ ਕਰਦੇ ਸਨ। ਪਰ ਜਿਨ੍ਹਾਂ ਨੂੰ ਅੰਗਰੇਜ਼ਾਂ ਦੇ ਚਲੇ ਜਾਣ ਨਾਲ ਸਦਮਾ ਪਹੁੰਚਾ ਹੈ।

'ਕਸ਼ਮੀਰ ਦਾ ਮਸਲਾ' ਕਹਾਣੀ ਦਾ ਅਲੀਆ ਕੁਲੀ ਵੀ ਮਾਯੂਸੀ ਦੀ ਸਥਿਤੀ ਵਿਚ ਕਹਿੰਦਾ ਹੈ — "... ਤੇ ਉਦੋਂ ਸਾਡੇ ਲੋਕਾਂ ਦੇ ਮਜ਼ੇ ਹੁੰਦੇ ਸਨ। ਇਕ ਇਕ ਸੀਜ਼ਨ ਵਿਚ ਅਸੀਂ ਦੋ ਦੋ ਸਾਲ ਲਈ ਟੱਬਰਾਂ ਦੀਆਂ ਰੋਟੀਆਂ ਕਮਾ ਲੈਂਦੇ ਸਾਂ। ਮੇਮਾਂ ਤੇ ਗੋਰਿਆਂ ਦੀਆਂ ਬਖ਼ਸ਼ਿਸ਼ਾਂ ਨਹੀਂ ਸਨ ਮਾਣ ਹੁੰਦੀਆਂ, ਰਾਜਿਆਂ ਮਹਾਂਰਾਜਿਆਂ ਦੇ ਇਨਾਮ ਹੀ ਨਹੀਂ ਸਨ ਗਿਣੇ ਜਾਂਦੇ।"[89]

ਵਿਰਲੇ ਵਿਰਲੇ ਸਾਧਾਰਨ ਲੋਕ ਵੱਖ ਵੱਖ ਖੇਤਰਾਂ ਵਿਚ ਆਪਣੇ ਆਪਣੇ ਢੰਗ

---

84. ਲੋਚਨ ਬਖ਼ਸ਼ੀ — ਵਰ ਤੇ ਸਰਾਪ, ਸਫ਼ਾ 105.
85. ਕੁਲਵੰਤ ਸਿੰਘ ਵਿਰਕ — ਛਾਹ ਵੇਲਾ (1950), ਸਫ਼ਾ 23.
86. ਪ੍ਰੀਤਮ ਸਿੰਘ ਪੰਛੀ — ਡਾਕ ਪੱਥਰ, ਸਫ਼ਾ 75.
87. ਸੁਰਜੀਤ ਸਿੰਘ ਸੇਠੀ — ਅੰਗਰੇਜ਼ ਅੰਗਰੇਜ਼ ਸਨ (1957), ਸਫ਼ਾ 20.
88. ਸਵਿੰਦਰ ਸਿੰਘ ਉੱਪਲ — ਕੁੜੀ ਪੋਠੋਹਾਰ ਦੀ (1950), ਸਫ਼ਾ 115.
89. ਕਰਤਾਰ ਸਿੰਘ ਦੁੱਗਲ — ਨਵਾਂ ਘਰ (1951), ਸਫ਼ਾ 135.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਦੇਸ਼ ਦੀ ਸ਼ੁਹਰਤ ਤੇ ਇਜ਼ਤ ਵਧਾਉਣ ਲਈ, ਕੀ ਕੀ ਕਰ ਰਹੇ ਸਨ, ਇਸ ਦਾ ਵਰਨਣ ਵੀ ਕੁਝ ਕਹਾਣੀਆਂ ਵਿਚ ਕੀਤਾ ਗਿਆ ਹੈ। ਮਿਸਾਲ ਵਜੋਂ ਕਿਰਪਾਲ ਕੌਰ ਦੀ ਰਚਨਾ 'ਬੇਕਸੂਰ ਅਪਰਾਧੀ' ਅਤੇ ਕਰਤਾਰ ਸਿੰਘ ਸੂਰੀ ਦੀ ਰਚਨਾ 'ਵੇਦਨਾ' ਖੇਡ ਦੇ ਮੈਦਾਨ ਵਿਚ ਭਾਰਤੀਆਂ ਦੀ ਦੇਸ਼-ਭਗਤੀ ਦੀਆਂ ਮਿਸਾਲਾਂ ਪੇਸ਼ ਕਰਦੀਆਂ ਕਹਾਣੀਆਂ ਹਨ।

ਕਿਰਪਾਲ ਕੌਰ ਦੀ ਕਹਾਣੀ 'ਬੇਕਸੂਰ ਅਪਰਾਧੀ' ਵਿਚ ਹਿੰਦ ਤੇ ਮਲਾਇਆ ਦੀਆਂ ਟੀਮਾਂ ਵਿਚਕਾਰ ਹਾਕੀ ਮੈਚ ਹੋ ਰਿਹਾ ਹੈ। ਮਲਾਇਆ ਦੀ ਟੀਮ ਦਾ ਇਕ ਭਾਰਤੀ ਜਨਮ ਵਾਲਾ ਖਿਡਾਰੀ ਭਾਰਤੀ ਟੀਮ ਨਾਲ ਮੁਕਾਬਲਾ ਕਰਦਿਆਂ ਜਾਣ ਬੁਝ ਕੇ ਹਾਰ ਕਬੂਲਣ ਵਾਲੀ ਰੁਚੀ ਨਾਲ ਖੇਡਦਾ ਹੈ। ਪਿੱਛੋਂ ਉਹ ਦੱਸਦਾ ਹੈ — "ਮੇਰੇ ਪਾਸ ਇਹ ਹਿੰਮਤ ਨਹੀਂ ਸੀ ਕਿ ਮੈਂ ਆਪਣੇ ਦੇਸ਼ ਨੂੰ ਹਰਾ ਕੇ ਆਪਣੀ ਸ਼ੁਹਰਤ ਦਾ ਝੰਡਾ ਉੱਚਾ ਕਰਦਾ। ਹਰ ਗੋਲ ਕਰਦਿਆਂ ਮੇਰੇ ਹੱਥ ਕੰਬ ਉਠਦੇ ਸਨ। ਜਿਵੇਂ ਮੈਂ ਹਾਕੀ ਦੇ ਜ਼ੋਰ ਆਪਣੀ ਮਾਂ ਦੇ ਸੀਨੇ ਨੂੰ ਛਿੱਲ ਰਿਹਾ ਹਾਂ... ।"[90]

ਕਰਤਾਰ ਸਿੰਘ ਸੂਰੀ ਦੀ ਕਹਾਣੀ 'ਵੇਦਨਾ' ਦਾ ਪਾਲ ਵੀ ਸਖ਼ਤ ਬੀਮਾਰੀ ਦੀ ਹਾਲਤ ਵਿਚ ਹੋਣ ਦੇ ਬਾਵਜੂਦ ਦੇਸ਼ ਦੀ ਇੱਜ਼ਤ ਦਾ ਸਵਾਲ ਜਾਣ ਕੇ 'ਹਿੰਦ-ਪਾਕਿ ਹਾਕੀ ਮੈਚ' ਵਿਚ ਹਿੱਸਾ ਲੈਂਦਾ ਹੈ। ਉਹ ਘਰ ਵਾਲਿਆਂ ਤੇ ਪ੍ਰੇਮਿਕਾ ਦੇ ਰੋਕਣ ਦੇ ਬਾਵਜੂਦ ਕਹਿੰਦਾ ਹੈ — "ਦੇਸ਼ ਅਤੇ ਵਿਅਕਤੀ ਦੇ ਪਿਆਰ ਦੇ ਪਲੜਿਆਂ 'ਚੋਂ ਦੇਸ਼ ਦਾ ਪਲੜਾ ਭਾਰੀ ਹੈ।"[91] ਪਿੱਛੋਂ ਮੈਚ ਖੇਡਦਿਆਂ ਹੀ ਉਹ ਬੇਹੋਸ਼ ਹੋ ਜਾਂਦਾ ਹੈ, ਲੱਤ ਜੁੜ ਜਾਂਦੀ ਹੈ। ਇਹ ਲੱਤ ਪਿੱਛੋਂ ਕੱਟਣੀ ਪੈਂਦੀ ਹੈ। ਇਸ ਸੂਰਤ ਵਿਚ ਪਹਿਲਾਂ ਹੋਈ ਮੰਗਣੀ ਤੋੜੀ ਜਾਂਦੀ ਹੈ ਪਰ ਉਸ ਦੀ ਪ੍ਰੇਮਿਕਾ ਖਿਡਾਰੀ ਦੇ ਕਹਿਣ ਦੇ ਬਾਵਜੂਦ ਕਿਸੇ ਹੋਰ ਥਾਂ ਵਿਆਹ ਨਹੀਂ ਕਰਾਉਂਦੀ ਸਗੋਂ ਖ਼ੁਦਕੁਸ਼ੀ ਕਰ ਲੈਂਦੀ ਹੈ। ਇਉਂ ਇਸ ਖਿਡਾਰੀ ਨੂੰ ਆਪਣੀ ਦੇਸ਼-ਭਗਤੀ ਦੀ ਭਾਰੀ ਕੀਮਤ ਚੁਕਾਣੀ ਪੈਂਦੀ ਹੈ। ਉਸ ਦੀ ਕੁਰਬਾਨੀ ਤੇ ਦੇਸ਼-ਭਗਤੀ ਪ੍ਰਤੀ ਨਿਸਚੇ ਹੀ ਪਾਠਕ ਦੇ ਮਨ ਵਿਚ ਸ਼ਰਧਾ ਪੈਦਾ ਹੁੰਦੀ ਹੈ।

ਹਰੀ ਸਿੰਘ ਦਿਲਬਰ ਦੀ ਕਹਾਣੀ 'ਸੁਨਹਿਰੀ ਸਫਲਤਾ'[92] ਅਤੇ ਅਜੀਤ ਸੈਣੀ ਦੀ ਕਹਾਣੀ 'ਆਪਣਾ ਦੇਸ਼' ਅਜਿਹੀਆਂ ਕਹਾਣੀਆਂ ਹਨ ਜੋ ਦੇਸ਼-ਸੇਵਾ ਤੇ ਦੇਸ਼ ਰੱਖਿਆ ਲਈ ਫ਼ੌਜ ਦੀ ਨੌਕਰੀ ਨੂੰ ਸ਼ਰਧਾ ਦੀ ਦ੍ਰਿਸ਼ਟੀ ਤੋਂ ਅਪਨਾਉਣ ਵਾਲੇ ਪਾਤਰਾਂ ਨੂੰ ਵੱਡਿਆਉਂਦੀਆਂ ਹਨ। 'ਆਪਣਾ ਦੇਸ਼' ਦਾ ਫ਼ੌਜੀ ਆਪਣੀ ਪਤਨੀ ਵਲੋਂ ਫ਼ੌਜੀ

---

90. ਕਿਰਪਾਲ ਕੌਰ ਸਰੋਜ — ਸਰੋਜ ਕਹਾਣੀਆਂ (1959), ਸਫ਼ਾ 43.

91. ਕਰਤਾਰ ਸਿੰਘ ਸੂਰੀ — ਪੁਰਾਣਾ ਪਿੰਜਰਾ (1959), ਸਫ਼ਾ 21.

92. ਹਰੀ ਸਿੰਘ ਦਿਲਬਰ — ਕੂੰਜਾਂ ਉੱਡ ਚਲੀਆਂ, ਸਫ਼ਾ 99.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੌਕਰੀ ਛੱਡਣ ਦੀ ਪ੍ਰੇਰਨਾ ਨੂੰ ਠੁਕਰਾਂਦਾ ਹੋਇਆ ਕਹਿੰਦਾ ਹੈ — "ਸਾਡਾ ਦੇਸ਼ ਆਜ਼ਾਦ ਹੋ ਗਿਆ ਏ ਤੇ ਸਹੀ ਅਰਥਾਂ ਵਿਚ ਮੈਂ ਦੇਸ਼ ਦਾ ਸਿਪਾਹੀ ਬਣਿਆ ਹਾਂ। ਇਸ ਲਈ ਮੈਂ ਆਪਣਾ ਨਾਵਾਂ ਨਹੀਂ ਕਟਾ ਰਿਹਾ।"[93]

ਪਾਂਧੀ ਨਨਕਾਣਵੀ ਦੀ ਰਚਨਾ 'ਗੀਤ ਗੂੰਜਦਾ ਹੈ' ਵਿਚ ਕਾਵਿ-ਮਈ ਸ਼ੈਲੀ ਵਿਚ ਆਜ਼ਾਦੀ ਸੰਗਰਾਮ ਅਤੇ ਇਸ ਸੰਗਰਾਮ ਨਾਲ ਹਾਸਲ ਕੀਤੀ ਆਜ਼ਾਦੀ ਪ੍ਰਤੀ ਸ਼ਰਧਾ ਪ੍ਰਗਟ ਕੀਤੀ ਗਈ ਹੈ। ਸੰਕਟ ਵਿਚ ਵੀ ਰਾਸ਼ਟਰੀਅਤਾ ਦੇ ਜੀਉਂਦੇ ਰਹਿਣ ਦਾ ਸੰਕੇਤ ਦਿੰਦਾ ਹੋਇਆ ਲੇਖਕ ਦੱਸਦਾ ਹੈ — "ਸਾਜ਼ਿੰਦੇ ਦੀ ਸਿਤਾਰ ਦੇ ਟੁਕੜੇ ਤਾਂ ਹੋ ਗਏ, ਪਰ ਸਿਤਾਰ ਦੀਆਂ ਸੂਖਮ ਤਾਰਾਂ 'ਚੋਂ ਫੁੱਟਿਆ ਆਜ਼ਾਦੀ ਦਾ ਪਵਿੱਤਰ ਸੰਗੀਤ ਫ਼ਿਜ਼ਾ ਵਿਚ ਬ੍ਰਾਬਰ ਗੂੰਜਦਾ ਰਿਹਾ। ਸਾਮਰਾਜੀ ਸ਼ੇਸ਼ਨਾਗ ਦੇ ਚੇਲਿਆਂ ਦੀਆਂ ਵਿਸ ਭਰੀਆਂ ਜੀਭਾਂ ਲੱਖਾਂ ਜਵਾਨੀਆਂ ਨੂੰ ਡੰਗਣ ਦੇ ਬਾਵਜੂਦ ਹਿੰਦੀ ਰੂਹਾਂ ਦੇ ਲੂਆਂ ਵਿਚ ਰਚਿਆ ਹੋਇਆ ਸੁਤੰਤਰਤਾ ਦਾ ਗੀਤ ਨਾ ਕੱਢ ਸਕੀਆਂ।"[94] ਗੀਤ ਦੀਆਂ ਸਤਰਾਂ ਹਨ —

"ਮੇਰੀ ਜੀਵਨ ਜੋਤ ਜਲੇ ਨਾ ਜਲੇ, ਆਜ਼ਾਦੀ ਦੀ ਜੋਤੀ ਜਲਦੀ ਰਹੇ,
ਮੇਰੀ ਲਾਸ਼ 'ਤੇ ਬੇਸ਼ੱਕ ਹਮਵਤਨੋ, ਆਜ਼ਾਦੀ ਦੀ ਦੇਵੀ ਪਲਦੀ ਰਹੇ।"

ਰਾਜ ਸ਼ਰਮਾ ਦੀ ਰਚਨਾ 'ਨਵੀਂ ਕਿਰਨ' ਵੀ ਰਾਸ਼ਟਰੀ ਮਹੱਤਵ ਰੱਖਦੀ ਹੈ ਕਿਉਂਕਿ ਇਹ ਕਹਾਣੀ ਉਨ੍ਹਾਂ ਡਾਕਟਰਾਂ ਪ੍ਰਤੀ ਮਾਣ ਪ੍ਰਗਟ ਕਰਦੀ ਹੈ ਜੋ ਪਿੰਡਾਂ ਵਿਚ ਜਾ ਕੇ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਦੀ ਲੋਕ-ਸੇਵਾ ਕਰਨ ਨੂੰ ਤਿਆਰ ਹਨ। ਕਹਾਣੀ ਅਨੁਸਾਰ "ਚਾਹੀਦਾ ਹੈ ਕਿ ਸਾਡੇ ਨੌਜਵਾਨ ਜੋ ਹੁਣ ਤੱਕ ਡਾਕਟਰੀ ਪੜ੍ਹ ਰਹੇ ਹਨ, ਪਿੰਡਾਂ ਵਿਚ ਜਾ ਕੇ ਆਪਣਾ ਕੰਮ ਸ਼ੁਰੂ ਕਰਨ ਤਾਂ ਜੋ ਦੇਸ਼ ਦੀ ਉਸਾਰੀ ਹੋ ਸਕੇ ਤੇ ਪਿੰਡਾਂ ਵਿਚ ਬਿਮਾਰੀ ਦਾ ਅੰਤ ਹੋ ਸਕੇ।"[95]

ਸਮਾਜਕ ਕ੍ਰਾਂਤੀ ਲਈ ਸੰਘਰਸ਼ ਤੇ ਪੰਜਾਬੀ ਕਹਾਣੀ

1947 ਤੋਂ ਬਾਅਦ ਦੇ ਕਾਲ ਵਿਚ 'ਸਮਾਜਵਾਦੀ ਪ੍ਰਵਿਰਤੀ' ਦਾ ਉਭਾਰ ਵਿਸ਼ੇਸ਼ ਤੌਰ 'ਤੇ ਸਾਹਮਣੇ ਆਇਆ। ਮਾਰਕਸ, ਐਂਗਲਜ਼ ਅਤੇ ਲੈਨਿਨ ਦੇ ਇਹ ਵਿਚਾਰ, ਕਿ ਕਿਸੇ ਰਾਸ਼ਟਰ ਦੇ ਸਾਧਾਰਨ ਲੋਕਾਂ ਨੂੰ ਸਹੀ ਸੁਤੰਤਰਤਾ ਸਮਾਜਵਾਦੀ ਆਰਥਿਕ ਪ੍ਰਬੰਧ

---

93. ਅਜੀਤ ਸੈਣੀ — ਨਵਾਂ ਪੌਚ (1959), ਸਫ਼ਾ 39.
94. ਪਾਂਧੀ ਨਨਕਾਣਵੀ — ਮਨੁੱਖਤਾ ਰੋਂਦੀ ਰਹੀ (1958), ਸਫ਼ਾ 78.
95. ਰਾਜ ਸ਼ਰਮਾ — ਆਂਦਰਾਂ ਦਾ ਸਾਕ (1957), ਸਫ਼ਾ 28.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਹੀ ਮਿਲ ਸਕਦੀ ਹੈ,[96] ਬਹੁਤ ਸਾਰੇ ਪੰਜਾਬੀ ਲੇਖਕਾਂ ਨੇ ਅਪਣਾ ਲਏ ਹਨ। ਇਸ ਲਈ 1947 ਤੋਂ 1960 ਈ: ਵਿਚਕਾਰ ਲਿਖੀਆਂ ਗਈਆਂ ਪੰਜਾਬੀ ਕਹਾਣੀਆਂ ਵਿਚ ਉਹ ਕਹਾਣੀਆਂ ਕਾਫ਼ੀ ਹਨ ਜਿਨ੍ਹਾਂ ਨੂੰ ਅਗਰਗਾਮੀ, ਪ੍ਰਗਤੀਵਾਦੀ ਜਾਂ ਸਮਾਜਵਾਦੀ ਕਹਾਣੀਆਂ ਕਿਹਾ ਜਾਂਦਾ ਹੈ। ਸੁਤੰਤਰ ਹੋ ਚੁੱਕੇ ਭਾਰਤ ਦੇ ਆਰਥਕ-ਰਾਜਨੀਤਕ ਪ੍ਰਬੰਧ ਦੀ ਅਲੋਚਨਾ ਕਰਦੀਆਂ ਅਤੇ ਸਮਾਜਵਾਦੀ ਕ੍ਰਾਂਤੀ ਦੀ ਆਸ ਜਗਾਉਂਦੀਆਂ ਕਹਾਣੀਆਂ ਲਿਖਣ ਵਿਚ ਪਹਿਲ ਸੰਤ ਸਿੰਘ ਸੇਖੋਂ ਅਤੇ ਸੁਜਾਨ ਸਿੰਘ ਨੇ ਕੀਤੀ।

ਸੰਤ ਸਿੰਘ ਸੇਖੋਂ ਨੇ 1947 ਤੋਂ ਉਪ੍ਰੰਤ ਲਿਖੀਆਂ ਆਪਣੀਆਂ ਕਹਾਣੀਆਂ ਵਿਚ 'ਕਮਿਊਨਿਸਟ ਪਾਰਟੀ ਆਫ਼ ਇੰਡੀਆ' ਦੀ ਉਸ ਸਮੇਂ ਦੀ ਸੋਚ ਦਾ ਪ੍ਰਗਟਾਵਾ ਕੀਤਾ ਕਿ 'ਇੰਡੀਅਨ ਨੈਸ਼ਨਲ ਕਾਂਗਰਸ' ਦੀ ਅਗਵਾਈ ਵਿਚ ਸੁਤੰਤਰ ਭਾਰਤ ਵਿਚ ਸਥਾਪਤ ਹੋਈ ਨਵੀਂ ਰਾਜ-ਸੱਤਾ ਸੁਤੰਤਰ ਰਾਜ-ਸੱਤਾ ਨਹੀਂ ਹੈ, ਅੰਗਰੇਜ਼ ਪੂੰਜੀਵਾਦ ਦੀ 'ਦਲਾਲ ਰਾਜ-ਸੱਤਾ' ਹੈ। ਉਸ ਦੀ ਕਹਾਣੀ 'ਜਣਨੀ', ਜੋ ਉਂਝ ਪਹਿਲੀ ਵਾਰ ਮਾਂ ਬਣੀ ਮੁਟਿਆਰ ਦੇ ਮਨੋਭਾਵਾਂ ਨੂੰ ਬਿਆਨ ਕਰਨ ਵਾਲੀ ਕਹਾਣੀ ਹੈ, ਸੇਖੋਂ ਦੀ ਉਨ੍ਹਾਂ ਦਿਨਾਂ ਦੀ ਰਾਜ-ਨੀਤਕ ਵਿਚਾਰਧਾਰਾ (ਜੋ ਪਿੱਛੋਂ ਪਾਰਟੀ ਨੇ ਵੀ ਤਿਆਗ ਦਿੱਤੀ) ਦਾ ਪ੍ਰਮਾਣ ਪੇਸ਼ ਕਰਦੀ ਹੈ। ਲੇਖਕ ਇਸ ਕਹਾਣੀ ਦੇ ਨਾਇਕ ਬਲਦੇਵ ਦਾ ਪਿੱਛਾ ਕਰ ਰਹੀ ਪੁਲੀਸ ਦੀ ਨਿੰਦਿਆ ਕਰਦਾ ਹੋਇਆ ਲਿਖਦਾ ਹੈ — "ਪੁਲਸ ਤੇ ਜ਼ਿਲ੍ਹੇ ਦੇ ਹੋਰ ਕਰਮਚਾਰੀਆਂ ਨੂੰ, ਜੋ ਕਾਂਗਰਸ ਦੇ ਰਾਜ ਵਿਚ ਵੀ ਜਨਤਾ ਦਾ ਵਿਰੋਧ ਕਰਨਾ ਹੀ ਆਪਣਾ ਫ਼ਰਜ਼ ਸਮਝੀ ਬੈਠੇ ਸਨ, ਜੋ ਕਾਂਗਰਸ ਰਾਜ ਦਾ ਅੰਗਰੇਜ਼ੀ ਸਾਮਰਾਜ ਨਾਲ ਨਿਕਟੀ ਸੰਬੰਧ ਹੋਣ ਦਾ ਇਕ ਸਬੂਤ ਸੀ — ਵਿਦਿਆਰਥੀਆਂ ਦੀ ਇਹ ਜਾਗਰਤਾ ਤੇ ਜੱਥੇਬੰਦੀ ਅੱਖਾਂ ਵਿਚ ਪੱਕੇ ਕੁਕਰਿਆਂ ਵਾਂਗਰ ਰੜਕ ਰਹੀਆਂ ਸਨ . . . . ।"[97]

ਸੇਖੋਂ ਨੇ ਇਹ ਸਿੱਧ ਕਰਨ ਲਈ ਕਿ 'ਸੁਤੰਤਰ ਭਾਰਤ' ਵਿਚ ਵੀ ਜਨਤਾ ਦੇ ਦੁਖੜੇ ਸਮਾਪਤ ਨਹੀਂ ਹੋਏ, ਆਪਣੇ ਕਿਰਸਾਣੇ ਪ੍ਰੀਵਾਰਕ ਅਨੁਭਵ ਨੂੰ ਆਧਾਰ ਬਣਾ ਕੇ, ਕਿਸਾਨਾਂ ਤੇ ਕਿਰਤੀਆਂ ਦੀਆਂ ਆਰਥਿਕ ਤਕਲੀਫ਼ਾਂ ਬਾਰੇ ਕਈ ਕਹਾਣੀਆਂ ਲਿਖੀਆਂ। 'ਕਾਮੇ ਤੇ ਯੋਧੇ'

---

96. "ਇਕ ਜਮਾਤੀ ਸਮਾਜ ਵਿਚ ਉਪਰਲੇ ਦਸ ਫ਼ੀ ਸਦੀ ਲਈ ਜੋ ਆਜ਼ਾਦੀ ਹੁੰਦੀ ਹੈ, ਉਹ ਹੇਠਲੇ 90% ਲਈ ਨਹੀਂ ਹੁੰਦੀ। ਲੈਨਿਨ ਨੇ ਮਾਰਕਸ ਤੇ ਏਂਗਲਜ਼ ਦੇ ਆਜ਼ਾਦੀ ਬਾਰੇ ਸੰਕਲਪਾਂ ਨੂੰ ਵਿਕਸਤ ਕਰਦਿਆਂ ਦਸਿਆ ਸੀ ਕਿ ਮਨੁੱਖ ਸਿਰਫ਼ ਉਸ ਸਮਾਜ ਵਿਚ ਹੀ ਆਜ਼ਾਦ ਹੋ ਸਕਦਾ ਹੈ ਜਿਥੇ ਜਮਾਤੀ ਵੰਡ ਦਾ ਭੋਗ ਪਾ ਦਿੱਤਾ ਜਾਵੇ, ਜਿਥੇ ਮਨੁੱਖ ਰਾਹੀਂ ਮਨੁੱਖ ਦੀ ਲੁੱਟ-ਖਸੁੱਟ ਨਾ ਹੁੰਦੀ ਹੋਵੇ... ਸਿਰਫ਼ ਕਮਿਊਨਿਸਟ ਸਮਾਜ ਵਿਚ ਹੀ, ਜਦੋਂ ਪੂੰਜੀਪਤੀਆਂ ਦੇ ਮੁਕਾਬਲੇ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ ਗਿਆ ਹੋਵੇ...।"

— ਪ੍ਰੱਦਯੋਤ ਗੁਹਾ

— ਲੈਨਿਨ ਤੇ ਸੁਤੰਤਰਤਾ ਦਾ ਸੰਕਲਪ, ਸਫ਼ਾ 11-2

97. ਸੰਤ ਸਿੰਘ ਸੇਖੋਂ — ਕਾਮੇ ਤੇ ਯੋਧੇ (1950), ਸਫ਼ਾ 93.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਾਣੀ-ਸੰਗਹਿ ਵਿਚ 'ਇਕ ਯੋਧੇ ਦਾ ਚਲਾਣਾ', 'ਨਿਮਕ ਹਰਾਮ', 'ਕਿਰਸਾਣ ਤੇ ਕਾਮਾ', 'ਏਹੁ ਨਿਦੋਸਾ ਮਾਰੀਐ', 'ਹੱਲਵਾਹ' ਅਤੇ 'ਉਜਾੜ' ਕਹਾਣੀਆਂ ਇਸੇ ਪੱਖ ਤੋਂ ਚਾਨਣਾ ਪਾਉਂਦੀਆਂ ਹਨ। ਲੇਖਕ ਸਿੱਧ ਕਰਦਾ ਹੈ ਕਿ ਕਿਸਾਨ ਦੀ ਕਮਾਈ ਸੁਤੰਤਰ ਭਾਰਤ ਵਿਚ ਵੀ ਸ਼ਹਿਰ ਦਾ ਵਪਾਰੀ ਲੁੱਟ ਰਿਹਾ ਹੈ। ਕਿਸਾਨ ਅੱਗੋਂ ਕਾਮੇ ਦੀ ਮਜਬੂਰੀ ਦਾ ਲਾਭ ਉਠਾ ਰਿਹਾ ਹੈ। ਮਾਲਕ ਕਿਸਾਨ ਦੇ ਨਾਲ ਰਲ ਕੇ ਕੰਮ ਕਰਨ ਵਾਲੇ ਕਾਮੇ ਨੂੰ, ਜੋ ਉਦੋਂ ਅਖਾਉਤੀ ਨੀਵੀਂਆਂ ਜਾਤਾਂ ਵਿਚੋਂ ਹੀ ਹੁੰਦਾ ਸੀ, ਘੱਟ ਆਮਦਨ ਕਿਵੇਂ ਮਨੁੱਖ-ਪੁਣੇ ਤੋਂ ਡੇਗ ਕੇ ਪਸ਼ੂ-ਪੱਧਰ ਉਤੇ ਲੈ ਆਉਂਦੀ ਹੈ, ਅਜਿਹੀ ਹਲੂਣ ਦੇਣ ਵਾਲੀ ਝਾਕੀ ਸੇਖੋਂ ਨੇ 'ਕਿਰਸਾਣ ਤੇ ਕਾਮਾ'[98] ਕਹਾਣੀ ਵਿਚ ਪੇਸ਼ ਕੀਤੀ ਹੈ।

ਸੁਜਾਨ ਸਿੰਘ ਨੇ ਪਹਿਲਾਂ ਵਾਂਗ ਹੀ ਗ਼ੈਰ-ਕਾਸ਼ਤਕਾਰ ਗ਼ਰੀਬਾਂ ਤੇ ਕਿਰਤੀਆਂ ਬਾਰੇ ਕਹਾਣੀਆਂ ਲਿਖੀਆਂ। ਉਸ ਨੇ ਸ਼ਹਿਰਾਂ ਵਿਚ ਵੱਸਦੇ ਹੇਠਲੀ ਮੱਧ-ਸ਼੍ਰੇਣੀ ਦੇ ਚਿੱਟ-ਕਪੜੀਏ ਪਰ ਆਰਥਕ ਤੌਰ 'ਤੇ ਬਹੁਤੇ ਹੀ ਮਜਬੂਰ ਲੋਕਾਂ ਬਾਰੇ ਵੀ ਕਹਾਣੀਆਂ ਲਿਖੀਆਂ। 'ਕੁਲਫ਼ੀ'[99] ਦਾ ਪਾਤਰ, ਜੋ ਪੜ੍ਹਿਆ-ਲਿਖਿਆ ਵਿਚਾਰਵਾਨ ਮੁਲਾਜ਼ਮ ਹੈ, ਆਪਣੇ ਨਿੱਕੇ ਜਿਹੇ ਪੁੱਤਰ ਨੂੰ ਟਕੇ ਦੀ ਕੁਲਫ਼ੀ ਜਾਂ ਮਰੂੰਡਾ ਨਹੀਂ ਲੈ ਕੇ ਦੇ ਸਕਦਾ। 'ਰਜ਼ਾਈ'[100] ਦਾ ਮੁਖ ਪਾਤਰ ਅਧਿਆਪਕ ਹੈ ਪਰ ਉਹ ਪ੍ਰੀਵਾਰ ਦੇ ਜੀਆਂ ਦੀ ਲੋੜ ਮੁਤਾਬਕ ਗਰਮ ਬਿਸਤਰੇ ਨਹੀਂ ਬਣਾ ਸਕਦਾ। ਇਸੇ ਤਰ੍ਹਾਂ ਉਸ ਦੀ ਕਹਾਣੀ 'ਚੋਰ ਤੇ ਸਾਧ'[101] ਦਾ ਗੁਰਾ ਪਾਕਿਸਤਾਨ ਬਣਨ ਤੋਂ ਪਹਿਲਾਂ ਓਧਰ ਤਿੰਨ ਕਿੱਲੇ ਜ਼ਮੀਨ ਦਾ ਮਾਲਕ ਸੀ। ਪਰ ਇਧਰ ਆ ਕੇ, ਲੇਖਕ ਨੇ ਉਸ ਨੂੰ ਪਹਿਲਾਂ ਬੇਜ਼ਮੀਨਾ ਖੇਤੀ ਕਾਮਾ, ਫੇਰ ਸ਼ਹਿਰ ਵਿਚ ਕਾਰਖ਼ਾਨੇ ਦਾ ਮਜ਼ਦੂਰ, ਫੇਰ ਰਿਕਸ਼ਾ ਚਾਲਕ ਤੇ ਅੰਤ ਭੁੱਖਾ ਮਰਦਾ ਤੇ ਚੋਰੀਆਂ ਕਰਦਾ ਅਮਲੀ ਬਣਦਾ ਦਿਖਾਇਆ ਹੈ। 'ਪਰਦਾ'[102] ਵਿਚ ਇਕ ਸੁੰਦਰ ਮੁਟਿਆਰ ਹੋਟਲ ਦੇ ਅਮੀਰ ਮਾਲਕਾਂ ਦੇ ਡਾਢੇ ਹੱਥਾਂ ਵਿਚ ਮਜਬੂਰ ਹੋ ਕੇ ਵੇਸਵਾ ਬਣ ਜਾਂਦੀ ਹੈ। 'ਡੇਢ ਆਦਮੀ' ਤੇ 'ਖ਼ੂਨ' ਵਿਚਲੀਆਂ ਇਸਤਰੀ ਪਾਤਰਾਂ ਆਰਥਿਕ ਸੰਕਟ ਵਿਚ ਵੇਸਵਾ ਬਣਨ ਉਤੇ ਮਜਬੂਰ ਹਨ।[103] ਅਜਿਹੇ ਹੀ ਪਾਤਰਾਂ ਨੂੰ ਸੁਜਾਨ ਸਿੰਘ ਨੇ ਕਹਾਣੀ-ਸੰਗ੍ਰਹਿ 'ਮਨੁੱਖ ਤੇ ਪਸ਼ੂ' ਦੀਆਂ ਕੁਝ ਕਹਾਣੀਆਂ ਵਿਚ ਜਾਂ 'ਡੇਢ ਆਦਮੀ' ਦੀ ਕਹਾਣੀ 'ਨੇੜੇ ਨੇੜੇ' ਵਿਚ ਸੰਘਰਸ਼ ਵਿਚ ਪਏ ਦਿਖਾਇਆ ਹੈ।

---

98. ਸੰਤ ਸਿੰਘ ਸੇਖੋਂ — ਕਾਮੇ ਤੇ ਯੋਧੇ (1950), ਸਫ਼ਾ 96.
99. ਸੁਜਾਨ ਸਿੰਘ — ਸਭ ਰੰਗ (ਨਵਾਂ ਰੂਪ : 1962), ਸਫ਼ਾ 125.
100. ਉਹੀ — ਮਨੁੱਖ ਤੇ ਪਸ਼ੂ (ਦੂਜਾ ਐਡੀਸ਼ਨ : 1958), ਸਫ਼ਾ 26.
101. ਉਹੀ — ਡੇਢ ਆਦਮੀ (1955), ਸਫ਼ਾ 121.
102. ਉਹੀ, ਸਫ਼ਾ 105.
103. ਉਹੀ, ਸਫ਼ਾ 46,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਝ ਹੋਰ ਲੇਖਕਾਂ ਨੇ ਵੀ ਇਸ ਵੰਨਗੀ ਦੀਆਂ ਕਹਾਣੀਆਂ ਲਿਖੀਆਂ। ਹਰਚਰਨ ਸਿੰਘ ਦੀ ਕਹਾਣੀ 'ਜਦੋਂ ਲੋਕੀ' ਸੁੱਤੇ ਪਏ ਸਨ' ਵਿਚ ਜਿਥੇ ਗ਼ਰੀਬ ਭਾਰਤੀ ਨਿਰਾਸ਼ ਦਿਖਾਏ ਗਏ ਹਨ, ਉਥੇ ਇਕ ਟਾਂਗੇ ਵਾਲਾ ਜਮਾਂਦਾਰ ਨੂੰ ਕਹਿੰਦਾ ਹੈ — 'ਬੇਹੌਸਲਾ ਨਾ ਹੋ ਜਮਾਂਦਾਰਾ, ਸਾਡੀ ਕਿਸਮਤ ਵੀ ਪਲਟਣ ਵਾਲੀ ਹੈ।''[104] ਇਸੇ ਲੇਖਕ ਦੀ ਕਹਾਣੀ 'ਨਵੀਂ ਰੁੱਤ' ਗ਼ਰੀਬਾਂ ਦੀ ਮੰਦ-ਹਾਲੀ ਦੀ ਸਥਿਤੀ ਵਿਚ ਉਨ੍ਹਾਂ ਨੂੰ ਵਿਸ਼ਵਾਸ ਦਿਵਾਉਂਦੀ ਹੈ — ''ਜਦੋਂ ਮਨੁੱਖ ਮਨੁੱਖ ਦੇ ਜੀਵਨ ਵਿਚ ਅੰਨਾ ਫ਼ਰਕ ਪੈ ਜਾਵੇ, ਫੇਰ ਜ਼ਰੂਰ ਕੁਝ ਹੋ ਕੇ ਰਹਿੰਦਾ ਹੈ। ਹਉਕੇ ਨਾ ਲੈ ਸਗੋਂ ਤਕੜਾ ਹੋ। ਤੇਰਾ ਅਸਲੀ ਨਵਾਂ ਜੀਵਨ ਅਜੇ ਸ਼ੁਰੂ ਹੋਣਾ ਏ।''[105]

ਲੋਚਨ ਬਖ਼ਸ਼ੀ ਦੀ ਕਹਾਣੀ 'ਭੁੱਖ'[106] ਵਿਚ ਗ਼ਰੀਬਾਂ ਦੀ ਮੰਦ-ਹਾਲੀ ਤੇ ਭੁੱਖ ਵਿਚੋਂ ਆਉਣ ਵਾਲੇ ਇਨਕਲਾਬ ਦਾ ਕਿਆਸ ਕੀਤਾ ਗਿਆ ਹੈ। ਇਕ ਪਾਤਰ ਕਹਿੰਦਾ ਹੈ — ''ਇਕ ਸ਼ੁਅਲੇ ਦੀ ਲੋੜ ਹੈ, ਇਕ ਚਿਣਗ ਦੀ, ਤੇ ਫੇਰ ਇਹ ਕੱਖਾਂ ਦੀਆਂ ਕੁੱਲੀਆਂ ਆਪ ਹੀ ਅੱਗ ਪਕੜ ਲੈਣਗੀਆਂ, ਗਰੀਬ ਲੋਕ ਜਾਗ ਪੈਣਗੇ, ਮਜ਼ਦੂਰ ਹੁਸ਼ਿਆਰ ਹੋ ਜਾਣਗੇ।''

ਕੁਲਦੀਪ ਸਿੰਘ ਸੂਰੀ ਦੀ ਕਹਾਣੀ 'ਸੁਪਨਿਆਂ ਦੀ ਮੌਤ' ਇਹ ਆਸ਼ਾ ਪੈਦਾ ਕਰਦੀ ਹੈ ਕਿ ਅਗਲੀਆਂ ਚੋਣਾਂ ਵਿਚ ਮਜ਼ਦੂਰ ਲੋਕ ਜਿਤਣਗੇ ਅਤੇ ਇਉਂ ਰਾਮਰਾਜ ਸਥਾਪਤ ਹੋਵੇਗਾ।[107] ਵਿਧਾਤਾ ਸਿੰਘ ਤੀਰ ਦੀ ਰਚਨਾ 'ਦਾਣੇ'[108] ਵਿਚ ਜਾਗੀਰਦਾਰ ਦੀ ਲੁੱਟ ਦਾ ਸ਼ਿਕਾਰ ਹੋਏ ਰੁਲਦੂ ਦੀਆਂ ਅੱਖਾਂ ਵਿਚ ਚੰਗਿਆੜੇ ਹਨ ਅਤੇ ਉਸ ਦੇ ਦੁਖ ਨੂੰ ਆਸ਼ਾ ਵਿਚ ਬਦਲਦਾ ਹੋਇਆ ਕਹਾਣੀਕਾਰ ਸੰਕੇਤ ਦਿੰਦਾ ਹੈ ਕਿ ਅਗਲੀ ਫ਼ਸਲ ਕਿਸਾਨ ਦੀ ਹੀ ਹੋਵੇਗੀ।

ਸਾਡੇ ਲੇਖਕਾਂ ਨੂੰ ਇਨ੍ਹਾਂ ਵਰ੍ਹਿਆਂ ਵਿਚ ਸਮਾਜਵਾਦੀ ਕ੍ਰਾਂਤੀ ਨੇੜੇ ਹੀ ਜਾਪਦੀ ਸੀ।[109] 'ਜਣਨੀ' ਕਹਾਣੀ ਵਿਚ ਵਿਦਿਆਰਥੀ ਆਗੂ ਆਪਣੀ ਗਰਭਵਤੀ ਪਤਨੀ ਨੂੰ

---

104. ਹਰਚਰਨ ਸਿੰਘ — ਨਵੀਂ ਸਵੇਰ (1955), ਸਫ਼ਾ 96.

105. ਉਹੀ, ਸਫ਼ਾ 75.

106. ਲੋਚਨ ਬਖ਼ਸ਼ੀ — ਵਰ ਤੇ ਸਰਾਪ (1954), ਸਫ਼ਾ 175.

107. ਮਾਸਕ ਪੱਤਰ ਲੋਕ ਸਾਹਿਤ (ਜਨਵਰੀ 1952 ਈ.), ਸਫ਼ਾ 78.

108. ਉਹੀ, (ਜਨਵਰੀ 1950 ਈ.), ਸਫ਼ਾ 66.

109. ''ਮੈਨੂੰ ਆਸ ਉਨ੍ਹਾਂ ਲੋਕਾਂ ਪਾਸੋਂ ਹੈ, ਜੋ ਆਪਣਾ ਭੁੱਖਾ ਢਿੱਡ ਘੁੱਟਦੇ ਹਨ, ਜੋ ਪਾਟੇ ਕਪੜਿਆਂ ਨੂੰ ਸੀ ਕੇ, ਟਾਕੀਆਂ ਲਾ ਕੇ ਵੀ ਆਪਣਾ ਨੰਗ ਢੱਕਦੇ ਹਨ, ਪਰ ਜੋ ਕਰਦੇ ਹੋਏ ਦੰਦ ਵੱਟ ਕੇ ਆਪਣੇ ਦੁਸ਼ਮਣਾਂ ਵਲ ਕਿਸੇ ਪੱਕੇ ਇਰਾਦੇ ਨਾਲ ਤੱਕਦੇ ਹਨ, ਜਿਨ੍ਹਾਂ ਦੇ ਮਨਾਂ ਵਿਚ ਰੋਸ ਹੈ, ਰੋਹ ਹੈ... ਥੋੜੇ ਸ਼ਬਦਾਂ ਵਿਚ ਜੋ ਲੋਕ ਇਨਕਲਾਬ ਦੇ ਸਿਪਾਹੀ ਬਣ ਸਕਦੇ ਹਨ।''

— ਸੰਤ ਸਿੰਘ ਸੇਖੋਂ

— ਅੱਧੀ ਵਾਟ (ਭੂਮਿਕਾ), ਸਫ਼ਾ 15.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਸਪਤਾਲ ਵਿਚ ਮਿਲਣ ਆਇਆ ਸੋਚਦਾ ਹੈ — "ਮੈਨੂੰ ਤਾਂ ਕੋਈ ਫ਼ਰਕ ਨਹੀਂ ਦਿਸਦਾ ਮੁੰਡਾ ਹੋਵੇ, ਕੁੜੀ ਹੋਵੇ, ਉਸ ਦੇ ਵੱਡੇ ਹੋਣ ਤੱਕ ਇਨਕਲਾਬ ਆ ਚੁੱਕਾ ਹੋਵੇਗਾ। ਇਸਤਰੀ ਮਰਦ ਬਰਾਬਰ ਹੋਣਗੇ, ਹਰ ਗੱਲ ਵਿਚ। ਪੁੱਤਰ ਨੂੰ ਧੀ ਨਾਲੋਂ ਵਧੇਰੇ ਲੋਚਣਾ ਅਸਲ ਵਿਚ ਤਾਂ ਸਾਡੇ ਸਮਾਜ ਦੇ ਵਹਿਸ਼ੀਪਣ ਦਾ ਹੀ ਇਕ ਸਬੂਤ ਹੈ..... ।"[110]

ਸੇਖੋਂ ਦੀ ਇਕ ਹੋਰ ਕਹਾਣੀ 'ਕੰਮ ਕਿ ਚੰਮ'[111] ਵਿਚ ਮੂੰਹ ਉਤੇ ਮਾਤਾ ਦੇ ਦਾਗ਼ਾਂ ਵਾਲੀ ਮੁਟਿਆਰ ਅੰਬਾ ਨੂੰ ਕਈ ਨੌਜਵਾਨ ਰੱਦ ਕਰ ਜਾਂਦੇ ਹਨ, ਕੁੜੀ ਵੀ ਨਿਰਾਸ਼ ਹੋ ਜਾਂਦੀ ਹੈ, ਤੇ ਘਰ ਵਾਲੇ, ਪਰ ਜਦੋਂ ਕੁੜੀ ਹੌਸਲਾ ਕਰ ਕੇ ਇਕ ਟਰਾਂਸਪੋਰਟ ਕੰਪਨੀ ਵਿਚ ਬੱਸ ਕੰਡਕਟਰ ਲੱਗ ਜਾਂਦੀ ਹੈ, ਮਾੜੇ ਚੰਗੇ ਪੁਰਖਾਂ ਨਾਲ ਸਿਆਣਪ ਨਾਲ ਨਿਪਟਦੀ ਤੇ ਮਹੀਨਾ ਪੂਰਾ ਕਰ ਕੇ ਪਹਿਲੀ ਤਨਖ਼ਾਹ ਵੀ ਲੈ ਆਉਂਦੀ ਹੈ, ਤਾਂ ਅੰਬਾ ਨੂੰ ਹੁਣ ਆਪਣਾ ਸਰੀਰ ਪਹਿਲੇ ਨਾਲੋਂ ਸੋਹਣਾ ਲੱਗਣ ਲੱਗ ਪੈਂਦਾ ਹੈ। ਰੱਦ ਕਰ ਗਏ ਪੁਰਖਾਂ ਵਿਚੋਂ ਹੀ ਇਕ ਪੁਰਖ ਵਲੋਂ ਵਿਆਹ ਦੀ ਤਜਵੀਜ਼ ਵੀ ਆ ਜਾਂਦੀ ਹੈ।

ਇਉਂ ਸੇਖੋਂ ਨਿਰਾਸ਼ਾ ਭਰੇ ਰਾਸ਼ਟਰੀ ਹਾਲਾਤ ਵਿਚ ਵੀ ਮਿਹਨਤੀ ਮਨੁੱਖਾਂ ਲਈ ਆਸ਼ਾ ਦੀ ਕਿਰਨ ਜਗਾਈ ਰੱਖਣਾ ਚਾਹੁੰਦਾ ਹੈ। ਉਸ ਨੂੰ ਮਨੁੱਖੀ ਸਮਾਜ ਦੇ ਬਿਹਤਰੀ ਵੱਲ ਜਾਣ ਦਾ ਸਮਾਜਵਾਦੀ ਭਰੋਸਾ ਹੈ। ਇਸੇ ਕਰਕੇ ਉਹ ਹਾਰੇ ਹੋਏ ਕਿਸਾਨ ਬਿਜੇ ਸਿੰਘ ਦੀ ਮੌਤ ਉਤੇ, ਉਸ ਦੀ ਬੀਤੀ ਜ਼ਿੰਦਗੀ ਉਤੇ ਪਰਤਵੀਂ ਝਾਤੀ ਮਾਰਦਾ ਹੋਇਆ, 'ਇਕ ਯੋਧੇ ਦਾ ਚਲਾਣਾ'[112] ਕਹਾਣੀ ਵਿਚ ਉਸ ਨੂੰ 'ਯੋਧਾ' ਹੀ ਕਹਿੰਦਾ ਹੈ।

ਸੁਜਾਨ ਸਿੰਘ ਨੇ ਵੀ ਸੰਘਰਸ਼ਸ਼ੀਲ ਪਾਤਰਾਂ ਨੂੰ ਚਿਤਰਿਆ। ਉਸ ਦੀ ਰਚਨਾ 'ਨੇੜੇ ਨੇੜੇ'[113] ਵਿਚ ਰਿਆਸਤਾਂ ਖ਼ਤਮ ਹੋਣ ਤੋਂ ਬਾਅਦ, ਸੁਤੰਤਰ ਭਾਰਤ ਵਿਚ, ਜਿਥੇ ਰਾਜੇ ਰਾਜ ਭਾਗ ਗੁਆ ਬੈਠੇ, ਉਥੇ ਉਨ੍ਹਾਂ ਦੇ ਪੁਰਾਣੇ ਵਫ਼ਾਦਾਰ ਉਚ-ਅਧਿਕਾਰੀ ਜਗੀਰਾਂ ਤੇ ਸੁਖ-ਰਹਿਣੀ ਜ਼ਿੰਦਗੀ ਤੋਂ ਵੰਚਿਤ ਹੋ ਗਏ। ਨਤੀਜਾ ਇਹ ਹੋਇਆ ਕਿ ਸਿੰਘਾਪੁਰ ਰਿਆਸਤ ਦੇ ਰਾਜੇ ਦੀ ਤਾਂ ਰਿਆਸਤ ਹੀ ਗਈ, ਪਰ ਇਸੇ ਨਗਰ ਦੇ ਇਕ ਰਾਜਪੂਤ ਜ਼ਿਮੀਦਾਰ ਨੇ ਆਪਣੀ ਪਹਿਲੇ ਵਾਲੀ ਰਾਜਪੂਤੀ ਆਕੜ ਕਾਇਮ ਰਖਦਿਆਂ ਆਪਣੇ ਆਪ ਨੂੰ ਇੱਨਾ ਕਰਜ਼ਾਈ ਕਰ ਲਿਆ ਕਿ ਉਸ ਨੂੰ ਆਪਣੇ ਹੋਣਹਾਰ ਸਪੁੱਤਰ ਸ਼ਮਸ਼ੇਰ ਨੂੰ ਪੜਨੋਂ ਹਟਾ ਕੇ ਪੰਜਾਬ ਦੇ ਕਿਸੇ ਮੈਦਾਨੀ ਸ਼ਹਿਰ ਵਿਚ ਕਿਸੇ ਵਪਾਰੀ ਦੇ ਘਰ ਵਿਚ ਮੁੰਡੂ ਬਨਾਉਣਾ ਪਿਆ। ਪਰ ਚੰਗੇ ਭਾਗਾਂ ਨੂੰ ਸ਼ਮਸ਼ੇਰ ਨੂੰ ਸੁਤੰਤਰ ਭਾਰਤ ਵਿਚ ਪੂੰਜੀਵਾਦੀ

---

110. ਸੰਤ ਸਿੰਘ ਸੇਖੋਂ — ਕਾਮੇ ਤੇ ਯੋਧੇ (1950), ਸਫ਼ਾ 97-8.
111. ਉਹੀ — ਅੱਧੀ ਵਾਟ (1954), ਸਫ਼ਾ 41.
112. ਉਹੀ — ਕਾਮੇ ਤੇ ਯੋਧੇ (1950), ਸਫ਼ਾ 9.
113. ਸੁਜਾਨ ਸਿੰਘ — ਡੇਢ ਆਦਮੀ (1955), ਸਫ਼ਾ 53.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥਚਾਰੇ ਵਿਚ ਪੈਦਾ ਹੋ ਰਹੇ ਨਵੇਂ ਮੌਕਿਆਂ ਦੀ ਸਮਝ ਆ ਗਈ। ਉਹ ਘਰੋਗੀ ਨੌਕਰ ਦੀ ਨੌਕਰੀ ਛੱਡ ਕੇ ਫ਼ੈਕਟਰੀ ਮਜ਼ਦੂਰ ਬਣਿਆਂ, ਰਾਤਾਂ ਨੂੰ ਪੜ੍ਹਾਈ ਕਰਨ ਲੱਗਾ। ਮਜ਼ਦੂਰ ਯੂਨੀਅਨ ਦਾ ਨੇਤਾ ਬਣਿਆਂ। ਪੈਸੇ ਬਚਾ ਕੇ ਪਿਓ ਦੀ ਗਹਿਣੇ ਪਈ ਜ਼ਮੀਨ ਛੁਡਾਈ। ਨਗਰ ਦਾ ਨਵੀਂ ਕਿਸਮ ਦਾ ਪਤਵੰਤਾ ਕਿਸਾਨ ਬਣਿਆਂ, ਜਿਸ ਨੂੰ ਦੇਖ ਕੇ ਸਾਬਕਾ ਰਾਜੇ ਦੇ ਭਰਾ ਦੀ ਧੀ ਰਾਜਕੁਮਾਰੀ ਚੰਦਰਾ, ਜੋ ਹੁਣ ਆਮ ਕੁੜੀਆਂ ਵਾਂਗ ਨਗਰ ਵਿਚ ਤੁਰਦੀ ਫਿਰਦੀ ਹੈ, ਸ਼ਮਸ਼ੇਰ ਦੇ ਘਰ ਆਉਂਦੀ ਹੈ ਅਤੇ ਉਸ ਨਾਲ ਵਿਆਹ ਕਰਾਉਣ ਲਈ ਤਿਆਰ ਹੈ। ਲੇਖਕ ਜਜ਼ਬਾਤੀ ਢੰਗ ਨਾਲ ਸਿੱਧ ਕਰਦਾ ਹੈ ਕਿ ਰਾਜੇ ਤੇ ਜਗੀਰਦਾਰ ਆਪਣਾ ਵਕਤ ਵਿਹਾ ਗਏ ਹਨ। ਹੁਣ ਆਮ ਮਨੁੱਖ ਦਾ ਯੁੱਗ ਆ ਰਿਹਾ ਹੈ, ਪੂੰਜੀਪਤੀਆਂ ਦਾ ਯੁੱਗ ਵੀ ਨਹੀਂ ਰਹਿਣਾ।

ਸੁਜਾਨ ਸਿੰਘ ਦੀ ਇਕ ਹੋਰ ਕਹਾਣੀ 'ਇਕੋ ਰਸਤਾ,'[114] ਵਿਚ ਮਿਲਖੀ ਮਹਿਰੇ ਦੀ ਧੀ ਬਿਮਲਾ, ਮਾਂ ਪਿਓ ਦੀ ਨੀਵੀਂ ਜਾਤ ਅਤੇ ਗ਼ਰੀਬੀ ਹੋਣ ਦੇ ਬਾਵਜੂਦ, ਵਿਦਿਆ ਪ੍ਰਾਪਤ ਕਰਦੀ ਹੈ। ਲਾਇਕ ਹੋਣ ਕਰਕੇ ਉਸ ਨੂੰ ਵਜ਼ੀਫ਼ੇ ਮਿਲਦੇ ਰਹਿੰਦੇ ਹਨ, ਜਿਸ ਕਰਕੇ ਕਾਲਜ ਦੀ ਉੱਚੀ ਵਿਦਿਆ ਵੀ ਹਾਸਲ ਕਰਦੀ ਹੈ। ਪਰ ਪੁਰਾਣੀ ਸਭਿਅਤਾ ਵਿਚ ਪਲੇ ਪਿੰਡ ਦੇ ਉੱਚੀਆਂ ਜਾਤਾਂ ਦੇ ਅਮੀਰ ਤੇ ਅਭਿਮਾਨੀ ਲੋਕ ਉਸ ਨੂੰ 'ਮਹਿਰਿਆਂ ਦੀ ਕੁੜੀ' ਹੋਣ ਦੀਆਂ ਬੋਲੀਆਂ ਮਾਰਦੇ ਹਨ, ਪਰ ਕਾਲਜ ਪੜ੍ਹਦਿਆਂ ਉਸ ਦਾ ਵਾਹ 'ਸਮਾਜਵਾਦ' ਵਿਚ ਵਿਸ਼ਵਾਸ ਰੱਖਣ ਵਾਲੇ ਬੁੱਧੀਮਾਨਾਂ ਤੇ ਪਾਰਟੀ ਵਰਕਰਾਂ ਨਾਲ ਪੈਂਦਾ ਹੈ, ਜੋ ਜ਼ਾਤ ਪਾਤ ਤੇ ਅਮੀਰ ਗਰੀਬ ਦੇ ਵਿਤਕਰੇ ਨੂੰ ਨਹੀਂ ਮੰਨਦੇ, ਸਗੋਂ ਇਸ ਦੇ ਖ਼ਿਲਾਫ਼ ਲੜਦੇ ਹਨ। ਬਿਮਲਾ ਵੀ ਉਨ੍ਹਾਂ ਨਾਲ ਮਿਲ ਕੇ ਸਮਾਜਵਾਦੀ ਅੰਦੋਲਨਾਂ ਵਿਚ ਹਿੱਸਾ ਲੈਂਦੀ ਹੈ। ਅੰਗਰੇਜ਼ੀ ਦੇ ਪ੍ਰੋਫ਼ੈਸਰ ਨਰਿੰਦਰ ਦੀ ਮੁਹੱਬਤ ਜਿੱਤਦੀ ਹੈ। ਇਉਂ ਲੇਖਕ ਇਸ ਕਹਾਣੀ ਵਿਚ ਵੀ ਦੱਬੀ ਕੁਚਲੀ ਸ਼੍ਰੇਣੀ ਦੀ ਕੁੜੀ ਨੂੰ ਕੁੱਝ ਵਿਦਿਆ ਤੇ ਗਿਆਨ ਦੇ ਰਾਹੀਂ, ਤੇ ਕੁੱਝ ਸਮਾਜਵਾਦੀ ਸੰਗਠਨ ਵਿਚ ਸ਼ਾਮਲ ਹੋ ਕੇ ਕੀਤੇ ਅੰਦੋਲਨ ਰਾਹੀਂ, ਚੜ੍ਹਦੀ ਕਲਾ ਵਿਚ ਜਾਂਦਿਆਂ ਦਿਖਾਉਂਦਾ ਹੈ।

ਇਸੇ ਲੇਖਕ ਦੀ ਇਕ ਹੋਰ ਕਹਾਣੀ 'ਕਪੂਰ ਤੇ ਮਜ਼ਦੂਰ'[115] ਵਿਚ ਵੀ ਪੁਰਾਣੇ ਸਮਾਜ ਦੇ ਰਿਸ਼ਤੇ ਟੁੱਟਦੇ ਤੇ ਨਵੇਂ ਰਿਸ਼ਤੇ ਜੁੜਦੇ ਦਿਖਾਏ ਗਏ ਹਨ। 'ਕਪੂਰ ਸਪਿੰਨਿੰਗ ਮਿਲਜ਼' ਦੇ ਮਾਲਕ 'ਕਪੂਰ' ਜਾਤੀ ਦੇ ਹਨ। ਇਸ ਮਿਲ ਵਿਚ ਕੰਮ ਕਰਦਾ ਮਿਸਤਰੀ ਕਰਮ ਚੰਦ ਵੀ 'ਕਪੂਰ' ਸੀ। ਸੋ, ਉਹ ਮਾਲਕਾਂ ਦੇ ਨੇੜੇ ਹੋ ਗਿਆ। ਨਿੱਕੇ ਮੋਟੇ ਲਾਭ ਵੀ ਮਿਲਦੇ ਰਹੇ, ਪਰ 13 ਫ਼ਰਵਰੀ, 1950 ਵਾਲੇ ਦਿਨ, ਮਾਲਕਾਂ ਲਈ ਬਹੁਤੀ ਉਪਜ ਹਾਸਲ ਕਰਨ ਦੇ ਲਾਲਚ ਦਾ ਸ਼ਿਕਾਰ ਹੋ ਕੇ, ਕਰਮਚੰਦ ਦੀਆਂ ਤਿੰਨ ਉਂਗਲਾਂ ਮਸ਼ੀਨ ਨਾਲ

---

114. ਸੁਜਾਨ ਸਿੰਘ — ਮਨੁੱਖ ਤੇ ਪਸ਼ੂ (ਦੂਜਾ ਐਡੀਸ਼ਨ : 1958), ਸਫ਼ਾ 29.
115. ਉਹੀ, ਸਫ਼ਾ 157.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੱਟੀਆਂ ਜਾਂਦੀਆਂ ਹਨ। ਇਸ ਵੇਲੇ ਮਾਲਕਾਂ ਨੇ ਪਹਿਲਾਂ ਵਾਲੀ ਹੀ ਚਾਲਾਕੀ ਰਾਹੀਂ ਹਮਦਰਦੀ ਤੇ ਅਪਣੱਤ ਦਿਖਾ ਕੇ, ਉਸ ਨੂੰ ਪ੍ਰਾਈਵੇਟ ਡਾਕਟਰ ਪਾਸ ਭੇਜ ਕੇ, ਇਲਾਜ ਕਰਵਾਇਆ ਸੀ, ਪਰ ਪਿੱਛੋਂ ਕਰਮ ਚੰਦ ਨੂੰ ਗਿਆਨ ਹੋਇਆ ਕਿ ਮਾਲਕਾਂ ਨੇ ਕਾਗ਼ਜ਼ਾਂ ਵਿਚ ਮਿਲ ਵਿਚ ਹੋਇਆ ਹਾਦਸਾ ਦਿਖਾਇਆ ਹੀ ਨਹੀਂ। ਸੋ ਕਾਨੂੰਨ ਤੌਰ 'ਤੇ ਮਿਲਣ ਵਾਲੀ ਮੁਆਵਜ਼ੇ ਦੀ ਰਕਮ ਮਾਲਕ ਡਕਾਰ ਗਏ। ਕਰਮ ਚੰਦ ਦੇ ਫ਼ਰਿਆਦ ਕਰਨ ਗਿਆਂ ਮਾਲਕਾਂ ਨੇ ਹਮਦਰਦੀ ਕਰਨ ਦੀ ਥਾਂ ਉਸ ਨੂੰ ਨੌਕਰੀ ਤੋਂ ਗ਼ੈਰਹਾਜ਼ਰ ਦਿਖਾ ਕੇ ਜਵਾਬ ਦੇ ਦਿੱਤਾ। ਹੁਣ ਉਸ ਨੂੰ ਪਤਾ ਲੱਗਾ ਕਿ ਉਸ ਦੀ ਬਰਾਦਰੀ ਮਾਲਕ ਕਪੂਰ ਵਾਲੀ ਨਹੀਂ ਹੈ, ਮਿਲ ਵਿਚ ਕੰਮ ਕਰਦੇ ਮਜ਼ਦੂਰਾਂ ਵਾਲੀ ਹੈ। ਭਾਵੇਂ ਉਹ ਯੂਨੀਅਨ ਤੋਂ ਹੁਣ ਤੱਕ ਨਾਬਰ ਰਿਹਾ ਸੀ, ਪਰ ਉਸ ਨੂੰ ਮੁਆਵਜ਼ੇ ਦੀ ਰਕਮ ਤੇ ਨੌਕਰੀ ਦੋਹਾਂ ਤੋਂ ਇਨਕਾਰ ਹੁੰਦਾ ਦੇਖ ਕੇ ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ। ਅਖ਼ੀਰ ਵਧੇਰੇ ਨੁਕਸਾਨ ਹੁੰਦਾ ਦੇਖ ਕੇ ਮਾਲਕਾਂ ਨੂੰ ਮਿਸਤਰੀ ਕਰਮ ਚੰਦ ਨੂੰ ਮੁਆਵਜ਼ਾ ਤੇ ਨੌਕਰੀ ਦੇਣੀ ਪਈ।

ਇਸ ਕਹਾਣੀ ਵਿਚ ਸੁਜਾਨ ਸਿੰਘ 'ਪੂੰਜੀਵਾਦ 'ਤੇ 'ਸਮਾਜਵਾਦ' ਦਾ ਫ਼ਰਕ ਵਿਚਾਰਦਾ ਹੋਇਆ ਕਹਿੰਦਾ ਹੈ —

> "ਮਸ਼ੀਨ ਆਦਮੀ ਦਾ ਹਥਿਆਰ ਹੈ, ਔਜ਼ਾਰ ਹੈ, ਕੁਦਰਤ ਨੂੰ ਜਿੱਤਣ ਲਈ। ਆਦਮੀਆਂ ਨੇ ਸਮੁੰਦਰ ਨੂੰ ਜਿੱਤ ਲਿਆ ਹੈ, ਹਵਾ 'ਤੇ ਜਿੱਤ ਪ੍ਰਾਪਤ ਕਰ ਲਈ ਹੈ। ਪਹਾੜਾਂ ਨੂੰ ਚੀਰ ਸੁੱਟਿਆ ਹੈ, ਤੇ ਦਰਿਆਵਾਂ ਨੂੰ ਬੰਨ੍ਹ ਲਿਆ ਹੈ। ਮਸ਼ੀਨ ਆਦਮੀ ਦੇ ਕਾਬੂ ਵਿਚ ਹੋਣੀ ਚਾਹੀਦੀ ਹੈ। ਮਸ਼ੀਨ ਨਫ਼ੇ ਲਈ ਚਲੇਗੀ (ਜਿਵੇਂ ਪੂੰਜੀਵਾਦੀ ਸਥਿਤੀ ਵਿਚ ਹੁੰਦਾ ਹੈ) ਤਾਂ ਆਦਮੀ ਉਸ ਦੇ (ਮਸ਼ੀਨ ਦੇ) ਕਾਬੂ ਵਿਚ ਹੋਵੇਗਾ, ਪਰ ਜੇ ਮਨੁੱਖ ਸਮਾਜਕ ਤੌਰ 'ਤੇ ਕਾਬੂ ਕਰ ਕੇ ਚਲਾਏਗਾ, (ਜਿਵੇਂ 'ਸਮਾਜਵਾਦੀ ਸਮਾਜ' ਵਿਚ), ਤਾਂ ਮਨੁੱਖ ਦੇ ਸੁਖ ਲਈ ਚਲਾਏਗਾ।... ਕਿਸਾਨ ਤੇ ਮਜ਼ਦੂਰ ਦਾ ਪੈਦਾਵਾਰ ਦੇ ਸਾਧਨਾਂ 'ਤੇ ਕਬਜ਼ਾ ਕਰਨ ਲਈ ਲੜਨਾ ਉਨ੍ਹਾਂ ਦੇ ਹੱਕ ਲਈ ਲੜਨਾ ਹੈ, ਤੇ ਉਸ ਵਿਚ ਸਾਰਿਆਂ ਦਾ ਸੁਖ ਹੈ।"[116]

ਕਮਿਊਨਿਸਟ ਪਾਰਟੀ ਤੇ ਸੋਸ਼ਲਿਸਟ ਪਾਰਟੀ ਦੀ ਅਗਵਾਈ ਵਿਚ ਸਮਾਜਕ ਕ੍ਰਾਂਤੀ ਲਈ ਜੋ ਨਿੱਕੇ ਵੱਡੇ ਅੰਦੋਲਨ ਹੋ ਰਹੇ ਸਨ, ਜਾਂ ਲੇਖਕਾਂ ਨੂੰ ਹੋਣ ਦੀ ਆਸ ਸੀ, ਉਨ੍ਹਾਂ ਦਾ ਸਾਡੇ ਕਹਾਣੀਕਾਰਾਂ ਨੇ ਕਦੀ ਕਦੀ ਯਥਾਰਥਕ ਰੂਪ ਵਿਚ, ਪਰ ਬਹੁਤ ਵਾਰ ਰੁਮਾਂਟਿਕ ਤੇ ਆਦਰਸ਼ਵਾਦੀ ਰੂਪ ਵਿਚ ਵਰਨਣ ਕੀਤਾ ਹੈ। ਇਹ ਵਰਨਣ ਕਰਨਾ 1947 ਤੋਂ 60 ਈ: ਦੇ ਸਮੇਂ ਦੀ ਇਕ ਪ੍ਰਧਾਨ ਸਾਹਿਤਕ ਪ੍ਰਵਿਰਤੀ ਹੈ।

---

116. ਸੁਜਾਨ ਸਿੰਘ — ਮਨੁੱਖ ਤੇ ਪਸ਼ੂ (ਦੂਜਾ ਐਡੀਸ਼ਨ : 1958), ਸਫ਼ਾ 164.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਚਨ ਬਖ਼ਸ਼ੀ ਦੀ ਕਹਾਣੀ 'ਵਰ ਤੇ ਸਰਾਪ'[117], ਸਵਿੰਦਰ ਸਿੰਘ ਉਪੱਲ ਦੀ ਕਹਾਣੀ 'ਢਹਿੰਦੇ ਮੁਨਾਰੇ'[118], ਹਰਨਾਮ ਸਿੰਘ ਨਾਜ਼ ਦੀ ਰਚਨਾ 'ਕਾਲਾ ਨਾਗ'[119] ਅਤੇ ਬਲਬੀਰ ਸਿੰਘ ਦੀ ਕਹਾਣੀ 'ਰਾਤ ਬੀਤ ਰਹੀ ਹੈ'[120] ਭਾਰਤੀ ਲੋਕਾਂ ਨੂੰ ਸਰਮਾਏਦਾਰਾਂ ਅਤੇ ਜ਼ਿਮੀਦਾਰਾਂ ਦੀ ਲੁੱਟ-ਖਸੁੱਟ ਵਿਰੁਧ ਕਿਰਤੀ ਤੇ ਕਿਸਾਨ ਸਭਾਵਾਂ ਰਾਹੀਂ ਸੰਘਰਸ਼ ਕਰਦੇ ਦਰਸਾਉਂਦੀਆਂ ਹਨ।

ਉੱਪਲ ਦੀ ਕਹਾਣੀ 'ਢਹਿੰਦੇ ਮੁਨਾਰੇ' ਵਿਚ, ਪਿੰਡ ਦੇ ਲੋਕਾਂ ਨੂੰ ਰੂਸ ਜਿਹੀ ਖ਼ੁਸ਼ਹਾਲੀ ਦਾ ਸੁਪਨਾ ਦਿਖਾਉਂਦਾ ਹੋਇਆ ਇਕ ਮਾਸਟਰ ਕਹਿੰਦਾ ਹੈ — "ਰੂਸ ਵਿਚ ਕੋਈ ਭੁਖਾ ਨਹੀਂ ਹੁੰਦਾ, ਹਰ ਇਕ ਨੂੰ ਰਜਵੀਂ ਰੋਟੀ ਮਿਲਦੀ ਹੈ। ਉਥੇ ਨਾ ਤਾਂ ਕੋਈ ਅਜਿਹਾ ਨਿਕੰਮਾ ਬੈਠ ਕੇ ਖਾਣ ਵਾਲਾ ਸੋਠ ਹੈ ਜਿਸ ਦੀ ਜ਼ਮੀਨ ਹਜ਼ਾਰਾਂ ਬਿੱਘੇ ਹੋਵੇ ਅਤੇ ਜੋ ਕਾਮਿਆਂ ਦੀ ਮਿਹਨਤ ਉਤੇ ਡਕਾਰ ਮਾਰੇ, ਅਤੇ ਨਾ ਹੀ ਕੋਈ ਅਜਿਹਾ ਲੱਖਪਤੀ ਹੈ ਜੋ ਸੂਦ 'ਤੇ ਹੀ ਸਾਰੀ ਉਮਰ ਐਸ਼ ਕਰਦਾ ਰਹੇ। ਉਥੇ ਹਰ ਇਕ ਇਨਸਾਨ ਕੰਮ ਕਰਨਾ ਆਪਣਾ ਫ਼ਰਜ਼ ਸਮਝਦਾ ਹੈ। ਇਸੇ ਤਰ੍ਹਾਂ ਜਦੋਂ ਤੱਕ ਭਾਰਤ ਦੇ ਗ਼ਰੀਬ ਕਿਸਾਨ ਲਈ ਕੋਈ ਪੱਕਾ ਹੱਲ ਨਹੀਂ ਲੱਭਿਆ ਜਾਂਦਾ, ਉੱਨਾ ਚਿਰ ਭਾਰਤ ਦੇ ਗ਼ਰੀਬ ਵਸਨੀਕ ਆਜ਼ਾਦ ਹੋ ਜਾਣ 'ਤੇ ਵੀ ਖ਼ੁਸ਼ਹਾਲ ਨਹੀਂ ਹੋ ਸਕਦੇ।"

ਸੁਖਬੀਰ ਦੀ ਲਿਖੀ ਤੇ ਪੁਸਤਕ ਰੂਪ ਵਿਚ ਛਪੀ ਕਹਾਣੀ 'ਰਾਤ ਬੀਤ ਰਹੀ ਹੈ'[121] ਅਸਲ ਵਿਚ ਮਾਸਕ ਪੱਤਰ 'ਕਹਾਣੀ' ਵਿਚ ਪਹਿਲਾਂ ਲੇਖਕ ਦੇ ਅਸਲੀ ਨਾਮ 'ਬਲਬੀਰ ਸਿੰਘ' ਹੇਠ ਛਪ ਚੁਕੀ ਇਸੇ ਨਾਮ ਦੀ ਕਹਾਣੀ ਦਾ ਹੀ ਨਵੇਰਾ ਰੂਪ ਹੈ। ਇਹ ਕਹਾਣੀ ਵੀ ਸੰਕੇਤਕ ਢੰਗ ਨਾਲ ਕਮਿਊਨਿਸਟ ਨੌਜਵਾਨਾਂ ਨੂੰ ਰੂਪੋਸ਼ ਹੋ ਕੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਚਲ ਰਹੇ ਕਿਸਾਨ-ਸੰਘਰਸ਼ਾਂ ਦੀ ਅਗਵਾਈ ਕਰਦਿਆਂ ਤੇ ਸਖ਼ਤ ਸਜ਼ਾਵਾਂ ਭੁਗਤਦਿਆਂ ਦਰਸਾਂਦੀ ਹੈ।

ਜਸਵੰਤ ਸਿੰਘ ਕੰਵਲ ਦੀ 'ਡਾਕੂ'[122] ਨਾਂ ਦੀ ਕਹਾਣੀ ਵਿਚ ਤੇਜੂ ਜਿਥੇ ਜਾਗੀਰ-ਦਾਰ ਦੀ ਲੁੱਟ-ਖਸੁੱਟ ਤੋਂ ਪਿੰਡ ਵਾਸੀਆਂ ਨੂੰ ਸੁਚੇਤ ਕਰਦਾ ਹੈ, ਉਥੇ ਜਾਗੀਰਦਾਰ ਨੂੰ ਮਾਰ ਕੇ ਖ਼ੁਦ 'ਸ਼ਹੀਦ' ਹੋ ਜਾਂਦਾ ਹੈ।

---

117. ਲੋਚਨ ਬਖ਼ਸ਼ੀ — ਵਰ ਤੇ ਸਰਾਪ (1954), ਸਫ਼ਾ 52.
118. ਸਵਿੰਦਰ ਸਿੰਘ ਉੱਪਲ — ਢਹਿੰਦੇ ਮੁਨਾਰੇ (1954), ਸਫ਼ਾ 2.
119. ਮਾਸਕ ਪੱਤਰ ਕਹਾਣੀ (ਜੁਲਾਈ 1954 ਈ.), ਸਫ਼ਾ 74.
120. ਉਹੀ, ਸਫ਼ਾ 112.
121. ਸੁਖਬੀਰ — ਡੁੱਬਦਾ ਚੜ੍ਹਦਾ ਸੂਰਜ (1957), ਸਫ਼ਾ 39.
122. ਜਸਵੰਤ ਸਿੰਘ ਕੰਵਲ — ਜ਼ਿੰਦਗੀ ਦੂਰ ਨਹੀਂ (1955), ਸਫ਼ਾ 39.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਡੁੱਬਦਾ ਚੜ੍ਹਦਾ ਸੂਰਜ'[123] ਵਿਚ ਵੀ ਰਾਘਵ ਕਦਮ ਨਾਮ ਦਾ ਨੌਜਵਾਨ ਸਰਮਾਏਦਾਰਾਂ ਤੋਂ ਭਾਰਤ ਮਾਂ ਨੂੰ ਆਜ਼ਾਦ ਕਰਾਉਣ ਦੇ ਯਤਨਾਂ ਵਿਚ ਪਕੜਿਆ ਜਾਂਦਾ ਹੈ ਅਤੇ ਪੁਲੀਸ ਵਲੋਂ ਚਿੱਤੇ ਤਸੀਹੇ ਵੀ ਉਸ ਦੇ ਆਦਰਸ਼ਾਂ ਤੋਂ ਉਸ ਨੂੰ ਨਹੀਂ ਹਿਲਾ ਸਕਦੇ।

ਜਸਵੰਤ ਸਿੰਘ ਕੰਵਲ ਦੀ ਕਹਾਣੀ 'ਬੇਵਫਾ'[124] ਦਾ ਜਨਮੀਤ, ਕਰਤਾਰ ਸਿੰਘ ਸੂਰੀ ਦੀ ਕਹਾਣੀ 'ਲਹੂ ਤੇ ਮੁੜ੍ਹਕਾ'[125] ਦਾ ਸ਼ਿੰਗਾਰਾ ਸਿੰਘ ਵੀ ਅਜਿਹੇ ਜੋਸ਼ੀਲੇ ਨੌਜਵਾਨ ਹਨ, ਜੋ ਆਪਣਾ ਸੱਭ ਕੁਝ ਭੁੱਲ ਕੇ ਕਿਰਤੀਆਂ ਕਿਸਾਨਾਂ ਨੂੰ ਜੱਥੇਬੰਦਕ ਸੰਘਰਸ਼ ਰਾਹੀਂ 'ਅਸਲੀ ਆਜ਼ਾਦੀ' ਵਲ ਲਿਜਾ ਰਹੇ ਹਨ। ਸ਼ਿੰਗਾਰਾ ਸਿੰਘ ਤਾਂ ਚੌਣਾਂ ਦੇ ਦਿਨਾਂ ਵਿਚ ਕਿਰਤੀਆਂ ਤੇ ਕਿਸਾਨਾਂ ਨੂੰ ਪੂੰਜੀਪਤੀਆਂ ਤੇ ਸਰਕਾਰ ਪ੍ਰਤੀ ਸੁਚੇਤ ਕਰਨ ਬਦਲੇ ਗ੍ਰਿਫ਼ਤਾਰ ਹੋ ਜਾਂਦਾ ਹੈ। ਇਸ ਤੋਂ ਪਹਿਲਾਂ ਉਹ ਆਪਣੀ ਨਵ-ਵਿਆਹੀ ਪਤਨੀ ਨੂੰ ਆਪਣੇ ਆਦਰਸ਼ਾਂ ਵਿਚ ਰੁਕਾਵਟ ਬਣਦੀ ਦੇਖ ਕੇ ਕਹਿੰਦਾ ਹੈ — "ਮੈਨੂੰ ਨਾ ਰੋਕ ਚੰਨੀਏ, ਮੇਰੇ ਪੈਰਾਂ ਵਿਚ ਇਹ ਪਿਆਰ ਦੀਆਂ ਬੇੜੀਆਂ ਨਾ ਪਾ। ਮੈਂ ਬੇਸ਼ੱਕ ਤੇਰਾ ਹਾਂ ਤੇ ਨਾਲੇ ਤੇਰੇ ਇਸ ਬਿਲੂ ਦਾ, ਪਰ ਤੁਸਾਂ ਦੋਹਾਂ ਤੋਂ ਪਹਿਲਾਂ ਮੈਂ ਆਪਣੇ ਦੇਸ਼ ਦਾ ਹਾਂ — ਦੇਸ਼ ਉਤੋਂ ਤੁਹਾਨੂੰ ਵਾਰ ਸਕਦਾ ਹਾਂ, ਪਰ ਤੁਹਾਡੇ ਉਤੋਂ ਦੇਸ਼ ਨੂੰ ਨਹੀਂ।"[126]

ਕੰਵਲ ਦੀ ਕਹਾਣੀ 'ਡਾਕੂ'[127] ਤੇ ਨਿਰਦੋਸ਼ ਬੇਦੀ ਦੀ ਕਹਾਣੀ 'ਚਗਲ ਚੱਟ'[128] ਅਜਿਹੇ ਲੋਕਾਂ ਉਤੇ ਸਰਕਾਰ ਤੇ ਧਨੀ ਸ਼੍ਰੇਣੀ ਵਲੋਂ ਲਾਏ ਜਾਂਦੇ ਦੋਸ਼ਾਂ ਦਾ ਵਿਅੰਗਆਤਮਕ ਚਿਤਰਣ ਕਰਦੀਆਂ ਹਨ ਜਿਹਨਾਂ ਨੇ ਭਾਰਤੀਆਂ ਨੂੰ ਹੱਕ ਇਨਸਾਫ਼ ਦਿਵਾਉਣ ਦਾ ਯਤਨ ਕੀਤਾ। 'ਚਗਲ ਚੱਟ' ਵਿਚ ਮਜ਼ਦੂਰਾਂ ਦਾ ਹੱਕ ਪੂਰਨ ਤੇ ਹੜਤਾਲਾਂ ਕਰਾਣ ਵਾਲੇ ਨਾਇਕ ਤੇ ਨਾਇਕਾ ਨੂੰ ਸਰਮਾਏਦਾਰ ਵਲੋਂ ਧਰਮ-ਭ੍ਰਸ਼ਟ ਕਰਨ, ਦੇਸ਼ ਤਬਾਹ ਕਰਨ, ਕੌਮ-ਨਸ਼ਟ ਕਰਨ ਵਾਲੇ ਕਹਿ ਕੇ ਭੰਡਿਆ ਜਾਂਦਾ ਹੈ ਤੇ ਧਮਕਾਇਆ ਜਾਂਦਾ ਹੈ। ਸੰਤੋਖ ਸਿੰਘ ਧੀਰ ਦੀ ਕਹਾਣੀ 'ਡਾਕੂ'[129] ਵਿਚ ਵੀ ਇਨ੍ਹਾਂ ਲੋਕਾਂ ਨੂੰ ਡਾਕੂ ਕਹਿ ਕੇ ਦਬਾਉਣ ਤੇ ਉਹਨਾਂ ਉਤੇ ਤਸ਼ਦੱਦ ਕਰਨ ਦੀ ਦਾਸਤਾਂ ਹੈ।

---

123. ਸੁਖਬੀਰ —ਡੁੱਬਦਾ ਚੜ੍ਹਦਾ ਸੂਰਜ (1957), ਸਫ਼ਾ 172.
124. ਮਾਸਕ ਪੱਤਰ ਲੋਕ ਸਾਹਿਤ (ਜਨਵਰੀ 1951 ਈ.), ਸਫ਼ਾ 99.
125. ਉਹੀ, (ਜਨਵਰੀ 1952 ਈ.), ਸਫ਼ਾ 28.
126. ਉਹੀ, (ਜਨਵਰੀ 1952 ਈ.), ਸਫ਼ਾ 31.
127. ਜਸਵੰਤ ਸਿੰਘ ਕੰਵਲ — ਜ਼ਿੰਦਗੀ ਦੂਰ ਨਹੀਂ (1955), ਸਫ਼ਾ 39
128. ਮਾਸਕ ਪੱਤਰ ਲੋਕ ਸਾਹਿਤ (ਮਈ 1951 ਈ.), ਸਫ਼ਾ 38.
129. ਮਾਸਕ ਪੱਤਰ ਪ੍ਰੀਤ ਲੜੀ (ਜੁਲਾਈ 1949 ਈ.) ਸਫ਼ਾ 45.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜਿਹੇ ਪ੍ਰਚਾਰ ਦੀ ਸੂਰਤ ਵਿਚ ਹੀਰਾ ਸਿੰਘ ਦਰਦਦੀ ਕਹਾਣੀ 'ਬਦਲਾ'[130] ਦਾ ਇਕ ਪਾਤਰ ਬੜੀ ਨੇਕ ਸਲਾਹ ਦਿੰਦਾ ਹੈ — "ਬੰਦਿਆਂ ਦੇ ਕੰਮ ਵੇਖਣੇ ਚਾਹੀਦੇ ਹਨ, ਨਾਵਾਂ ਵਿਚ ਕੀ ਧਰਿਆ ਹੈ, ਕੋਈ ਕਾਮਰੇਡ ਹੋਵੇ, ਭਾਵੇਂ ਅਕਾਲੀ, ਪੰਡਿਤ ਹੋਵੇ ਜਾਂ ਮੌਲਵੀ ਹੋਵੇ, ਵੇਖਣਾ ਤਾਂ ਇਹ ਹੈ ਕਿ ਉਸ ਦਾ ਅਮਲ ਕੈਸਾ ਹੈ।"

ਇਉਂ ਆਜ਼ਾਦੀ ਤੋਂ ਬਾਅਦ ਵੀ ਪੰਜਾਬੀ ਕਹਾਣੀ ਦੀ ਪ੍ਰਮੁੱਖ ਪ੍ਰਵਿਰਤੀ ਰਾਸ਼ਟਰ ਅਤੇ ਮਨੁੱਖ ਨਾਲ ਪ੍ਰਤੀਬੱਧਤਾ ਦੀ ਰਹੀ ਹੈ। ਪੰਜਾਬੀ ਕਹਾਣੀਕਾਰ ਰਾਸ਼ਟਰ ਦੇ ਗੌਰਵ ਬਾਰੇ ਚੇਤੰਨ ਸਨ, ਪਰ ਨਾਲ ਨਾਲ ਰਾਸ਼ਟਰ ਵਿਚ ਮਨੁੱਖ ਮਾਤਰ ਦੀ ਕੀ ਦਸ਼ਾ ਹੈ, ਇਹ ਦਸ਼ਾ ਬਦਲੇ ਕਿਵੇਂ, ਇਸ ਬਾਰੇ ਵਧੇਰੇ ਫ਼ਿਕਰਮੰਦ ਰਹੇ ਹਨ।

---

130. ਮਾਸਕ ਪੱਤਰ ਫੁਲਵਾੜੀ (ਜਨਵਰੀ 1948 ਈ.), ਸਫ਼ਾ 20.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਖੇਪ ਸਮੀਖਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਖੇਪ ਸਮੀਖਿਆ

ਭਾਰਤ ਵਿਚ ਰਾਸ਼ਟਰਵਾਦੀ ਚੇਤਨਾ ਨੇ ਭਾਰਤੀ ਸਾਹਿਤ ਨੂੰ ਪ੍ਰਭਾਵਤ ਕੀਤਾ। ਆਧੁਨਿਕ ਭਾਰਤੀ ਸਾਹਿਤ ਰਾਸ਼ਟਰਵਾਦੀ ਯੁੱਗ ਵਿਚ ਹੀ ਪੈਦਾ ਹੋਇਆ। ਕੁਝ ਲੋਕਾਂ ਨੇ ਨਵੇਂ ਵਿਚਾਰਾਂ ਦੇ ਪ੍ਰਸਾਰ ਲਈ ਅੰਗਰੇਜ਼ੀ ਭਾਸ਼ਾ ਨੂੰ ਹੀ ਮਾਧਿਅਮ ਬਣਾਇਆ ਪਰ ਬਹੁਤੀਆਂ ਹਾਲਤਾਂ ਵਿਚ ਦੇਸੀ ਭਾਸ਼ਾਵਾਂ ਹੀ ਮਾਧਿਅਮ ਬਣੀਆਂ। ਬੰਗਾਲੀ ਭਾਸ਼ਾ ਵਿਚ ਨਵੀਨ ਸਾਹਿਤ ਰਚਣ ਦੀ ਪਹਿਲ ਹੋਈ। ਹਿੰਦੀ ਅਤੇ ਦੂਜੀਆਂ ਭਾਰਤੀ ਭਾਸ਼ਾਵਾਂ ਵਿਚ ਉਨ੍ਹੀਵੀ ਸਦੀ ਦੇ ਅੰਤ ਵਿਚ ਅਤੇ ਵੀਹਵੀਂ ਸਦੀ ਵਿਚ ਰਾਸ਼ਟਰਵਾਦੀ ਉਭਾਰ ਤੋਂ ਪ੍ਰਭਾਵਤ ਹੋ ਕੇ ਬਹੁਤ ਸਾਰਾ ਸਾਹਿਤ ਰਚਿਆ ਗਿਆ।

ਪੰਜਾਬੀ ਕਹਾਣੀਆਂ 1920 ਤੋਂ 1933 ਤੱਕ ਬੜੀ ਵੱਡੀ ਗਿਣਤੀ ਵਿਚ ਲਿਖੀਆਂ ਗਈਆਂ। ਇਹ ਕਹਾਣੀਆਂ ਨਾਮਧਾਰੀ ਲਹਿਰ, 1914-15 ਦੇ ਗ਼ਦਰ, 1919 ਦੀ ਜਲ੍ਹਿਆਂ ਵਾਲੇ ਬਾਗ ਦੀ ਫ਼ਾਇਰਿੰਗ ਤੇ 1920-24 ਦੀ ਅਕਾਲੀ ਲਹਿਰ ਦੀਆਂ ਘਟਨਾਵਾਂ ਨੂੰ ਵਸਤੂ ਬਣਾਉਂਦੀਆ ਹਨ। ਜਿਨ੍ਹਾਂ ਵਿਚ ਅੰਗਰੇਜ਼ਾਂ ਦੇ ਅਤਿਆਚਾਰ ਤੇ ਪੰਜਾਬੀਆਂ ਦੀ ਕੁਰਬਾਨੀ ਦਾ ਵਰਨਣ ਕੀਤਾ ਮਿਲਦਾ ਹੈ। ਇਸ ਕਿਸਮ ਦੀਆਂ ਸਭ ਤੋਂ ਪਹਿਲੀਆਂ ਕਹਾਣੀਆਂ ਲਾਲ ਸਿੰਘ 'ਕਮਲਾ ਅਕਾਲੀ' ਨੇ ਲਿਖੀਆਂ। ਮੁਣਸ਼ਾ ਸਿੰਘ ਦੁਖੀ, ਧਨੀ ਰਾਮ ਚਾਤ੍ਰਿਕ, ਸਰਦੂਲ ਸਿੰਘ ਕਵੀਸ਼ਰ, ਬਲਵੰਤ ਸਿੰਘ ਪਾਠਕ, ਬਲਵੰਤ ਸਿੰਘ ਚਤਰਥ, ਡਾ. ਸਤਿਆਪਾਲ ਵੀ ਇਨ੍ਹਾਂ ਵਿਸ਼ਿਆਂ ਉਤੇ ਕਹਾਣੀਆਂ ਲਿਖਦੇ ਰਹੇ।

'ਅਛੂਤ ਉਧਾਰ' ਦਾ ਵਿਸ਼ਾ ਲੈ ਕੇ ਵੀ ਕਦੇ ਕਦੇ ਕਹਾਣੀ ਲਿਖੀ ਜਾਂਦੀ ਰਹੀ ਹੈ। ਪ੍ਰੋ: ਗੰਗਾ ਸਿੰਘ ਅਤੇ ਬਲਵੰਤ ਸਿੰਘ ਚਤਰਥ ਦੀਆਂ ਇਸ ਵਿਸ਼ੇ ਉਤੇ ਲਿਖੀਆਂ ਕਹਾਣੀਆਂ ਮਿਲਦੀਆਂ ਹਨ। ਰਾਸ਼ਟਰਵਾਦੀ ਜਾਗਰਤੀ ਦਾ ਇਕ ਹਿੱਸਾ 'ਨਾਰੀ ਉਧਾਰ' ਬਾਰੇ ਚੇਤਨਾ ਹੈ। ਚਰਨ ਸਿੰਘ ਸ਼ਹੀਦ, ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' ਅਤੇ ਸੰਤ ਸਿੰਘ ਸੋਖੋਂ ਇਸਤਰੀ ਦੀ ਸੁਤੰਤਰਤਾ ਦਾ ਸੰਕਲਪ ਪੇਸ਼ ਕਰਦੇ ਹਨ। ਗੁਰਬਖ਼ਸ਼ ਸਿੰਘ 'ਪ੍ਰੀਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੜੀ' ਨੇ 1933 ਈ: ਤੋਂ ਜਾਰੀ ਹੋਈ 'ਪ੍ਰੀਤ ਲੜੀ' ਵਿਚ ਛਪੀਆਂ ਆਪਣੀਆਂ ਕਹਾਣੀਆਂ ਰਾਹੀ ਇਸਤਰੀ ਉਤੇ ਅਤੇ ਪੁਰਖ ਤੇ ਇਸਤਰੀ ਦੇ ਪਿਆਰ ਉਤੇ ਲੱਗੀਆਂ ਮੱਧ-ਕਾਲੀਨ ਬੰਦਸ਼ਾਂ ਦਾ ਵਿਰੋਧ ਸੱਭ ਤੋਂ ਵਧ ਕੀਤਾ।

ਆ ਰਹੇ ਪੱਛਮੀ ਸਭਿਆਚਾਰ ਦੀ ਅੰਨੀ ਨਕਲ ਕਰਨ ਦਾ ਮਖ਼ੌਲ ਉਡਾਂਦੀਆਂ ਕਹਾਣੀਆਂ ਚਰਨ ਸਿੰਘ ਸ਼ਹੀਦ, ਸਰਦੂਲ ਸਿੱਘ ਕਵੀਸ਼ਰ ਅਤੇ ਲਾਲ ਸਿੰਘ 'ਕਮਲਾ ਅਕਾਲੀ' ਨੇ ਲਿਖੀਆਂ।

ਫ਼ਿਰਕੂ ਫ਼ਸਾਦਾਂ ਦਾ ਭਰਪੂਰ ਵਰਨਣ 1947 ਤੇ ਉਸ ਤੋਂ ਪਿਛੋਂ ਦੀਆਂ ਕਹਾਣੀਆਂ ਵਿਚ ਹੀ ਮਿਲਦਾ ਹੈ, ਤਾਂ ਵੀ 1947 ਤੋਂ ਪਹਿਲਾਂ ਵੀ ਕਦੇ ਕਦੇ ਗਿਆਨੀ ਹੀਰਾ ਸਿੰਘ ਦਰਦ, ਸੋਹਨ ਸਿੰਘ ਜੋਸ਼ ਅਤੇ ਸੰਤ ਸਿੰਘ ਸੇਖੋਂ ਮਜ਼ਹਬੀ ਭਿੰਨ-ਭੇਦਾਂ ਨੂੰ ਲੈ ਕੇ ਖਿੱਚੋਤਾਣ ਪੈਦਾ ਕਰਨ ਵਾਲੇ ਅਤੇ ਰਾਸ਼ਟਰ ਨੂੰ ਕਮਜ਼ੋਰ ਕਰਨ ਵਾਲੇ ਲੋਕਾਂ ਉਤੇ ਵਿਅੰਗ ਕਰਦੀਆਂ ਕਹਾਣੀਆਂ ਲਿਖਦੇ ਰਹੇ ਹਨ।

ਭਾਰਤੀ ਸੁਤੰਤਰਤਾ ਸੰਗਰਾਮ ਦੇ ਦੌਰਾਨ ਹੀ, ਸੋਵੀਅਤ ਯੂਨੀਅਨ ਦੀ 1917 ਦੀ ਕ੍ਰਾਂਤੀ ਦੇ ਫਲ-ਸਰੂਪ, ਪੰਜਾਬ ਵਿਚ ਸਮਾਜਵਾਦ ਪੱਖੀ ਸੰਗਠਨ ਹੋਂਦ ਵਿਚ ਆਏ। ਅਰਜਨ ਸਿੰਘ ਗੜਗੱਜ, ਹੀਰਾ ਸਿੰਘ ਦਰਦ, ਡੀ. ਐਸ. ਲਾਇਲਪੁਰੀ, ਸ਼ਾਂਤੀ ਦੇਵੀ ਤੇ ਜੀਵਣ ਆਦਿ ਕਹਾਣੀਕਾਰ ਗ਼ਰੀਬਾਂ ਨਾਲ ਹਮਦਰਦੀ ਜਤਾਉਂਦੀਆਂ ਤੇ ਧਨੀਆਂ ਦਾ ਮਖ਼ੌਲ ਉਡਾਉਂਦੀਆਂ ਸਿੱਧ ਪੱਧਰੀਆਂ ਕਹਾਣੀਆਂ ਰਚਣ ਲੱਗੇ। ਪਰ ਸੰਤ ਸਿੰਘ ਸੇਖੋਂ, ਸੁਜਾਨ ਸਿੰਘ ਅਤੇ ਦੇਵਿੰਦਰ ਸਥਿਆਰਥੀ ਦੇ ਕਹਾਣੀ-ਜਗਤ ਵਿਚ ਪ੍ਰਵੇਸ਼ ਨਾਲ, 1940 ਤੋਂ 1947 ਦੇ ਵਿਚਕਾਰ, ਆਰਥਕ ਲੁੱਟ-ਖਸੁੱਟ ਨਾਲ ਸੰਬੰਧਤ ਕਹਾਣੀਆਂ ਵਧੇਰੇ ਯਥਾਰਥਵਾਦੀ ਰੂਪ ਧਾਰਨ ਕਰਨ ਲੱਗੀਆਂ। ਹੁਣ ਸਮਾਜਵਾਦੀ ਅੰਦੋਲਨਾਂ ਅਤੇ ਸਮਾਜ-ਵਾਦੀ ਕਾਰਕੁਨਾਂ ਦੀ ਚਿੱਤਰਕਾਰੀ ਵੀ ਹੋਣ ਲੱਗ ਪਈ।

ਨਾਮਧਾਰੀ ਲਹਿਰ, ਗ਼ਦਰ ਲਹਿਰ, ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਆਦਿ ਬਾਰੇ ਲਿਖੀਆਂ ਮੁੱਢਲੀਆਂ ਕਹਾਣੀਆਂ ਤੋਂ ਬਾਅਦ, 1920 ਤੋਂ 1947 ਤੱਕ ਚਲਦੇ ਰਹੇ ਸੁਤੰਤਰਤਾ ਸੰਗਰਾਮ ਬਾਰੇ ਲਿਖੀਆਂ ਕਹਾਣੀਆਂ ਵਿਚ ਉਘਾ ਹਿੱਸਾ ਗੁਰਮੁਖ ਸਿੰਘ ਮੁਸਾਫ਼ਰ ਦੀਆਂ ਕਹਾਣੀਆਂ ਦਾ ਹੈ, ਜਿਸ ਨੇ 'ਜੇਲ੍ਹ-ਜੀਵਨ' ਬਾਰੇ ਕਹਾਣੀਆਂ ਸਭ ਤੋਂ ਪਹਿਲਾਂ ਲਿਖੀਆਂ। ਗਿ: ਹੀਰਾ ਸਿੰਘ ਦਰਦ ਤੇ ਸਰਦੂਲ ਸਿੰਘ ਕਵੀਸ਼ਰ ਵੀ ਕਾਂਗਰਸੀ ਸੱਤਿਆ-ਗ੍ਰਹੀਆਂ ਬਾਰੇ, ਕ੍ਰਾਂਤੀਕਾਰੀਆਂ ਬਾਰੇ, ਕੈਦ ਭੁਗਤ ਰਹੇ ਅਖ਼ਲਾਕੀ ਕੈਦੀਆਂ ਬਾਰੇ ਕਹਾਣੀਆਂ ਲਿਖਣੀਆਂ ਜਾਰੀ ਰੱਖਦੇ ਹਨ।

1947 ਦੀ ਵੰਡ ਵੇਲੇ ਹੋਏ ਫ਼ਸਾਦਾਂ ਦੀ ਭਿਆਨਕਤਾ ਨੇ ਪੰਜਾਬੀ ਕਹਾਣੀਕਾਰਾਂ ਨੂੰ ਇੱਨਾ ਪ੍ਰਭਾਵਤ ਕੀਤਾ ਕਿ ਕਈ ਵਰ੍ਹੇ ਇਸ ਵਿਸ਼ੇ ਉਤੇ ਕਹਾਣੀਆਂ ਲਿਖੀਆਂ ਜਾਂਦੀਆਂ ਰਹੀਆਂ ਹਨ। ਸੁਤੰਤਰਤਾ ਦੀ ਪ੍ਰਾਪਤੀ ਦੀ ਖ਼ੁਸ਼ੀ ਪੰਜਾਬੀ ਕਹਾਣੀ ਵਿਚੋਂ ਲੱਗ ਪੱਗ ਅਲੋਪ ਹੈ। ਫ਼ਸਾਦੀਆਂ ਦੀ ਨੀਚਤਾ ਅਤੇ ਪੀੜਤ ਲੋਕਾਂ ਨੂੰ ਫ਼ਸਾਦੀਆਂ ਤੋਂ ਬਚਾਉਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲੇ ਵਿਰਲੇ ਵਿਰਲੇ 'ਮਨੁੱਖਾਂ' ਦਾ ਵਰਨਣ ਕਰਦੀਆਂ ਕਹਾਣੀਆਂ ਸਭ ਤੋਂ ਬਹੁਤੀਆਂ ਕਰਤਾਰ ਸਿੰਘ ਦੁੱਗਲ ਨੇ ਲਿਖੀਆਂ। ਗਿ. ਗੁਰਮੁਖ ਸਿੰਘ ਮੁਸਾਫ਼ਰ, ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ, ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ, ਨਵਤੇਜ ਸਿੰਘ, ਸੰਤੋਖ ਸਿੰਘ ਧੀਰ, ਡਾ: ਸਵਿੰਦਰ ਸਿੰਘ ਉਪੱਲ, ਸੰਤ ਸਿੰਘ ਸੇਖੋਂ, ਮਹਿੰਦਰ ਸਿੰਘ ਸਰਨਾ ਆਦਿ ਲੇਖਕਾਂ ਨੇ ਵੀ ਇਸ ਵਿਸ਼ੇ ਉਤੇ ਕਹਾਣੀਆਂ ਲਿਖੀਆਂ।

ਸੁਤੰਤਰ ਭਾਰਤ ਦੇ ਰਾਜ-ਪ੍ਰਬੰਧ ਤੋਂ ਭਾਰਤੀਆਂ ਨੂੰ ਜੋ ਨਿਰਾਸ਼ਾ ਹੋਈ, ਇਹ 1947 ਤੋਂ ਬਾਅਦ ਦੀ ਪੰਜਾਬੀ ਕਹਾਣੀ ਦਾ ਦੂਜਾ ਮੁਖ ਵਿਸ਼ਾ ਹੈ। ਸ਼ਰਨਾਰਥੀਆਂ ਨਾਲ ਦੁਰ-ਵਿਵਹਾਰ, ਨੇਤਾਵਾਂ ਦੀ ਚਰਿਤਰ-ਹੀਣਤਾ, ਪੁਲਸ ਅਤੇ ਹੋਰ ਸਰਕਾਰੀ ਕਰਮਚਾਰੀਆਂ ਦਾ ਭਰਿਸ਼ਟਾਚਾਰ, ਅਛੂਤ ਲੋਕਾਂ ਨਾਲ ਦੁਰ-ਵਿਵਹਾਰ ਅਤੇ ਪੂੰਜੀਪਤੀਆਂ ਦੀ ਲੁੱਟ ਇਸ ਸਮੇਂ ਦੀ ਕਹਾਣੀ ਦੇ ਵਸਤੂ ਬਣਦੇ ਹਨ।

1947 ਤੋਂ ਪਹਿਲਾਂ ਦੀਆਂ ਦੇਸ਼-ਭਗਤਾਂ ਦੀਆਂ ਕੁਰਬਾਨੀਆਂ ਅਤੇ ਰਾਸ਼ਟਰ ਪ੍ਰੇਮ ਦੀ ਯਾਦ ਤਾਜ਼ਾ ਕਰਨ ਵਾਲੀਆਂ ਕਹਾਣੀਆਂ ਗਿ: ਗੁਰਮੁਖ ਸਿੰਘ ਮੁਸਾਫ਼ਰ, ਸੋਹਨ ਸਿੰਘ ਸੀਤਲ ਅਤੇ ਸੂਬਾ ਸਿੰਘ ਨੇ ਲਿਖੀਆਂ। ਅੰਗਰੇਜ਼ਾਂ ਨੂੰ ਯਾਦ ਕਰੀ ਜਾ ਰਹੇ ਲੋਕਾਂ ਉਤੇ ਵਿਅੰਗ ਕਰਦੀਆਂ ਕਹਾਣੀਆਂ ਵੀ ਕਈ ਕਹਾਣੀਕਾਰਾਂ ਨੇ ਰਚੀਆਂ।

ਪਰ 1947 ਤੋਂ 1960 ਦੀ ਪੰਜਾਬੀ ਕਹਾਣੀ ਦਾ ਪ੍ਰਧਾਨ ਵਸਤੂ ਹੋ ਰਹੀ 'ਆਰਥਕ ਲੁੱਟ' ਅਤੇ ਸਮਾਜਵਾਦੀ ਕ੍ਰਾਂਤੀ ਦੀ ਲੋੜ ਹੈ। ਸੇਖੋਂ ਨੇ ਪਹਿਲਾਂ ਪਹਿਲਾਂ ਕਮਿਊਨਿਸਟ ਪਾਰਟੀ ਦਾ ਇਹ ਵਿਚਾਰ ਵੀ ਕਹਾਣੀਆਂ ਵਿਚ ਪੇਸ਼ ਕੀਤਾ ਕਿ ਭਾਰਤ ਅਜੇ ਸਹੀ ਅਰਥਾਂ ਵਿਚ ਸੁਤੰਤਰ ਨਹੀਂ ਹੋਇਆ। ਸੁਜਾਨ ਸਿੰਘ, ਨਵਤੇਜ ਸਿੰਘ, ਸੁਖਬੀਰ, ਜਸਵੰਤ ਸਿੰਘ ਕੰਵਲ, ਸੁਰਿੰਦਰ ਸਿੰਘ ਨਰੂਲਾ, ਡਾ: ਸਵਿੰਦਰ ਸਿੰਘ ਉੱਪਲ, ਡਾ: ਕਰਤਾਰ ਸਿੰਘ ਸੂਰੀ, ਸੰਤੋਖ ਸਿੰਘ ਧੀਰ ਆਦਿ ਕਹਾਣੀਕਾਰਾਂ ਨੇ ਵੀ ਆਰਥਕ ਲੁੱਟ ਬਾਰੇ ਅਤੇ ਕ੍ਰਾਂਤੀ ਦੀ ਲੋੜ ਬਾਰੇ ਕਹਾਣੀਆਂ ਲਿਖਣੀਆਂ ਜਾਰੀ ਰੱਖੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੋਣਵੀਂ ਪੁਸਤਕ-ਸੂਚੀ

Bibliography

❖ English Books ❖

1. A.R. Desai, Social Background of Indian Nationalism, Popular Book Depot, Bombay, 1948, 3rd Edition, 1950.
2. Anil Seal, The Emergence of Indian Nationalism, Cambridge University Press, 1968.
3. A.S. Sarhadi, Nationalism in India — the Problem, Heritage Publishers, Delhi, 1977.
4. B.N. Pandey (Ed.), The Indian Nationalist Movement (1885-1947), Macmillan, London, 1979.
5. Bipan Chander, The Rise and Growth of Economic Nationalism in India (1880-1905), People's Publishing House, New Delhi, 1966, Reprint 1977.
6. Balraj Madhok, Indian Nationalism, Bharti Sahit Sadan, New Delhi, 1969.
7. Fauja Singh (Dr.), Eminent Freedom Fighters of Punjab, Panjabi University, Patiala, 1972.
8. G.S. Deol, The role of Ghadar Party in National Movement, Sterling Publishers, Delhi, 1969.
9. G. P. Sharma, Nationalism in Indo-Anglian Fiction, Sterling Publishers, Delhi, 1978.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

10. Harmander Singh, **Nationalism after World War II**, Books International, Jullundar, 1966.
11. J. L. Nehru, **An Autobiography**, The Bodey Head, London, 1949.
12. K. R. Minogue, **Nationalism**, B. T. Batsford, London, 1967.
13. Khushwant Singh, **A History of Sikhs (Vol 2)**, Princeton and London, 1963.
14. Louis Fischer, **Gandhi**, The New American Library (U.S.A), 1954.
15. M. P. Kohli (Dr.), **The Influence of the West on Punjabi Literature**, Jain Printing Press, Ambala, 1969.
16. N. M. P. Shrivastava, **Growth of Nationalism in India**, Meenakashi Prakashan, Delhi, 1973.
17. R. C. Majumdar, **An Advanced History of India**, Macmillan, London, 1963.
18. R. C. Majumdar & others, **History of Freedom Movement in India**, (Vol I), Firma K. L. Makhopadhyay, Calcutta, 1963.
19. Sukhbir Chowdry (Dr.), **Growth of Nationalism in India (1857-1918)**, (Vol I), Trimurti Publishers, New Delhi, 1973.
20. S. N. Benerjea, **A Nation in Making**, Oxford University Press, London, 1925.
21. S. L. Malhotra, **Gandhi and the Punjab**, Punjab University, Chandigarh, 1970.
22. S. C. Mittal, **Freedom Movements in India**, Concept Publishing Co., Delhi, 1977.

❖ ਪੰਜਾਬੀ ਪੁਸਤਕਾਂ ❖

23. ਉਪਿੰਦਰ ਨਾਥ ਅਸ਼ਕ, **ਵਾਵਰੋਲੇ**, ਲਾਹੌਰ ਬੁਕ ਸ਼ਾਪ, ਲਾਹੌਰ, 1941.
24. ਅਮਰ ਸਿੰਘ, **ਕਬਰਪੁੱਟ**, ਪੰਜਾਬੀ ਪਬਲਿਸ਼ਰਜ਼, ਜਲੰਧਰ, ਦੂਜਾ ਸੰ: 1955.
25. ਅਜੀਤ ਸੈਣੀ, **ਨਵਾਂ ਪੋਚ**, ਮਨਜੀਤ ਪਬਲਿਸ਼ਰਜ਼, ਜਲੰਧਰ, 1959.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

26. ਸੰਤ ਸਿੰਘ ਸੇਖੋਂ, **ਸਮਾਚਾਰ**, ਲਾਹੌਰ ਬੁਕ ਸ਼ਾਪ, ਲਾਹੌਰ, 1943, ਦੂਜਾ ਸੰ: 1946.
27. ———, **ਕਾਮੇ ਤੇ ਯੋਧੇ**, ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ, 1950, ਦੂਜਾ ਸੰ: 1952.
28. ———, **ਅੱਧੀ ਵਾਟ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1954.
29. ———, **ਬਾਰਾਂਦਰੀ**, ਹਿੰਦ ਪਬਲਿਸ਼ਰਜ਼, ਜਲੰਧਰ, 1956.
30. ਸ਼ਮਸ਼ੇਰ ਸਿੰਘ ਅਸ਼ੋਕ, **ਪੰਜਾਬ ਦੀਆਂ ਲਹਿਰਾਂ (1850-1910)**, ਕਵੀਰਾਜ ਨਾਰਾਇਣ ਸਿੰਘ, ਨਿਆਮਤ ਪੁਰੀ, 1954.
31. ਸੋਹਣ ਸਿੰਘ ਸੀਤਲ, **ਕਦਰਾਂ ਬਦਲ ਗਈਆਂ**, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1959.
32. ਸੰਤੋਖ ਸਿੰਘ ਧੀਰ, **ਸਿੱਟਿਆਂ ਦੀ ਛਾਂ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1950.
33. ਸੂਬਾ ਸਿੰਘ, **ਅੱਗ ਤੇ ਪਾਣੀ**, ਪੰਜਾਬੀ ਪਬਲਿਸ਼ਰਜ਼, ਜਲੰਧਰ, 1960.
34. ਸਵਿੰਦਰ ਸਿੰਘ ਉਪੱਲ, **ਭਰਾ ਭਰਾਵਾਂ ਦੇ**, ਪੰਜਾਬੀ ਪ੍ਰਕਾਸ਼ਨ, ਦਿੱਲੀ, 1958.
35. ———, **ਢਹਿੰਦੇ ਮੁਨਾਰੇ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1954.
36. ———, **ਕੁੜੀ ਪੋਠੋਹਾਰ ਦੀ**, ਨੈਸ਼ਨਲ ਬੁਕ ਸ਼ਾਪ, ਦਿੱਲੀ, 1950.
37. ਸੁਰਿੰਦਰ ਸਿੰਘ ਨਰੂਲਾ, **ਜਗਰਾਤਾ**, ਸਿੱਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1950.
38. ਸੁਖਬੀਰ, **ਡੁੱਬਦਾ ਚੜ੍ਹਦਾ ਸੂਰਜ**, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1957.
39. ਸੋਹਨ ਸਿੰਘ ਜੋਸ਼, **ਅਕਾਲੀ ਮੋਰਚਿਆਂ ਦਾ ਇਤਿਹਾਸ**, ਨਵਯੁਗ ਪਬਲਿਸ਼ਰਜ਼, ਦਿੱਲੀ, 1972.
40. ———, (ਅਨੁ:), **ਆਜ਼ਾਦੀ ਦੇ ਪ੍ਰਵਾਨੇ**, ਪ੍ਰੋਗਰੈਸਿਵ ਪਬਲਿਸ਼ਰਜ਼, ਲਾਹੌਰ, 1944.
41. ਸ. ਸ. ਅਮੋਲ, **ਰੋਂਦੀ ਦੁਨੀਆਂ**, ਲਿਖਾਰੀ ਬੁਕ ਡਿਪੋ, ਅੰਮ੍ਰਿਤਸਰ, 1942.
42. ਸਵਰਾਜ ਸਿੰਘ ਪ੍ਰੀਤ ਤੇ ਸਰੋਜ, **ਨਵੀਂ ਦੁਨੀਆਂ**, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ, 1956.
43. ਸਾਹਿਬ ਸਿੰਘ ਸੇਠੀ, **ਮਣਕੇ**, ਸਿੱਖ ਯੂਨੀਵਰਸਿਟੀ ਪ੍ਰੈਸ, ਲਾਹੌਰ, 1944.
44. ਸੁਰਜੀਤ ਸਿੰਘ ਸੇਠੀ, **ਮਹੀਂਵਾਲ**, ਕਾਸਮੋਪਾਲੀਟਨ ਪਬਲੀਕੇਸ਼ਨਜ਼, ਲਾਹੌਰ, 1946.
45. ———, **ਅੰਗਰੇਜ਼ ਅੰਗਰੇਜ਼ ਸਨ**, ਕੁਲਦੀਪ ਪ੍ਰੈਸ, ਅੰਮ੍ਰਿਤਸਰ, 1957.
46. ਸੁਜਾਨ ਸਿੰਘ, **ਡੇਢ ਆਦਮੀ ਤੇ ਹੋਰ ਕਹਾਣੀਆਂ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1955, ਦੂਜਾ ਸੰ: 1981.
47. ———, **ਸੱਭ ਰੰਗ**, ਹਿੰਦ ਪਬਲਿਸ਼ਰਜ਼, ਜਲੰਧਰ, 1950.
48. ———, **ਮਨੁੱਖ ਤੇ ਪਸ਼ੂ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਦੂਜਾ ਸੰ: 1958.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

49. ਸੁਰਜੀਤ ਕੌਰ ਸਰਨਾ, **ਤੈਂ ਕੀ ਦਰਦ ਨਾ ਆਇਆ**, ਪੰਜਾਬੀ ਪਬਲਿਸ਼ਰਜ਼, ਜਲੰਧਰ, 1959.
50. ਹਰੀ ਸਿੰਘ ਦਿਲਬਰ, **ਮੱਸਿਆ ਦੇ ਦੀਵੇ**, ਲੋਕ ਸਾਹਿਤ ਮੰਦਰ, ਪਟਿਆਲਾ, 1950.
51. ———, **ਕੱਸੀ ਦਾ ਪਾਣੀ**, ਹਿੰਦ ਪਬਲਿਸ਼ਰਜ਼, ਜਲੰਧਰ, 1956.
52. ———, **ਯਾਦਾਂ ਲਾਡਲੀਆਂ**, ਹਿੰਦ ਪਬਲਿਸ਼ਰਜ਼, ਜਲੰਧਰ, 1958.
53. ———, **ਕੂੰਜਾਂ ਉੱਡ ਚਲੀਆਂ**, ਮਹਿੰਦਰ ਆਰਟ ਪ੍ਰੈਸ, ਲੁਧਿਆਣਾ, 1960.
54. ਹਰਚਰਨ ਸਿੰਘ, **ਨਵੀਂ ਸਵੇਰ**, ਪੰਜਾਬੀ ਪ੍ਰਕਾਸ਼ਨ, ਦਿੱਲੀ, 1955.
55. ———, **ਸਿੱਪੀਆਂ**, ਪੰਜਾਬੀ ਪ੍ਰਕਾਸ਼ਨ, ਦਿੱਲੀ 1943, ਦੂਜਾ ਸੰ: 1955.
56. ਹੀਰਾ ਸਿੰਘ ਦਰਦ (ਗਿ.), **ਪੰਜਾਬੀ ਸੱਧਰਾਂ**, ਲਾਹੌਰ ਬੁਕ ਸ਼ਾਪ, ਲਾਹੌਰ, 1940, ਤੀਜਾ ਸੰ: 1950.
57. ਹਰਨਾਮ ਸਿੰਘ ਸ਼ਾਨ (ਸੰ:), **ਨੀਹਾਂ ਤੇ ਮਮਟੀਆਂ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਮਿਤੀਹੀਣ।
58. ਕੁਲਵੰਤ ਸਿੰਘ ਵਿਰਕ, **ਛਾਹ ਵੇਲਾ**, ਹਿੰਦ ਪਬਲਿਸ਼ਰਜ਼, ਜਲੰਧਰ, 1950.
59. ਕਪੂਰ ਸਿੰਘ, **ਸਪਤ ਸ੍ਰਿੰਗ**, ਲਾਹੌਰ ਬੁਕ ਸ਼ਾਪ, ਲੁਧਿਆਣਾ, ਦੂਜਾ ਸੰ: 1958.
60. ਕਰਤਾਰ ਸਿੰਘ ਸੂਰੀ, **ਪ੍ਰਭਾਤ ਕਿਰਨਾਂ**, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1946.
61. ———, **ਪੁਰਾਣਾ ਪਿੰਜਰਾ ਅਤੇ ਹੋਰ ਕਹਾਣੀਆਂ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1959.
62. ਕੇਸਰ ਸਿੰਘ ਆਜਿਜ਼, **ਵਿਲਕਦੀਆਂ ਸੱਧਰਾਂ**, ਹਿੰਦ ਪਬਲਿਸ਼ਰਜ਼, ਜਲੰਧਰ, 1959.
63. ਕਰਤਾਰ ਸਿੰਘ ਦੁੱਗਲ, **ਸਵੇਰ ਸਾਰ**, ਲਾਹੌਰ ਬੁਕ ਸ਼ਾਪ, ਲਾਹੌਰ, 1940.
64. ———, **ਅੱਗ ਖਾਣ ਵਾਲੇ**, ਪ੍ਰੀਤ ਨਗਰ ਸ਼ਾਪ, ਦਿੱਲੀ, 1948.
65. ———, **ਟੋਏ ਟਿੱਬੇ**, ਅਤਰ ਚੰਦ ਕਪੂਰ ਐਂਡ ਸੰਨਜ਼, ਅੰਬਾਲਾ, 1949.
66. ———, **ਨਵਾਂ ਘਰ**, ਸਿੱਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1951.
67. ਕਸ਼ਮੀਰਾ ਸਿੰਘ ਪਾਰਸ, **ਟੁੱਟੇ ਦਿਲ**, ਮੇਹਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1948 ਦੂਜਾ, ਸੰ: 1954.
68. ਕ੍ਰਿਪਾਲ ਕੌਰ ਸਰੋਜ, **ਸਰੋਜ ਕਹਾਣੀਆਂ**, ਗਿ: ਇੰਦਰ ਸਿੰਘ ਗਿੱਲ, ਕੁਆਲਾ-ਲੰਪੁਰ, 1959.
69. ਗੰਡਾ ਸਿੰਘ (ਸੰ.), **ਪੰਜਾਬ (1849-1960)**, ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ, 1962.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

70. ਗੁਰਚਰਨ ਸਿੰਘ ਸਹਿੰਸਰਾ (ਸੰ:), **ਗ਼ਦਰ ਪਾਰਟੀ ਦਾ ਇਤਿਹਾਸ**, ਦੇਸ਼-ਭਗਤ ਪਰਵਾਰ ਕਮੇਟੀ, ਜਲੰਧਰ, 1960.

71. ਗੁਰਚਰਨ ਸਿੰਘ, **ਪੰਜਾਬੀ ਗਲਪ ਦਾ ਇਤਿਹਾਸ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1961.

72. ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ', **ਪ੍ਰੀਤ ਕਹਾਣੀਆਂ**, ਲਾਹੌਰ ਬੁਕ ਸ਼ਾਪ, ਲਾਹੌਰ, 1938, ਪੰਜਵਾਂ ਸੰ: 1961.

73. ———, **ਵੀਣਾ ਵਿਨੋਦ ਤੇ ਹੋਰ ਕਹਾਣੀਆਂ**, ਪ੍ਰੀਤ ਲੜੀ ਪਬਲਿਸ਼ਰਜ਼, ਪ੍ਰੀਤ ਨਗਰ, 1941.

74. ———, **ਸਾਵੀਂ ਪੱਧਰੀ ਜ਼ਿੰਦਗੀ**, ਪ੍ਰੀਤ ਨਗਰ ਸ਼ਾਪ, ਪ੍ਰੀਤ ਨਗਰ, 1943, ਦਸਵਾਂ ਸੰ: 1973.

75. ———, **ਭਾਬੀ ਮੈਨਾ ਤੇ ਹੋਰ ਕਹਾਣੀਆਂ**, ਪ੍ਰੀਤ ਨਗਰ ਸ਼ਾਪ, ਦਿੱਲੀ, 1950, ਛੇਵਾਂ ਸੰ: 1969.

76. ਗੁਰਨਾਮ ਸਿੰਘ ਤੀਰ, **ਅੱਧੀ ਰਾਤ ਦੀਆਂ ਹਾਕਾਂ**, ਕਵੀ ਬੁਕ ਡਿਪੋ, ਮੋਗਾ, 1949.

79. ਗੁਰਵੇਲ ਸਿੰਘ ਪੱਨੂੰ, **ਸੁਪਨਾ ਟੁੱਟਾ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1955.

80. ਗੁਰਮੁੱਖ ਸਿੰਘ ਮੁਸਾਫ਼ਰ (ਗਿ.), **ਵੱਖਰੀ ਦੁਨੀਆਂ**, ਸਿੱਖ ਪਬਲਿਸ਼ਿੰਗ ਹਾਊਸ, ਲਾਹੌਰ, 1945, ਦੂਜਾ ਸੰ: 1946.

81. ———, **ਸੱਤ ਹੱਛਾ**, ਸਿੱਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1954.

82. ———, **ਆਲ੍ਹਣੇ ਦੇ ਬੋਟ**, ਨਵਯੁਗ ਪਬਲਿਸ਼ਰਜ਼, ਦਿੱਲੀ, 1955.

83. ———, **ਕੰਧਾਂ ਬੋਲ ਪਈਆਂ**, ਨਵਯੁਗ ਪਬਲਿਸ਼ਰਜ਼, ਦਿੱਲੀ, 1960.

84. ਗੁਰਮੁਖ ਸਿੰਘ ਜੀਤ, **ਕਾਲੇ ਆਦਮੀ**, ਪੰਜਾਬੀ ਪ੍ਰਕਾਸ਼ਨ, ਨਵੀਂ ਦਿੱਲੀ, 1956.

85. ਚਰਨ ਸਿੰਘ ਸ਼ਹੀਦ, **ਹੱਸਦੇ ਹੰਝੂ**, ਪੰਜਾਬੀ ਟਕਸਾਲ, ਅੰਮ੍ਰਿਤਸਰ, 1933.

86. ਜਸਵੰਤ ਸਿੰਘ ਕੰਵਲ, **ਜ਼ਿੰਦਗੀ ਦੂਰ ਨਹੀਂ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1955.

87. ਜਸਵੰਤ ਸਿੰਘ ਜੱਸ (ਡਾ:), **ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ**, ਨਿਊ ਬੁਕ ਕੰਪਨੀ, ਜਲੰਧਰ, 1965.

88. ਜੈਦੇਵ ਸਿੰਘ ਬਿੰਦਰਾ, **ਖੋਟਾ ਪੈਸਾ ਤੇ ਹੋਰ ਕਹਾਣੀਆਂ**, ਸਿਖ ਪਬਲਿਸ਼ਿੰਗ ਹਾਊਸ, ਨਵੀਂ ਦਿੱਲੀ, 1955.

89. ਜੋਸ਼ਵਾ ਫ਼ਜ਼ਲਦੀਨ, **ਅਦਬੀ ਅਫ਼ਸਾਨੇ**, ਲਾਹੌਰ ਬੁਕ ਸ਼ਾਪ, ਲਾਹੌਰ, 1933.

90. ਤਰਲੋਚਨ ਸਿੰਘ (ਸੰ:), **ਅਨਮੋਲ ਕਹਾਣੀਆਂ**, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1952.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

91. ਦੇਵਿੰਦਰ ਸਤਿਆਰਥੀ, **ਸੋਨਾਗਾਚੀ**, ਸਿਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1950.
92. ਦਲੀਪ ਕੌਰ ਟਿਵਾਣਾ, **ਵੇਦਨਾ**, ਨਿਊ ਬੁਕ ਕੰਪਨੀ, ਜਲੰਧਰ, 1950.
93. ਦਿਲਸ਼ਾਦ ਕਵੀ, **ਅਛੂਤ ਕੁਮਾਰੀ ਤੇ ਹੋਰ ਕਹਾਣੀਆਂ**, ਕ੍ਰਿਪਾਲ ਸਿੰਘ ਬਲਬੀਰ ਸਿੰਘ, ਅੰਮ੍ਰਿਤਸਰ, ਦੂਜਾ ਸੰ: 1946.
94. ਨਵਤੇਜ ਸਿੰਘ, **ਕੋਟ ਤੇ ਮਨੁੱਖ**, ਪੰਜਾਬੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਮਿਤੀਹੀਣ।
95. ———, **ਦੇਸ਼ ਵਾਪਸੀ**, ਪੰਜਾਬੀ ਪਬਲਿਸ਼ਰਜ਼, ਜਲੰਧਰ, 1955.
96. ਨਿਰੰਜਨ ਸਿੰਘ (ਪ੍ਰਿੰ:), **ਜੀਵਨ ਵਿਕਾਸ**, ਨਵਯੁਗ ਪਬਲਿਸ਼ਰਜ਼, ਦਿੱਲੀ, 1970.
97. ———, **ਜੀਵਨ ਯਾਤਰਾ ਮਾਸਟਰ ਤਾਰਾ ਸਿੰਘ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1968.
98. ਨਾਹਰ ਸਿੰਘ (ਗਿ:), **ਆਜ਼ਾਦੀ ਦੀਆਂ ਲਹਿਰਾਂ (1901-1960)**, ਪ੍ਰਕਾਸ਼ਕ ਅਗਿਆਤ, 1960.
99. ਧੰਧੀ ਨਨਕਾਣਵੀ, **ਮਨੁੱਖਤਾ ਰੋਂਦੀ ਰਹੀ**, ਜਨਤਕ ਪ੍ਰੈਸ, ਦਿੱਲੀ, 1958.
100. ਪ੍ਰੀਤਮ ਸਿੰਘ ਪੰਛੀ, **ਨੰਗੀਆਂ ਕਬਰਾਂ**, ਕੌਮੀ ਕਿਤਾਬ ਘਰ, ਜਲੰਧਰ, 1949.
101. ———. **ਡਾਕ ਪੱਥਰ**, ਨਵਯੁਗ ਪਬਲਿਸ਼ਰਜ਼, ਦਿੱਲੀ, 1954.
102. ———, (ਅਨੁ:), **ਲਾਲ ਕਹਾਣੀਆਂ**, ਮਾਡਰਨ ਪਬਲੀਕੇਸ਼ਨ, ਲਾਹੌਰ, 1943.
103. ਪਿਆਰਾ ਸਿੰਘ ਪਦਮ, **ਕਲਮ ਦੇ ਧਨੀ (ਭਾਗ ਦੂਜਾ)**, ਸਰਦਾਰ ਸਾਹਿਤ ਭਵਨ, ਪਟਿਆਲਾ, 1965.
104. ਬਲਵੰਤ ਸਿੰਘ ਚਤਰਥ, **ਰਣਜੀਤ ਕਹਾਣੀਆਂ**, ਲਾਹੌਰ ਬੁਕ ਸ਼ਾਪ, ਲਾਹੌਰ, 1943, ਚੌਥੀ ਵਾਰ 1955.
105. ਬੀਰ ਸਿੰਘ (ਪ੍ਰੋ:), **ਮੁਲਕ ਮਾਹੀ ਦਾ ਵੱਸੇ**, ਸਿੰਘ ਬ੍ਰਦਰਜ਼, ਲਾਹੌਰ, 1944.
106. ਮੋਹਨ ਸਿੰਘ ਦੀਵਾਨਾ, **ਦੇਵਿੰਦਰ ਬਤੀਸੀ**, ਪ੍ਰੇਮ ਸਾਹਿਤ ਨਕੇਤਨ, ਦਿੱਲੀ, 1950.
107. ——— (ਸੰ:), **ਰੰਗ ਤਮਾਸ਼ੇ**, ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ, 1951.
108. ਮੋਹਨ ਸਿੰਘ ਓਬਰਾ (ਸੰ:), **ਉਤਮ ਕਹਾਣੀਆਂ**, ਦੇਵੀ ਦਾਸ ਜਾਨਕੀ ਦਾਸ, ਲਾਹੌਰ, 1938.
109. ਮਹਿੰਦਰ ਸਿੰਘ ਸਰਨਾ, **ਪੱਥਰ ਦੇ ਆਦਮੀ**, ਸਿਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, 1950.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

110. ਮਹਿੰਦਰ ਸਿੰਘ (ਸੰ:), **ਨਵੀਂ ਸਾਂਝ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1950.
111. ਰਾਜ ਸ਼ਰਮਾ, **ਤ੍ਰੇੜਾਂ**, ਨੀਰਜਾ ਪ੍ਰਕਾਸ਼ਨ, ਲੁਧਿਆਣਾ, 1958, ਦੂਜਾ ਸੰ: 1960.
112. ———, **ਆਦਰਾਂ ਦਾ ਸਾਕ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1951.
113. ਲੋਚਨ ਸਿੰਘ ਬਖ਼ਸ਼ੀ, **ਵਰ ਤੇ ਸਰਾਪ**, ਨਿਊ ਬੁਕ ਕੰਪਨੀ, ਜਲੰਧਰ, 1954.
114. ਵਿਸ਼ਵਾਮਿੱਤਰ ਉਪਾਧਿਆਏ, **ਭਾਰਤੀ ਆਜ਼ਾਦੀ ਦੀ ਲਹਿਰ ਤੇ ਰੂਸੀ ਇਨਕਲਾਬ**, ਨਵਯੁਗ ਪਬਲਿਸ਼ਰਜ਼, ਦਿੱਲੀ, 1980.

❖ ਪੰਜਾਬੀ ਮਾਸਕ ਪੱਤਰ ❖

1. **ਪੰਜਾਬੀ ਸੂਰਮਾ** — 15 ਮਾਰਚ 1912 ਈ.।
2. **ਪ੍ਰੀਤ ਲੜੀ** — ਅਗਸਤ 1945, ਮਈ 1948, ਜੁਲਾਈ 1949, ਦਸੰਬਰ 1945.
3. **ਪ੍ਰੀਤਮ** — 16 ਫ਼ਰਵਰੀ 1923, ਸਾਲਾਨਾ ਨੰਬਰ-ਸੰਨ 1932, ਦਸੰਬਰ 1935, ਫ਼ਰਵਰੀ 1939, ਸਾਲਾਨਾ ਨੰਬਰ-1958 ਈ.।
4. **ਪੰਜ ਦਰਿਆ** — ਸਤੰਬਰ 1939, ਦਸੰਬਰ 1939 ਈ.।
5. **ਕਹਾਣੀ** — ਜੁਲਾਈ 1954 ਈ.।
6. **ਕਿਰਤੀ** — ਜਨਵਰੀ 1928, ਫ਼ਰਵਰੀ 1928, ਫ਼ਰਵਰੀ 1929 ਈ.।
7. **ਫੁਲਵਾੜੀ** — ਨਵੰਬਰ 1924, ਨਵੰਬਰ 1926, ਦਸਮੇਸ਼ ਅੰਕ-ਸੰਨ 1929, ਵੈਸਾਖ 1982 ਸੰਮਤ, ਮੱਘਰ-ਪੋਹ 1984 ਸੰਮਤ, ਅਪ੍ਰੈਲ 1931, ਕੱਤਕ-ਮੱਘਰ 1990 ਸੰਮਤ, ਸਾਵਣ-ਭਾਦੋਂ 1991 ਸੰਮਤ, ਮੱਘਰ-ਪੋਹ 1991 ਸੰਮਤ, ਫੱਗਣ-ਚੇਤਰ 1991 ਸੰਮਤ, ਬਲੀਦਾਨ ਅੰਕ-ਪੋਹ 1991 ਸੰਮਤ।
8. **ਲੋਕ ਸਾਹਿਤ** — ਜਨਵਰੀ 1950, ਜਨਵਰੀ 1951, ਜੂਨ 1951, ਮਾਰਚ 1951, ਮਈ 1951, ਅਕਤੂਬਰ 1951, ਜਨਵਰੀ 1952 ਈ.।
9. **ਨਵੀਆਂ ਕੀਮਤਾਂ** — ਜਨਵਰੀ, ਮਾਰਚ, ਅਗਸਤ, ਸਤੰਬਰ ਸੰਨ 1949 ਈ.।

772

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

LIBRARY
14/6/83
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

maj Foundation Ch

पंचमी कथानक दर्शनदर्पण

ई. 2002 में

ain. Gurukul Kangri